ਗਿਆਨ-ਵਿਗਿਆਨ ਅਤੇ ਚਿੰਤਨ ਦੀ ਆਵਾਜ਼

# ਤਰਕਸ਼ੀਲ

# TARKSHEEL

ਮਾਰਚ-ਅਪ੍ਰੈਲ 2019



ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦਾ ਸ਼ਹੀਦੀ ਦਿਨ (10)



ਸੱਤਾਧਾਰੀਆਂ ਅਤੇ ਬਾਬਿਆਂ ਦਾ ਗੱਠਜੋੜ (8)



ਪ੍ਰਾਰਥਨਾਵਾਂ, ਸਮਾਧੀਆਂ ਅਤੇ ਪੂਜਾ (4)



## ਅਸੀਂ ਚੁੱਪ ਕਿਉਂ ਹਾਂ?

...ਅਮੋਲ ਪਾਲੇਕਰ (28)

₹20

'ਬਲਦਾ ਰਹੁ ਤਰਕ ਦੇ ਦੀਵਿਆ, ਤੂੰ ਅਗਿਆਨ ਮਿਟਾਉਣਾ, ਲੋਅ ਪਸਰੇ ਵਿਗਿਆਨ ਦੀ, ਤੂੰ ਰਾਹ ਰੁਸ਼ਨਾਉਣਾ।'

# ਦਰਦਨਾਮਾ



ਗੁਰਭਜਨ ਗਿੱਲ
98726 31199

ਬੀਤਿਆ ਦਿਵਸ
ਮੁਬਾਰਕ ਨਹੀਂ ਸੀ
ਰੱਤ ਭਿੱਜਿਆ ਸੀ
ਟੁਕੜੇ ਟੁਕੜੇ ਬੋਟੀ ਬੋਟੀ
ਫ਼ਰਜ਼ ਪਏ ਸੀ ਸੜਕ ਵਿਚਾਲੇ
ਟੁੱਟੇ ਦੀਵੇ ਖਿੱਲਰੇ
ਆਸ ਉਮੀਦਾਂ ਵਾਲੇ
ਗਰਜਾਂ ਖ਼ਾਤਰ ਕੱਚਿਆਂ ਵਿਹੜਿਆਂ
ਪੁੱਤਰ ਘੱਲੇ ਕਰਨ ਕਮਾਈਆਂ
ਇਹ ਕਿਉਂ ਘਰ ਨੂੰ ਲਾਸ਼ਾਂ ਆਈਆਂ
ਚਿੱਟੀਆਂ ਚੁੰਨੀਆਂ ਦੇਣ ਦੁਹਾਈਆਂ
ਮੇਰੇ ਹੱਥ ਵਿੱਚ
ਅਮਨ ਦਾ ਪਰਚਮ
ਸੱਚ ਪੁੱਛੋ ਤਾਂ ਡੋਲ ਰਿਹਾ ਹੈ
ਜ਼ਹਿਰੀ ਨਾਗ ਖੜੱਪਾ ਜਾਗਿਆ
ਅੰਦਰ ਸੀ ਬੈਠਾ ਜਿਹੜਾ
ਮਸਾਂ ਸੰਵਾਇਆ ਸੀ ਮੈਂ ਇਸ ਨੂੰ
ਜਾਗ ਪਿਆ ਵਿੱਸ ਘੋਲ ਰਿਹਾ ਹੈ
ਇਹ ਜ਼ਹਿਰੀ ਕਿਉਂ ਮਰਦਾ ਨਹੀਂ ਹੈ
ਹੱਦਾਂ ਤੇ ਸਰਹੱਦਾਂ
ਆਦਮਖਾਣੀਆਂ ਡੈਣਾਂ
ਜਿੱਸਰਾਂ ਜੰਗ ਤੇ ਗੁਰਬਤ
ਦੋਵੇਂ ਸਕੀਆਂ ਭੈਣਾਂ
ਵਾਰ ਵਾਰ ਇਹ ਖੇਡਣ ਹੋਲੀ
ਕੁਰਸੀ ਤੇ ਕਲਜੋਗਣ ਬੋਲਣ
ਇੱਕ ਹੀ ਬੋਲੀ
ਸਿੱਧੇ ਮੂੰਹ ਨਾ ਦੇਂਦੀਆਂ ਉੱਤਰ
ਖਾ ਚੱਲੀਆਂ ਨੇ ਸਾਡੇ ਪੁੱਤਰ
ਲਾਸ਼ ਲਪੇਟਣ ਦੇ ਕੰਮ ਲੱਗੇ
ਕੌਮੀ ਝੰਡੇ
ਹੁਕਮ ਹਕੂਮਤ ਖਾਣ ਚ ਰੁੱਝੇ
ਹਲਵੇ ਮੰਡੇ
ਹੇ ਧਰਤੀ ਦੇ ਪੁੱਤਰੋ ਧੀਓ
ਆਦਮ ਜਾਇਓ!
ਕੁੱਲ ਆਲਮ ਨੂੰ
ਵੈਣਾਂ ਵਿਚਲਾ ਦਰਦ ਸੁਣਾਇਓ
ਤੇ ਸਮਝਾਇਓ
ਰਾਵੀ ਤੇ ਜੇਹਲਮ ਦਾ ਪਾਣੀ
ਅੱਕ ਚੁਕਿਆ ਸੁਣ ਦਰਦ ਕਹਾਣੀ
ਏਧਰ ਓਧਰ
ਲਾਸ਼ਾਂ ਦੇ ਅੰਬਾਰ ਨਾ ਲਾਓ
ਨਫ਼ਰਤ ਦੀ ਅੱਗ
ਸਦਾ ਫੂਕਦੀ ਸੁਪਨੇ ਸੂਹੇ
ਚੁੱਲ੍ਹਿਆਂ ਅੰਦਰ ਬੀਜੇ ਘਾਹ
ਕਰਦੀ ਬੰਦ ਬੂਹੇ
ਇਹ ਮਾਰੂ ਹਥਿਆਰ ਪਾੜਦੇ
ਸਾਡੇ ਬਸਤੇ
ਬੰਬ ਬੰਦੂਕਾਂ ਖਾ ਚੱਲੀਆਂ ਨੇ
ਪਿਆਰ ਚੁਰਸਤੇ
ਮਿੱਧਣ ਸੁਰਖ਼ ਗੁਲਾਬ
ਨਾ ਸਮਝਣ ਹਾਥੀ ਮਸਤੇ
ਹੇ ਵਣਜਾਰਿਓ! ਲਾਸ਼ਾਂ ਵਾਲਿਓ
ਅੱਖੋਂ ਕਾਲੀ ਐਨਕ ਲਾਹੋ
ਕਿਵੇਂ ਦੁਹੱਥੜੀਂ ਪਿੱਟਣ
ਮਾਵਾਂ, ਭੈਣਾਂ ਧੀਆਂ
ਸੁੱਕਣੇ ਪਾਇਆ ਸਭਨਾਂ ਜੀਆਂ
ਤਿੜਕ ਰਹੇ ਰੰਗ ਰੱਤੜੇ ਚੂੜੇ
ਸਣੇ ਕਲੀਰੇ
ਕਿਵੇਂ ਤਿਰੰਗੇ ਦੇ ਵਿੱਚ ਲਿਪਟੇ
ਸੁੱਤੇ ਨੀਂਦ ਸਦੀਵੀ
ਜਿਹੜੀ ਭੈਣ ਦੇ ਵੀਰੇ
ਸਰਹੱਦਾਂ ਉਰਵਾਰ ਪਾਰ
ਇਹ ਹੋਕਾ ਲਾਓ
ਧਰਮ, ਜ਼ਾਤ ਦੇ ਪਟੇ ਉਤਾਰੋ
ਬਰਖ਼ੁਰਦਾਰੋ,
ਆਪਣੀ ਹੋਣੀ ਆਪ ਸੰਵਾਰੋ
ਅੰਨ੍ਹੇ ਬੋਲ਼ੇ ਤਖ਼ਤ ਤਾਜ ਨੂੰ
ਆਖ ਸੁਣਾਓ
ਸ਼ਮਸ਼ਾਨਾਂ ਦੀ ਬਲਦੀ ਮਿੱਟੀ
ਕੂਕ ਪੁਕਾਰੇ
ਧਰਤੀ ਨੂੰ ਨਾ
ਲੰਮ ਸਲੰਮੀ ਕਬਰ ਬਣਾਓ
ਹੋਸ਼ ਚ ਆਓ!
ਬਾਗ ਉਜਾੜਨ ਵਾਲਿਓ ਸੋਚੋ!
ਬੱਚਿਆਂ ਦੇ ਮੂੰਹ ਚੂਰੀ ਦੀ ਥਾਂ
ਬਲ਼ਦੇ ਸੁਰਖ਼ ਅੰਗਾਰ ਨਾ ਪਾਓ।

## ਅਲਵਿਦਾ ਆਰ. ਪੀ. ਗਾਂਧੀ



ਤਰਕਸ਼ੀਲਤਾ ਨੂੰ ਪ੍ਰਣਾਏ, ਸੰਘਰਸ਼ਾਂ ਦੇ ਮੋਹਰੀ, ਲੇਖਕ ਤੇ ਚਿੰਤਕ ਆਰ. ਪੀ. ਗਾਂਧੀ ਜੀ 91 ਸਾਲ ਦੀ ਜ਼ਿੰਦਗੀ ਜਿਉਂ ਕੇ ਸਦਾ ਲਈ ਸਾਥੋਂ ਵਿਛੜ ਗਏ ਹਨ। ਅਦਾਰਾ ਉਹਨਾਂ ਵੱਲੋਂ ਕੌਮੀ ਤਰਕਸ਼ੀਲ ਲਹਿਰ ਲਈ ਜੁਟਾਏ ਸੁਹਿਰਦ ਯਤਨਾਂ ਨੂੰ ਸਿਜਦਾ ਕਰਦਾ ਹੈ।

**ਤਰਕਸ਼ੀਲ ਸੁਸਾਇਟੀ ਪੰਜਾਬ ਦੇ ਕੈਲੰਡਰ (2019) 'ਤੇ ਛਪੀ ਕਵਿਤਾ ਦਾ ਲੇਖਕ ਸਾਬਰ ਅਲੀ ਸਾਬਰ ਹੈ। ਜਿਹੜਾ ਕਿ ਗਲਤੀ ਨਾਲ ਅਫਜ਼ਲ ਸਾਹਿਰ ਗਲਤੀ ਨਾਲ ਛਪ ਗਿਆ ਸੀ।**

ਕਿਸੇ ਦਰਸ਼ਨ, ਕਿਸੇ ਧਰਮ ਨੇ ਦੁਨੀਆਂ ਨੂੰ ਏਨਾ ਖੁਸ਼ ਗਵਾਰ ਸੁਨੇਹਾ ਨਹੀਂ ਦਿੱਤਾ ਜਿੰਨਾ ਨਾਸਤਿਕਤਾ ਦੀ ਖੁਸ਼ਖਬਰੀ ਨੇ ਦਿੱਤਾ ਹੈ। *ਐਨੀ ਵੁੱਡ ਬਸੰਤ*


**ਮੁੱਖ ਸੰਪਾਦਕ**
ਬਲਬੀਰ ਲੌਂਗੋਵਾਲ
98153 17028

**ਸੰਪਾਦਕੀ ਬੋਰਡ**
ਹੇਮ ਰਾਜ ਸਟੈਨੋ
98769 53561
ਰਾਮ ਸਵਰਨ ਲੱਖੇਵਾਲੀ
94173 62085
ਜਸਵੰਤ ਮੋਹਾਲੀ
98555 30721
ਪਾਲ ਬਾਗਪੁਰ
94173 13738

**ਮੁੱਖ ਸੰਪਾਦਕ**
balbirlongowal1966
@gmail.com

**ਮੁੱਖ ਪ੍ਰਬੰਧਕ**
ਸੁਖਵਿੰਦਰ ਬਾਗਪੁਰ, 94174 27538

**ਸਰਵਰਕ** : ਹਰਪ੍ਰੀਤ 'ਰੂਬੀ'

**ਵਿਦੇਸ਼ੀ ਪ੍ਰਤੀਨਿਧ**
ਅਵਤਾਰ ਗਿੱਲ, ਕੈਨੇਡਾ
ਨਵਦੀਪ, ਲੈਸਟਰ (ਯੂ. ਕੇ.)
ਮਾ. ਭਜਨ ਸਿੰਘ ਕੈਨੇਡਾ
ਬਲਦੇਵ ਰਹਿਪਾ, ਟਰਾਂਟੋ

**ਸਲਾਨਾ:** 100 ਰੁਪਏ
**ਵਿਦੇਸ਼:** 25 ਯੂ. ਐਸ. ਡਾਲਰ

ਚੰਦੇ ਤੇ ਸਹਾਇਤਾ ਦੇ ਚੈੱਕ/ਡਰਾਫਟ ਉੱਪਰ 'ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)' ਲਿਖਿਆ ਜਾਵੇ। ਆਨ ਲਾਈਨ ਪੰਜਾਬ ਨੈਸ਼ਨਲ ਬੈਂਕ ਦਾ ਖਾਤਾ ਨੰ. 0044000100282234

**ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :**
ਮੁੱਖ ਦਫਤਰ,
ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ
ਤਰਕਸ਼ੀਲ ਚੌਕ, ਬਰਨਾਲਾ-148101 (ਪੰਜਾਬ)
ਫੋਨ : 01679-241466

ਰਜਿੰਦਰ ਭਦੌੜ ਪ੍ਰਿੰਟਰ, ਪ੍ਰਕਾਸ਼ਕ ਅਤੇ ਮਾਲਕ ਤਰਫ਼ੋਂ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਨੇ ਅੱਪੂ ਆਰਟ ਪ੍ਰੈੱਸ ਸ਼ਾਹਕੋਟ (ਜਲੰਧਰ) ਤੋਂ ਛਪਵਾ ਕੇ ਮੁੱਖ ਦਫਤਰ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਬਰਨਾਲਾ ਪੰਜਾਬ ਤੋਂ ਜਾਰੀ ਕੀਤਾ।

## ਤਤਕਰਾ


1. ਸੰਪਾਦਕੀ........................ 1
2. ਡੇਰਾ ਸਿਰਸਾ ਮੁਖੀ ਨੂੰ ਉਮਰਕੈਦ ........................ 2
3. ਪ੍ਰਾਰਥਨਾਵਾਂ, ਸਮਾਧੀਆਂ ਅਤੇ ਪੂਜਾ ...................... 4
4. ਮਨੋਰੋਗ ਮਾਹਿਰ ਦੀ ਕਲਮ ਤੋਂ ...................... 6
5. ਸੱਤਾਧਾਰੀਆਂ ਅਤੇ ਬਾਬਿਆਂ ਦਾ ਗੱਠਜੋੜ ....... 8
6. ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦਾ ਸ਼ਹੀਦੀ ਦਿਨ ..... 10
7. ਸਾਡੇ ਵੱਡ-ਵਡੇਰੇ ............ 14
8. ਭਾਰਤੀ ਵਿਗਿਆਨ ਕਾਂਗਰਸ ...................... 17
9. ਖਬਰ ਹੈ ਕਿ .................. 19
10. ਖੋਜ਼ ਖਬਰ ...................... 20
11. ਨਾਸਤਿਕ ਹਾਂ ਕਿਉਂਕਿ ........ 21
12. ਤਰਕਸ਼ੀਲਤਾ-ਮਨੁੱਖ ਦਾ ਕੁਦਰਤੀ ਗੁਣ ................. 23
13. ਪੈੜਾਂ ..................... 26-27
14. ਅਸੀਂ ਚੁੱਪ ਕਿਉਂ ਹਾਂ ........... 28
15. ਦੋ ਦ੍ਰਿਸ਼ਟੀਕੋਣ ................ 30
16. ਬਾਲ ਪੰਨਾ ...................... 32
17. ਬੋਲ ਸਦੀਵੀ .................. 33
18. ਹੱਡ-ਬੀਤੀ ..................... 34
19. ਕੇਸ ਰਿਪੋਰਟ .................. 35
20. ਚਾਨਣ ਦੇ ਹਰਕਾਰੇ .......... 37
21. ਮਹਾਂਰਾਸ਼ਟਰ ਦੌਰੇ ਦੇ ਸਬਕ ..... 38
22. ਪੂਨਾ ਸਨਮਾਨ ਸਮਾਰੋਹ ....... 39
23. ਆਰਥਿਕ ਸਹਾਇਤਾ .......... 41
24. ਪ੍ਰਤੀਕਰਮ ..................... 43
25. ਪੇਸ਼ਕਦਮੀਆਂ ................ 44
26. ਕ੍ਰਿਸ਼ਨ ਬਰਗਾੜੀ ਯਾਦਗਾਰੀ ਸਮਾਗਮ .......... 49
27. ਫੀਰਾ ਦੀ ਕੌਮੀ ਕਾਨਫਰੰਸ .... 51
28. ਆਖਰੀ ਪੰਨਾ .................. 52



**ਕੰਪੋਜ਼ਿੰਗ : ਨਿਗਮ ਖਾਨ, ਲੌਂਗੋਵਾਲ**

ਇਹ ਮੈਗਜ਼ੀਨ ਡਾਇਰੈਕਟਰ ਸਿੱਖਿਆ ਵਿਭਾਗ, ਪੰਜਾਬ ਦੇ ਹੁਕਮ ਨੰਬਰ 4-93 ਆਡੀਟਰ ਪੰਜਾਬ (ਚੰਡੀਗੜ੍ਹ) ਮਿਤੀ 17 ਜਨਵਰੀ 1994 ਅਧੀਨ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨ ਹੈ।


# ਸੰਪਾਦਕੀ

ਪੁਲਵਾਮਾ ਵਿੱਚ ਇੱਕ ਦਹਿਸ਼ਤਗਰਦੀ ਹਮਲੇ 'ਚ ਮਾਰੇ ਗਏ ਚਾਲੀ ਸੀ.ਆਰ.ਪੀ.ਐਫ. ਜਵਾਨਾਂ ਦੀ ਮੌਤ ਦੀ ਖ਼ਬਰ ਬਹੁਤ ਦੁਖਦਾਇਕ ਹੈ। ਪੂਰੇ ਭਾਰਤ ਨੂੰ ਇਸ ਘਟਨਾ ਨੇ ਝੰਜੋੜਿਆ ਹੈ ਅਤੇ ਇਹ ਕਾਰਾ ਕਰਨ ਵਾਲਿਆਂ ਦੀ ਜਿੰਨੀ ਵੀ ਨਿੰਦਾ ਕੀਤੀ ਜਾਵੇ, ਉਹ ਥੋੜ੍ਹੀ ਹੈ। ਇਹ ਸਾਰੇ ਮ੍ਰਿਤਕ ਜਵਾਨ ਕਿਰਤੀ ਸ਼੍ਰੇਣੀ - ਨਿਮਨ, ਮੱਧ ਵਰਗੀ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ, ਦੁਕਾਨਦਾਰਾਂ ਆਦਿ ਦੇ ਬੱਚੇ ਸਨ। ਕਿਸੇ ਵੱਡੇ ਅਰਬਪਤੀ ਸਿਆਸੀ ਆਗੂ ਜਾਂ ਕਾਰਪੋਰੇਟ ਦਾ ਬੱਚਾ ਕਦੇ ਫੌਜ ਵਿੱਚ ਸੈਨਿਕ ਭਰਤੀ ਨਹੀਂ ਹੁੰਦਾ। ਪੇਟ ਦੀ ਲੋੜ ਸਾਡੇ ਬੱਚਿਆਂ ਨੂੰ ਇਸ ਅੱਗ 'ਚ ਕੁੱਦਣ ਲਈ ਮਜਬੂਰ ਕਰਦੀ ਹੈ ਜਿੱਥੇ ਦੇਸ਼ ਦੀ ਅਖੌਤੀ ਸੁਰੱਖਿਆ ਦੇ ਨਾਮ ਥੱਲੇ ਹਮੇਸ਼ਾ ਉਹਨਾਂ 'ਤੇ ਮੌਤ ਮੰਡਰਾਉਂਦੀ ਰਹਿੰਦੀ ਹੈ। ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਮਿਲਣੀਆਂ ਅਤਿ ਜ਼ਰੂਰੀ ਹਨ ਪਰ ਉਹ ਸਜ਼ਾਵਾਂ ਸਿਰਫ਼ ਦੋਸ਼ੀਆਂ ਨੂੰ ਹੀ ਮਿਲਣ ਇਹ ਵੀ ਜ਼ਰੂਰੀ ਹੈ। ਇਸ ਅਤਿ ਦੁਖਾਂਤਕ ਘਟਨਾ ਦੀ ਆੜ ਵਿੱਚ ਆਪਣੇ ਸਿਆਸੀ ਮਨਸੂਬਿਆਂ ਲਈ ਕਿਸੇ ਵਿਸ਼ੇਸ ਧਰਮ, ਕਿਸੇ ਵਿਸ਼ੇਸ ਫਿਰਕੇ, ਕਿਸੇ ਵਿਸ਼ੇਸ ਖਿੱਤੇ ਦੇ ਖਿਲਾਫ਼ ਜ਼ਹਿਰੀਲਾ ਪ੍ਰਚਾਰ ਵੀ ਦੇਸ਼ ਦੇ ਹਿਤ ਵਿੱਚ ਨਹੀਂ। ਸੱਤਾ 'ਤੇ ਕਾਬਜ਼ ਸਿਆਸੀ ਪਾਰਟੀਆਂ ਵੱਲੋਂ ਹਰ ਚੰਗੀ-ਮਾੜੀ ਘਟਨਾ ਨੂੰ ਸਹੀ ਪਰਿਪੇਖ ਵਿੱਚ ਵੇਖਣ ਦੀ ਥਾਂ ਸਿਰਫ਼ ਆਪਣੇ ਸਿਆਸੀ ਉਦੇਸ਼ਾਂ ਅਨੁਸਾਰ ਆਪਣੇ ਹਿਤਾਂ ਅਨੁਕੂਲ ਢਾਲ ਕੇ ਪੇਸ਼ ਕਰਨਾ, ਪ੍ਰਚਾਰਨਾ, ਲੋਕਾਂ ਨੂੰ ਉਕਸਾਉਣਾ ਇਸ ਵੇਲੇ ਭਾਰਤ ਵਿੱਚ ਸਿਖਰਾਂ 'ਤੇ ਹੈ। ਪੁਲਵਾਮਾ ਦੀ ਘਟਨਾ ਤੋਂ ਬਾਅਦ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਪੜ੍ਹਦੇ ਕਸ਼ਮੀਰੀ ਵਿਦਿਆਰਥੀਆਂ ਦਾ ਜਿਵੇਂ ਫਾਸ਼ੀਵਾਦੀ ਤਾਕਤਾਂ ਵੱਲੋਂ ਜੀਣਾ ਦੁੱਭਰ ਕੀਤਾ ਗਿਆ ਹੈ, ਉਹ ਭਾਰਤ ਦੀ ਅਖੌਤੀ ਜਮਹੂਰੀਅਤ 'ਤੇ ਇੱਕ ਵੱਡਾ ਪ੍ਰਸ਼ਨ ਚਿੰਨ੍ਹ ਹੈ। ਦੇਸ਼ ਨੂੰ ਇੱਕ ਫਿਰਕੂ ਜੰਗ ਵਿੱਚ ਇਨ੍ਹਾਂ ਤਾਕਤਾਂ ਵੱਲੋਂ ਝੋਕਿਆ ਜਾ ਰਿਹਾ ਹੈ। ਅਖੌਤੀ ਰਾਸ਼ਟਰਵਾਦ ਦੇ ਨਾਮ ਥੱਲੇ ਅੱਜ ਦੇਸ਼ ਵਿੱਚ ਧਾਰਮਿਕ ਘੱਟ ਗਿਣਤੀਆਂ, ਬੁੱਧੀਜੀਵੀਆਂ, ਸੰਘਰਸ਼ਸ਼ੀਲ ਲੋਕਾਂ ਦਾ ਜੀਣਾ ਮੁਹਾਲ ਕੀਤਾ ਹੋਇਆ ਹੈ। ਸੱਤਾ ਦੀ ਛਤਰੀ ਫਿਰਕੂ ਸੰਗਠਨਾਂ ਵੱਲੋਂ ਲਗਾਤਾਰ ਕਈ ਦਹਾਕਿਆਂ ਤੋਂ ਇਹ ਫਿਰਕੂ ਪ੍ਰਚਾਰ ਵਿਉਂਤਬਧ ਢੰਗ ਨਾਲ ਕੀਤਾ ਜਾ ਰਿਹਾ ਹੈ। ਗਊ ਰੱਖਿਆ, ਮੰਦਿਰ ਉਸਾਰੀ, ਧਰਮ ਆਦਿ ਦੇ ਨਾਮ 'ਤੇ ਇਹ ਸਿਆਸਤ ਕੀਤੀ ਜਾ ਰਹੀ ਹੈ। ਪਿਛਲੇ ਦਿਨੀਂ ਗਊ ਦੇ ਮੁੱਦੇ 'ਤੇ ਇੱਕ ਦਿੱਤੇ ਬਿਆਨ ਕਾਰਣ ਪ੍ਰਸਿੱਧ ਭਾਰਤੀ ਫਿਲਮ ਅਦਾਕਾਰ ਨਸੀਰੂਦੀਨ ਸ਼ਾਹ ਨੂੰ ਜਾਨੋਂ ਮਾਰ ਦੇਣ, ਉਸ ਦੇ ਬੱਚਿਆਂ ਨੂੰ ਮਾਰ ਦੇਣ ਤੱਕ ਦੀਆਂ ਧਮਕੀਆਂ ਦਾ ਸਾਹਮਣਾ ਕਰਨਾ ਪਿਆ ਹੈ। ਉਸ ਨੇ ਇਹੀ ਕਿਹਾ ਸੀ ਕਿ ਗਊ ਜਿੰਨ੍ਹਾਂ ਹੀ ਮਹੱਤਵ ਇੱਕ ਮਨੁੱਖੀ ਮੌਤ ਨੂੰ ਵੀ ਦੇਣਾ ਬਣਦਾ ਹੈ। ਉੱਤਰ ਪ੍ਰਦੇਸ਼ ਦੇ ਭਾਜਪਾ ਮੁਖੀ ਨੇ ਤਾਂ ਉਸ ਨੂੰ ਪਾਕਿਸਤਾਨੀ ਏਜੰਟ ਤੱਕ ਗਰਦਾਨ ਦਿੱਤਾ। ਜਿਹੜੇ ਲੋਕ ਫਿਰਕੂ ਹਿੰਸਾ ਨੂੰ ਉਤਸ਼ਾਹਤ ਕਰਦੇ ਹਨ, ਉਹਨਾਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ ਅਤੇ ਜਿਹੜੇ ਲੋਕ ਜਨਤਕ ਮੁੱਦਿਆਂ 'ਤੇ ਅਵਾਮ ਨੂੰ ਜਾਗ੍ਰਿਤ ਕਰਦੇ ਹਨ, ਉਨ੍ਹਾਂ ਨੂੰ ਜੇਲ੍ਹ ਦੀਆਂ ਸਲਾਖਾਂ ਪਿੱਛੇ ਡੱਕ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਦੇ ਵਰਤਾਰੇ ਨਾਲ ਲੋਕਾਂ ਦਾ ਧਿਆਨ ਉਨ੍ਹਾਂ ਦੇ ਮੁਢਲੇ ਆਰਥਿਕ, ਸਮਾਜਿਕ ਮੁੱਦਿਆਂ ਵੱਲ ਨਹੀਂ ਜਾਂਦਾ। ਦੇਸ਼ ਵਿੱਚ ਹਾਸ਼ੀਏ ਤੋਂ ਬਾਹਰ ਧੱਕੇ ਲੋਕਾਂ ਦੀ ਗੱਲ ਕਰਨ ਵਾਲੇ ਅੱਜ ਦੇਸ਼-ਧ੍ਰੋਹੀ ਐਲਾਨੇ ਜਾ ਰਹੇ ਹਨ। ਅਸਹਿਮਤੀ ਅਤੇ ਦੇਸ਼ ਧ੍ਰੋਹ ਵਿੱਚ ਬਹੁਤ ਫ਼ਰਕ ਹੁੰਦਾ ਹੈ। ਅਸਹਿਮਤੀ ਦੀਆਂ ਆਵਾਜ਼ਾਂ ਨੂੰ ਦਬਾਉਣਾ ਲੋਕਤੰਤਰ ਲਈ ਉਸਾਰੂ ਚਿੰਨ੍ਹ ਨਹੀਂ।

*'ਬਾਬਿਆਂ' ਦੇ ਕਾਲੇ ਕਾਰਨਾਮੇ*

# ਡੇਰਾ ਸਿਰਸਾ ਮੁਖੀ ਨੂੰ ਉਮਰ ਕੈਦ

ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ, ਕ੍ਰਿਸ਼ਨ ਲਾਲ, ਨਿਰਮਲ ਸਿੰਘ ਅਤੇ ਕੁਲਦੀਪ ਸਿੰਘ ਨੂੰ 17 ਜਨਵਰੀ 2019 ਨੂੰ ਪੰਚਕੂਲਾ ਸਥਿਤ ਸੀ.ਬੀ.ਆਈ. ਦੀ ਵਿਸ਼ੇਸ ਅਦਾਲਤ ਵੱਲੋਂ ਪੱਤਰਕਾਰ ਰਾਮ ਚੰਦਰ ਛਤਰਪਤੀ ਕਤਲ ਕੇਸ ਵਿੱਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਇਨ੍ਹਾਂ ਦੋਸ਼ੀਆਂ ਨੂੰ 50-50 ਹਜ਼ਾਰ ਰੁਪਏ ਜੁਰਮਾਨਾ ਵੀ ਕੀਤਾ ਗਿਆ ਹੈ। ਸਾਧਵੀਆਂ ਦੇ ਸਰੀਰਕ ਸ਼ੋਸਣ ਦੇ ਕੇਸ ਵਿੱਚ ਸਜ਼ਾ ਯਾਫਤਾ ਗੁਰਮੀਤ ਰਾਮ ਰਹੀਮ, ਜੋ ਪਹਿਲਾਂ ਹੀ ਉਸ ਕੇਸ ਵਿੱਚ 20 ਸਾਲਾਂ ਦੀ ਮਿਲੀ ਸਜ਼ਾ ਰੋਹਤਕ ਦੀ ਸੁਨਾਰੀਆ ਜੇਲ੍ਹ ਵਿੱਚ ਕੱਟ ਰਿਹਾ ਹੈ, ਦੀ ਇਹ ਉਮਰ ਕੈਦ ਉਸ ਸਜ਼ਾ ਦੇ ਪੂਰੀ ਹੋਣ ਮਗਰੋਂ ਸ਼ੁਰੂ ਹੋਵੇਗੀ। 16 ਸਾਲ ਪੁਰਾਣੇ ਕਤਲ ਦੇ ਇਸ ਕੇਸ ਵਿੱਚ ਚਾਰੇ ਮੁਜਰਮਾਂ ਨੂੰ ਆਈ.ਪੀ.ਸੀ. ਦੀ ਧਾਰਾ 302 ਅਤੇ 120 ਬੀ ਤਹਿਤ ਦੋਸ਼ੀ ਠਹਿਰਾਇਆ ਗਿਆ ਹੈ। ਨਿਰਮਲ ਸਿੰਘ ਤੇ ਕ੍ਰਿਸ਼ਨ ਲਾਲ ਲਈ ਆਰਮਜ ਐਕਟ ਦੀ ਧਾਰਾ 25 ਤੇ 29 ਵੀ ਜੋੜੀ ਗਈ ਹੈ।

**16 ਸਾਲਾਂ ਮਗਰੋਂ ਮਿਲਿਆ ਇਨਸਾਫ**

*ਫੈਸਲੇ 'ਤੇ ਪ੍ਰਤੀਕਿਰਿਆ ਜ਼ਾਹਰ ਕਰਦਿਆਂ ਪੱਤਰਕਾਰ ਰਾਮ ਚੰਦਰ ਛਤਰਪਤੀ ਦੇ ਬੇਟੇ ਅੰਸ਼ੁਲ ਛਤਰਪਤੀ ਨੇ ਕਿਹਾ ਕਿ ਉਸ ਨੇ ਇੱਕ ਤਾਕਤਵਰ ਦੁਸ਼ਮਣ ਦੇ ਖਿਲਾਫ਼ ਲੜਾਈ ਲੜੀ ਹੈ। 16 ਸਾਲਾਂ ਬਾਅਦ ਸਾਨੂੰ ਇਨਸਾਫ ਮਿਲਿਆ ਹੈ। ਛਤਰਪਤੀ ਦੀ ਧੀ ਸ਼੍ਰੇਅਸੀ ਨੇ ਕਿਹਾ ਕਿ ਉਸਦਾ ਭਰਾ ਅੰਸ਼ੁਲ ਇਨਸਾਫ ਹਾਸਲ ਕਰਨ ਲਈ ਨਾ ਥੱਕਿਆ ਹੈ ਅਤੇ ਨਾ ਡਰਿਆ ਹੈ।*

ਸਿਰਸਾ ਦੇ ਪੱਤਰਕਾਰ ਰਾਮ ਚੰਦਰ ਛਤਰਪਤੀ ਉੱਤੇ ਇਹ ਜਾਨਲੇਵਾ ਹਮਲਾ 24 ਅਕਤੂਬਰ 2002 ਨੂੰ ਹੋਇਆ ਸੀ। 21 ਨਵੰਬਰ 2002 ਨੂੰ ਦਿੱਲੀ ਦੇ ਅਪੋਲੋ ਹਸਪਤਾਲ ਵਿੱਚ ਉਸਦੀ ਮੌਤ ਹੋ ਗਈ ਸੀ। ਪੱਤਰਕਾਰ ਛਤਰਪਤੀ ਨੇ ਸਾਧਵੀਆਂ ਦੇ ਜਿਨਸੀ ਸ਼ੋਸਣ ਸੰਬੰਧੀ ਆਪਣੇ ਅਖ਼ਬਾਰ 'ਪੂਰਾ ਸੱਚ' ਵਿੱਚ ਪਹਿਲਾਂ ਖ਼ਬਰ ਛਾਪੀ ਅਤੇ ਫਿਰ ਸਾਧਵੀਆਂ ਦੀ ਚਿੱਠੀ ਵੀ ਛਾਪੀ। ਉਸ ਨੇ ਡੇਰੇ ਵਿੱਚ ਹੁੰਦੇ ਕੁਕਰਮਾਂ ਦਾ ਪਰਦਾਫਾਸ ਕੀਤਾ ਸੀ। ਇਸ ਤੋਂ ਮਗਰੋਂ ਡੇਰਾ 'ਸੱਚਾ ਸੌਦਾ' ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੇ ਆਪਣੇ ਬੰਦਿਆਂ ਰਾਹੀਂ ਪੱਤਰਕਾਰ ਛਤਰਪਤੀ ਨੂੰ ਧਮਕੀਆਂ ਦਿੱਤੀਆਂ ਅਤੇ ਡੇਰੇ ਵਿੱਚ ਆ ਕੇ ਮੁਆਫੀ ਮੰਗਣ ਲਈ ਕਿਹਾ। ਜਦੋਂ ਛਤਰਪਤੀ ਧਮਕੀਆਂ ਨਾਲ ਨਾ ਝੁਕਿਆ ਤਾਂ ਉਸ ਨੇ ਛਤਰਪਤੀ ਦਾ ਕਤਲ ਕਰਵਾ ਦਿੱਤਾ। ਆਪਣੇ ਪਿਤਾ ਦੀ ਦੁਖਦਾਈ ਮੌਤ ਤੋਂ ਬਾਅਦ ਛਤਰਪਤੀ ਦੇ ਪੁੱਤਰ ਅੰਸ਼ੁਲ ਛਤਰਪਤੀ ਨੇ ਹਾਰ ਨਾ ਮੰਨੀ। ਉਸ ਨੇ ਹਰਿਆਣਾ ਦੇ ਤਤਕਾਲੀ ਮੁੱਖ ਮੰਤਰੀ ਤੋਂ ਇਸ ਕੇਸ ਦੀ ਸੀ.ਬੀ.ਆਈ. ਜਾਂਚ ਦੀ ਮੰਗ ਕੀਤੀ। ਕੁੱਝ ਵੀ ਨਾ ਹੋਣ 'ਤੇ ਉਸ ਨੇ ਜਨਵਰੀ 2003 ਵਿੱਚ ਹਾਈ ਕੋਰਟ ਵਿੱਚ ਰਿੱਟ ਦਾਇਰ ਕਰਕੇ ਸੀ.ਬੀ.ਆਈ. ਜਾਂਚ ਦੀ ਮੰਗ ਕੀਤੀ। 10 ਨਵੰਬਰ 2003 ਨੂੰ ਹਾਈ ਕੋਰਟ ਨੇ ਸੀ.ਬੀ.ਆਈ. ਨੂੰ ਐਫ.ਆਈ.ਆਰ. ਦਰਜ ਕਰਕੇ ਜਾਂਚ ਕਰਨ ਦੇ ਹੁਕਮ ਕੀਤੇ। ਇਸ ਤਰ੍ਹਾਂ ਸੀ.ਬੀ.ਆਈ. ਜਾਂਚ ਸ਼ੁਰੂ ਹੋਈ। ਡੇਰੇ ਵੱਲੋਂ ਸੀ.ਬੀ.ਆਈ. ਜਾਂਚ ਰੋਕਣ ਲਈ ਸੁਪਰੀਮ ਕੋਰਟ ਵਿੱਚ ਰਿੱਟ ਦਾਇਰ ਕੀਤੀ ਗਈ ਜੋ ਖਾਰਜ ਹੋ ਗਈ। ਬਹੁਤ ਸਾਰੇ ਸਿਆਸੀ ਆਗੂਆਂ ਨੇ ਵੀ ਸੀ.ਬੀ.ਆਈ. ਜਾਂਚ ਦਾ ਵਿਰੋਧ ਕੀਤਾ ਸੀ। ਰਾਮ ਰਹੀਮ ਸਿੰਘ ਦਾ ਅਸਰ ਰਸੂਖ ਅਤੇ ਸਿਆਸੀ ਨੇੜਤਾ ਇੰਨੀ ਜ਼ਿਆਦਾ ਸੀ ਕਿ ਤਫ਼ਤੀਸ਼ ਬਹੁਤ ਦੇਰ ਤੱਕ ਧੀਮੀ ਰਫਤਾਰ ਨਾਲ ਚੱਲੀ। ਪੱਤਰਕਾਰਾਂ ਅਤੇ ਹੋਰ ਲੋਕ ਪੱਖੀ ਜਥੇਬੰਦੀਆਂ, ਹੱਕ-ਸੱਚ 'ਤੇ ਪਹਿਰਾ ਦੇਣ ਵਾਲੇ ਲੋਕਾਂ ਨੇ ਇਸ ਕਤਲ ਵਿਰੁੱਧ ਆਵਾਜ਼ ਉਠਾ ਕੇ ਜਾਂਚ ਛੇਤੀ ਪੂਰੀ ਕਰਨ ਦੀ ਮੰਗ ਕੀਤੀ ਜਿਸਦੇ ਨਤੀਜੇ ਵਜੋਂ ਸੀ.ਬੀ.ਆਈ. ਨੇ ਰਣਜੀਤ ਕਤਲ ਕੇਸ (ਜੋ ਅਜੇ ਅਦਾਲਤ ਵਿੱਚ ਸੁਣਵਾਈ ਅਧੀਨ ਹੈ) ਅਤੇ ਪੱਤਰਕਾਰ ਰਾਮ ਚੰਦਰ ਛਤਰਪਤੀ ਕਤਲ ਕੇਸ ਦੀ ਜਾਂਚ ਕਰਕੇ ਡੇਰਾ ਮੁਖੀ ਅਤੇ ਹੋਰਨਾਂ ਨੂੰ ਮੁਲਜ਼ਮ ਬਣਾਇਆ। ਇਸ ਕੇਸ ਵਿੱਚ ਸੀ.ਬੀ.ਆਈ. ਵੱਲੋਂ 46 ਗਵਾਹੀਆਂ ਪੇਸ਼ ਕੀਤੀਆਂ ਗਈਆਂ ਹਨ।



ਪਿਛਲੇ ਕਈ ਦਹਾਕਿਆਂ ਦੌਰਾਨ ਹਿੰਦੋਸਤਾਨ ਦੇ ਵੱਖ-ਵੱਖ ਹਿੱਸਿਆਂ ਵਿੱਚ ਵੱਖ-ਵੱਖ ਧਰਮਾਂ ਨਾਲ ਸਬੰਧਤ ਡੇਰਿਆਂ ਤੇ ਆਸ਼ਰਮਾਂ ਪ੍ਰਤੀ ਲੋਕਾਂ ਦੀ ਸ਼ਰਧਾ ਬਹੁਤ ਵਧੀ ਹੈ। ਅਸਾਵੇਂ ਆਰਥਿਕ ਵਿਕਾਸ, ਗਰੀਬੀ, ਬੇਰੁਜ਼ਗਾਰੀ, ਰਿਸ਼ਵਤਖੋਰੀ ਤੇ ਕੁਨਬਾਪਰਵਰੀ ਆਦਿ ਤੋਂ ਦੁਖੀ ਹੋਏ ਲੋਕਾਂ ਨੂੰ ਲੱਗਦਾ ਹੈ ਕਿ ਸੰਸਥਾਗਤ ਧਾਰਮਿਕ ਸਥਾਨਾਂ 'ਤੇ ਵੀ ਸੱਤਾਧਾਰੀ ਲੋਕਾਂ ਦਾ ਹੀ ਗ਼ਲਬਾ ਹੈ ਅਤੇ ਇਨ੍ਹਾਂ ਤੋਂ ਬਾਹਰ ਬੈਠੇ ਸਿਰਫ਼ 'ਬਾਬੇ' ਹੀ ਉਨ੍ਹਾਂ

ਦੀ ਵੇਦਨਾ ਜਾਣ ਸਕਦੇ ਹਨ। ਕਈ ਧਾਰਮਿਕ ਸਥਾਨਾਂ ’ਤੇ ਸਨਾਤਨੀ ਸੰਸਕਾਰਾਂ ਦੀ ਪਕੜ ਹੈ ਵੀ ਏਨੀ ਜ਼ਿਆਦਾ ਕਿ ਲੋਕ ਉੱਥੇ ਜਾਣ ਦੀ ਬਜਾਇ ਡੇਰਿਆਂ ਵਿੱਚ ਜਾਣਾ ਪਸੰਦ ਕਰਦੇ ਹਨ। ਜ਼ਿੰਦਗੀ ਤੋਂ ਸਤਾਏ ਲੋਕ ਇਨ੍ਹਾਂ ਬਾਬਿਆਂ ਨੂੰ ‘ਈਸ਼ਵਰ’ ਤੋਂ ਵਰਸੋਏ ਹੋਏ ਸਮਝਦੇ ਹਨ ਤੇ ਇਹ ਬਾਬੇ ਅਜਿਹਾ ਤਲਿੱਸਮ ਰਚਦੇ ਹਨ ਕਿ ਲੋਕ ਕੀਲੇ ਜਾਂਦੇ ਹਨ। ਦੂਸਰੇ ਪਾਸੇ ਡੇਰਾ ਮੁਖੀਆਂ ਨੇ ਆਪਣੇ ਸ਼ਰਧਾਲੂਆਂ ਦੀ ਸ਼ਰਧਾ ਦਾ ਨਾਜਾਇਜ਼ ਫ਼ਾਇਦਾ ਉਠਾਇਆ, ਔਰਤਾਂ ਤੇ ਬੱਚਿਆਂ ਨਾਲ ਕੁਕਰਮ ਕੀਤੇ, ਅਥਾਹ ਪੈਸਾ ਜਮ੍ਹਾਂ ਕੀਤਾ ਤੇ ਵਿਰੋਧ ਕਰਨ ਵਾਲਿਆਂ ਨੂੰ ਕਤਲ ਕਰਨ ਤੱਕ ਗਏ। ਅਜਿਹੇ ਕਈ ‘ਸਵਾਮੀ’, ‘ਪਿਤਾ ਜੀ’, ‘ਬਾਪੂ’ ਅਤੇ ‘ਡੇਰੇਦਾਰ’ ਇਸ ਵੇਲੇ ਜੇਲ੍ਹ ਵਿੱਚ ਹਨ।

‘ਸੱਚਾ ਸੌਦਾ’ ਡੇਰੇ ਦੀ ਕਹਾਣੀ ਵੀ ਅਜਿਹੇ ਡੇਰਾ ਮੁਖੀ ਦੀ ਕਹਾਣੀ ਹੈ ਜਿਸ ਨੇ ਆਪਣੇ ਸ਼ਰਧਾਲੂਆਂ ਦਾ ਲਗਾਤਾਰ ਸ਼ੋਸ਼ਣ ਕੀਤਾ। ਗੁਰਮੀਤ ਰਾਮ ਰਹੀਮ ਸਿੰਘ ਪਹਿਲਾਂ ਹੀ ਆਪਣੀਆਂ ਦੋ ਸ਼ਰਧਾਲੂ ਲੜਕੀਆਂ ਨਾਲ ਜਬਰ ਜਨਾਹ ਕਰਨ ਦੇ ਮਾਮਲੇ ਵਿੱਚ 20 ਸਾਲ ਦੀ ਸਜ਼ਾ ਭੁਗਤ ਰਿਹਾ ਹੈ। ਉਸ ਨੇ ਹੈਰਾਨ ਕਰ ਦੇਣ ਵਾਲੀ ਤੇਜ਼ੀ ਨਾਲ ਲੋਕਾਂ ਦੇ ਮਨਾਂ ਉੱਤੇ ਅਸਰ ਪਾਇਆ। ਉਸ ਨੇ ਕੁੱਝ ਡੇਰਾ ਪ੍ਰੇਮੀਆਂ ਦੀ ਸਹਾਇਤਾ ਕਰਨ, ਸਿਹਤ ਸਬੰਧੀ ਅਤੇ ਦੂਸਰੀਆਂ ਸਹੂਲਤਾਂ ਦੇਣ ਦਾ ਢੌਂਗ ਕੀਤਾ ਪਰ ਦੂਸਰੇ ਪਾਸੇ ਉਸ ਨੇ ਆਪਣੀ ਊਰਜਾ ਪੈਸਾ ਤੇ ਤਾਕਤ ਇਕੱਠੇ ਕਰਨ ਵੱਲ ਲਗਾਈ। ਭਾਵੇਂ ਕਈ ਵਾਰ ਉਹਦੇ ਤੇ ਉਸ ਦੇ ਡੇਰੇ ਬਾਰੇ ਕਈ ਕਹਾਣੀਆਂ ਸੁਣਨ ਨੂੰ ਮਿਲੀਆਂ ਪਰ ਸ਼ਰਧਾ ਤੇ ਤਾਕਤ ਦੀ ਮਿਲਵੀਂ ਸ਼ਕਤੀ ਨਾਲ ਉਨ੍ਹਾਂ ਨੂੰ ਦਬਾਅ ਦਿੱਤਾ ਗਿਆ। ਉਸ ਦਾ ਜਾਦੂ ਲੋਕਾਂ ਦੇ ਸਿਰ ਚੜ੍ਹ ਕੇ ਬੋਲਿਆ ਤੇ ਵੱਖ-ਵੱਖ ਪਾਰਟੀਆਂ ਦੇ ਸਿਆਸੀ ਆਗੂ ਵੋਟਾਂ ਹਾਸਲ ਕਰਨ ਲਈ ਉਸ ਦੇ ਡੇਰੇ ’ਤੇ ਜਾਂਦੇ ਰਹੇ। ਏਹੀ ਨਹੀਂ, ਜਦ ਡੇਰਾ ਮੁਖੀ ਵਿਰੁੱਧ ਖੁੱਲ੍ਹੇਆਮ ਦੋਸ਼ ਲੱਗਣ ਲੱਗ ਪਏ ਤਾਂ ਵੀ ਵੱਡੇ-ਵੱਡੇ ਨੇਤਾਵਾਂ ਨੇ ਡੇਰਾ ਮੁਖੀ ਦੇ ਸਾਹਮਣੇ ਜਾ ਕੇ ਸਿਰ ਝੁਕਾਇਆ ਅਤੇ ਉਸ ਤੋਂ ਸਿਆਸੀ ਸਹਾਇਤਾ ਮੰਗੀ। ਉਸ ਨਾਲ ਵਧਾਈ ਸਾਂਝ ਕਾਰਨ ਕਈ ਸਿਆਸਤਦਾਨਾਂ ਨੂੰ ਲੋਕਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਪਰ ਵੋਟਾਂ ਦਾ ਲਾਲਚ ਉਨ੍ਹਾਂ ਨੂੰ ਦੁਬਾਰਾ ਡੇਰਾ ਮੁਖੀ ਦੇ ‘ਦੁਆਰੇ’ ਤੱਕ ਲੈ ਜਾਂਦਾ ਰਿਹਾ।

ਇਸੇ ਤਰ੍ਹਾਂ ਇਸ ਕੇਸ ਵਿੱਚ ਵੀ ਨਿਆਂ ਪ੍ਰਾਪਤ ਕਰਨਾ ਕੋਈ ਆਸਾਨ ਕੰਮ ਨਹੀਂ ਸੀ। ਸਭ ਤੋਂ ਪਹਿਲਾਂ ਤਾਂ ਰਾਮ ਚੰਦਰ ਛਤਰਪਤੀ ਨੂੰ ਹੀ ਸਲਾਮ ਕਰਨਾ ਬਣਦਾ ਹੈ ਜਿਸ ਨੇ ਸਿਰਸੇ ਵਿੱਚ ਰਹਿੰਦਿਆਂ ਡੇਰੇ ਵਿਰੁੱਧ ਆਵਾਜ਼ ਬੁਲੰਦ ਕੀਤੀ। ਉਸ ਦੇ ਪਰਿਵਾਰ ਦੇ ਮੈਂਬਰਾਂ ਨੇ ਵੱਡੀ ਹਿੰਮਤ ਦਿਖਾਈ ਤੇ 16 ਸਾਲ ਲਗਾਤਾਰ ਪੈਰਵੀ ਕਰਕੇ ਕੇਸ ਲੜਿਆ ਹੈ। ਪੱਤਰਕਾਰਾਂ, ਸਿਆਸੀ ਕਾਰਕੁੰਨਾਂ, ਤਰਕਸ਼ੀਲਾਂ ਤੇ ਨਾਮੀਂ ਵਕੀਲਾਂ ਨੇ ਇਸ ਸੰਘਰਸ਼ ਵਿੱਚ ਹਿੱਸਾ ਪਾਇਆ। ਡੇਰਾ ਮੁਖੀ ਕੋਲ ਜਿਸ ਤਰ੍ਹਾਂ

*...ਬਾਕੀ ਪੰਨਾ 9 ’ਤੇ*

**ਹੁਣ ਕਾਤਲ ਸੌਂ ਨਹੀਂ ਪਾਵੇਗਾ**

ਉਸ ਰਾਤ ਕੋਈ ਵੀ ਨਹੀਂ ਸੁੱਤਾ ਸੀ
ਨਾ ਘਰ ਬੈਠੇ ਅਸੀਂ
ਨਾ ਆਈ.ਸੀ.ਯੂ. ਦੇ ਬਾਹਰ ਚਿੰਤਤ ਖੜ੍ਹੀ ਮਾਂ।
ਉਸ ਰਾਤ ਤੋਂ ਬਾਅਦ ਅਸੀਂ ਕਈ ਦਿਨ ਨਹੀਂ ਸੁੱਤੇ
ਪਾਪਾ ਦੀ ਘਰ ਵਾਪਸੀ ਦੇ ਇੰਤਜ਼ਾਰ ਵਿੱਚ।
ਅਤੇ ਫਿਰ ਪਾਪਾ ਮੁੜ ਆਏ
ਉਸੇ ਕਫਨ ਵਿੱਚ ਲਿਪਟੇ ਹੋਏ,
ਜੋ ਬੜੇ ਜੁਨੂੰਨ ਦੇ ਨਾਲ
ਉਨ੍ਹਾਂ ਨੇ ਆਪਣੇ ਸਾਥ ਰੱਖਿਆ ਸੀ ਹਮੇਸ਼ਾ।
ਅਤੇ ਫਿਰ ਉਸ ਕਫਨ ਵਿੱਚ ਲਿਪਟੇ ਫੁੱਲਾਂ ਨੇ
ਕਦੀ ਵੀ ਸੌਣ ਨਹੀਂ ਦਿੱਤਾ ਸਾਨੂੰ
ਉਨ੍ਹਾਂ ਰਾਤਾਂ ’ਚ
ਅਸੀਂ ਹੀ ਨਹੀਂ ਜਾਗੇ ਸੀ ਇਕੱਲੇ
ਛੱਤਰਪਤੀ ਵੀ ਜਾਗੇ ਸੀ ਸਾਡੇ ਨਾਲ।
ਅਤੇ ਕਹਿੰਦੇ ਰਹੇ
ਸੌਂ ਮੱਤ ਜਾਣਾ
ਮੇਰੇ ਚੈਨ ਨਾਲ ਸੌਂ ਜਾਣ ਤੱਕ।
ਉਹ ਕਹਿੰਦੇ ਰਹੇ
ਸੌਂ ਮੱਤ ਜਾਣਾ
ਕਾਤਲ ਦੇ ਸਲਾਖਾਂ ਪਿੱਛੇ ਜਾਣ ਤੱਕ।
ਹੁਣ ਪਾਪਾ ਚੈਨ ਨਾਲ ਸੌਂ ਰਹੇ ਹਨ
ਅਤੇ ਜੇਲ੍ਹ ਦੇ ਹਨੇਰ੍ਹੇ ਵਿੱਚ
ਜਾਗ ਰਿਹਾ ਹੈ ਕਾਤਲ।
ਅੱਜ ਰਾਤ ਕਾਤਲ ਸੌਂ ਨਹੀਂ ਪਾਵੇਗਾ
ਛੱਤਰਪਤੀ ਦਾ ਕਫਨ
ਉਸ ਦੇ ਗਲ ਦਾ ਫੰਦਾ ਬਣ
ਹਰ ਝਪਕੀ ’ਚ
ਉਸ ਨੂੰ ਅਚਾਨਕ
ਜਗਾਵੇਗਾ, ਡਰਾਵੇਗਾ, ਰੁਲਾਵੇਗਾ।
ਹਾਂ! ਕਾਤਲ ਹੁਣ
ਕਦੀ ਸੌਂ ਨਹੀਂ ਪਾਵੇਗਾ।



**- ਸ਼੍ਰੇਅਸੀ ਛੱਤਰਪਤੀ**
**(ਬੇਟੀ ‘ਰਾਮ ਚੰਦਰ ਛਤਰਪਤੀ’)**

*ਯਾਦ ਕਰਦਿਆਂ*

# ਪ੍ਰਾਰਥਨਾਵਾਂ, ਸਮਾਧੀਆਂ ਅਤੇ ਪੂਜਾ

**ਡਾ. ਅਬਰਾਹਮ ਟੀ. ਕਾਵੂਰ**

ਇੰਗਲੈਂਡ ਵਿੱਚ ਸਰੀ ਵਿਖੇ ਸੰਸਾਰ ਦੇ ਆਜ਼ਾਦ ਸੋਚ ਰੱਖਣ ਵਾਲਿਆਂ ਦੀ ਯੂਨੀਅਨ ਦੀ ਤਿੰਨ ਸਾਲਾਂ ਕਾਨਫਰੰਸ ਹੋਈ। ਇਸ ਵਿੱਚ ਉੱਥੋਂ ਦੇ ਐਮ.ਪੀ. ਲਾਰਡ ਫੈਨਰ ਬਰੌਕਵੇ ਅਤੇ ਮੈਂ, ਸੀਲੋਨ ਦੀ ਰੈਸ਼ਨੇਲਿਸਟ ਐਸੋਸੀਏਸ਼ਨ ਦਾ ਪ੍ਰਧਾਨ ਮੁੱਖ ਬੁਲਾਰੇ ਸਾਂ। ਲਾਰਡ ਬਰੌਕਵੇ ਨੇ ਆਪਣੇ ਭਾਸ਼ਨ ਵਿੱਚ ਕਿਹਾ ਕਿ ਪੱਛਮ ਦੇ ਵਿਕਸਿਤ ਦੇਸ਼ਾਂ ਦੇ ਪਦਾਰਥਵਾਦੀ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਪੂਰਬ ਦੇ ਵਿਕਾਸਸ਼ੀਲ ਦੇਸ਼ਾਂ ਦੇ 'ਰੂਹਾਨੀ ਲੋਕਾਂ' ਨੂੰ ਆਰਥਿਕ ਮੱਦਦ ਦੇਣ ਦੀ ਆਪਣੀ ਬੇਲੋੜੀ ਰੀਤ ਬੰਦ ਕਰ ਦੇਣ।



ਮੈਂ, ਜੋ ਕਿ ਇਸ ਇਕੱਠ ਦੇ ਵਿੱਚ ਸਿਰਫ ਇੱਕੋ-ਇੱਕ ਏਸ਼ੀਆਈ ਸੀ, ਇਹ ਬਿਆਨ ਸੁਣ ਕੇ ਬਹੁਤ ਨਿਰਾਸ਼ ਹੋਇਆ। ਮੈਨੂੰ ਇੱਕ ਧੱਕਾ ਜਿਹਾ ਲੱਗਾ। ਮੈਂ ਤਾਂ ਪਹਿਲਾਂ ਉਸ ਵਿਅਕਤੀ ਬਾਰੇ ਬੜਾ ਚੰਗਾ ਪ੍ਰਭਾਵ ਬਣਾ ਰੱਖਿਆ ਸੀ, ਕਿਉਂਕਿ ਉਸ ਨੇ 'ਹਾਊਸ ਆਫ ਕਾਮਨਜ਼' ਵਿੱਚ ਭਾਰਤ ਅਤੇ ਸ੍ਰੀਲੰਕਾ ਦੇ ਸੁਤੰਤਰਤਾ ਸੰਗਰਾਮੀਆਂ ਦੇ ਪੱਖ ਵਿੱਚ ਚੰਗੀਆਂ ਤਕਰੀਰਾਂ ਕੀਤੀਆਂ ਸਨ।

ਜਦੋਂ ਮੈਂ ਉਸ ਤੋਂ ਇਹ ਸਵਾਲ ਪੁੱਛਿਆ ਕਿ ਉਹ ਪੱਛਮ ਦੇ ਖੁਸ਼ਹਾਲ ਦੇਸ਼ਾਂ ਵੱਲੋਂ ਪੂਰਬ ਦੇ ਗਰੀਬ ਦੇਸ਼ਾਂ ਦੀ ਮੱਦਦ ਕਰਨ 'ਤੇ ਇਤਰਾਜ਼ ਕਿਉਂ ਕਰਦਾ ਹੈ, ਕਿਉਂਕਿ ਮੈਂ ਵੀ ਅਜਿਹੇ ਗਰੀਬ ਦੇਸ਼ਾਂ ਵਿੱਚੋਂ ਇੱਕ ਦਾ ਵਸਨੀਕ ਹਾਂ ਤਾਂ ਇਸ ਦਾ ਜਵਾਬ ਦਿੰਦੇ ਫੈਨਰ ਬਰੌਕਵੇ ਨੇ ਕਿਹਾ :

"ਇਹ ਸੱਚ ਹੈ ਕਿ ਪੂਰਬ ਦੇ ਬਹੁਤ ਸਾਰੇ ਦੇਸ਼ਾਂ ਦੇ ਮੁਕਾਬਲੇ ਵਿੱਚ ਅਸੀਂ ਕਾਫੀ ਅਮੀਰ ਹਾਂ। ਅਸੀਂ ਵਿਗਿਆਨ ਅਤੇ ਟੈਕਨਾਲੋਜੀ ਦੇ ਸਿੱਟਿਆਂ 'ਤੇ ਨਿਰਭਰ ਕਰਦੇ ਹਾਂ ਅਤੇ ਇਸੇ ਧਰਤੀ 'ਤੇ ਆਪਣੇ ਜੀਵਨ ਦੀ ਬਿਹਤਰੀ ਲਈ ਕਲਪਿਤ ਦੇਵਤਿਆਂ ਦੀ ਮੱਦਦ ਨਹੀਂ ਭਾਲਦੇ। ਦੂਜੇ ਪਾਸੇ, ਤੁਹਾਡੇ ਲੋਕ, ਮੌਤ ਤੋਂ ਪਿੱਛੋਂ ਆਪਣਾ ਜੀਵਨ ਚੰਗਾ ਬਣਾਉਣ ਲਈ ਕਲਪਿਤ ਦੇਵਤਿਆਂ ਦਾ ਸਹਾਰਾ ਲੈ ਕੇ ਆਪਣਾ ਸਮਾਂ ਅਤੇ ਸ਼ਕਤੀ ਨਸ਼ਟ ਕਰ ਦਿੰਦੇ ਹਨ। ਕੀ ਤੁਸੀਂ ਇਹ ਚਾਹੁੰਦੇ ਹੋ ਕਿ ਅਸੀਂ ਆਪਣੀ ਸਖਤ ਮਿਹਨਤ ਦੀ ਕਮਾਈ ਦਾ ਕੁੱਝ ਹਿੱਸਾ ਤੁਹਾਨੂੰ ਇਸ ਕਰਕੇ ਦੇਈਏ ਤਾਂ ਕਿ ਤੁਸੀਂ ਆਪਣਾ ਹੋਰ ਵੀ ਸਮਾਂ ਪ੍ਰਾਰਥਨਾਵਾਂ, ਸਮਾਧੀਆਂ, ਪੂਜਾ ਅਤੇ ਧਾਰਮਿਕ ਯਾਤਰਾਵਾਂ ਆਦਿ 'ਤੇ ਬਰਬਾਦ ਕਰੀ ਜਾਵੋ ? ਕੀ ਤੁਸੀਂ ਸੋਚਿਆ ਹੈ ਕਿ ਤੁਹਾਡੇ ਦੇਸ਼ ਦੇ ਚੰਗੇ-ਭਲੇ ਕੰਮ ਕਰਨ ਵਾਲੇ ਆਦਮੀ ਤੇ ਔਰਤਾਂ, ਕੰਮ ਘੰਟਿਆਂ ਦੌਰਾਨ ਆਪਣੇ ਅਧਿਆਤਮਕ ਅਭਿਆਸ ਦੁਆਰਾ ਹਰ ਸਾਲ ਕਿੰਨੇ ਹੀ ਮਨੁੱਖੀ ਘੰਟੇ ਗੁਆ ਲੈਂਦੇ ਹਨ ? ਸਾਡੀਆਂ ਕੰਮ ਕਰਨ ਵਾਲੀਆਂ ਥਾਵਾਂ 'ਤੇ ਜਦ ਘੰਟੀਆਂ ਵੱਜਦੀਆਂ ਹਨ ਤਾਂ ਉਸ ਦਾ ਭਾਵ ਹੁੰਦਾ ਹੈ ਕਿ ਕਾਮੇ ਆਰਾਮ ਕਰਨ ਅਤੇ ਇਸ ਤੋਂ ਬਾਅਦ ਹੋਰ ਵਧੇਰੇ ਕੰਮ ਕਰਨ ਲਈ ਆਪਣੇ ਆਪ ਨੂੰ ਤਾਜ਼ਾ ਮਹਿਸੂਸ ਕਰਨ। ਕੁੱਝ ਮੱਧ-ਪੂਰਬੀ ਦੇਸ਼ਾਂ ਵਿੱਚ ਕੰਮ ਕਰਨ ਦੇ ਸਮੇਂ ਦੌਰਾਨ ਕਈ ਵਾਰ ਘੰਟੀਆਂ ਵਜਦੀਆਂ ਹਨ, ਜਿਹਨਾਂ ਦਾ ਭਾਵ ਹੈ ਕਿ ਆਪਣੀਆਂ ਪ੍ਰਾਰਥਨਾਵਾਂ ਕਰ ਲੈਣ, ਜਿਹਨਾਂ ਦੁਆਰਾ ਉਹਨਾਂ ਨੂੰ ਆਪਣੀ ਮੌਤ ਤੋਂ ਬਾਅਦ ਇੱਕ ਚੰਗੇ ਜੀਵਨ ਦਾ ਭਰੋਸਾ ਹੋ ਸਕੇ। ਫਿਰ ਤੁਸੀਂ ਸਾਥੋਂ ਸਹਾਇਤਾ ਦੀ ਆਸ ਕਿਉਂ ਕਰਦੇ ਹੋ, ਜਦ ਕਿ ਤੁਸੀਂ ਉਹ ਸਾਰਾ ਕੁੱਝ ਆਪਣੇ ਦੇਵਤਿਆਂ ਤੋਂ ਵਰਦਾਨ ਦੇ ਤੌਰ 'ਤੇ ਪ੍ਰਾਪਤ ਕਰ ਸਕਦੇ ਹੋ, ਜਿਸ ਦੀ ਤੁਹਾਨੂੰ ਲੋੜ ਹੈ ?"

ਫੈਨਰ ਬਰੌਕਵੇ ਨੇ ਜੋ ਕੁੱਝ ਕਿਹਾ, ਉਸ ਨੂੰ ਸੱਚ ਮੰਨ ਕੇ ਮੈਨੂੰ ਚੁੱਪ ਕਰਨਾ ਪਿਆ ਅਤੇ ਨਮੋਸ਼ੀ ਜਿਹੀ ਉਠਾਉਣੀ ਪਈ।

ਅਜਿਹੀਆਂ ਬੇਹੂਦਾ ਚੀਜ਼ਾਂ ਵੱਲ ਅਸੀਂ ਬਹੁਤ ਹੀ ਘੱਟ ਗੰਭੀਰਤਾ ਨਾਲ ਧਿਆਨ ਦਿੰਦੇ ਹਾਂ ਜਿਹੜੀਆਂ ਕਿ ਅਸੀਂ ਹੋਂਦ ਨਾ ਰੱਖਣ ਵਾਲੇ ਦੇਵਤਿਆਂ ਤੋਂ ਲਾਭ ਪ੍ਰਾਪਤ ਕਰਨ ਲਈ ਕਰੀ ਜਾਂਦੇ ਹਾਂ।

ਪੱਛਮ ਦੇ ਉਦਯੋਗਿਕ ਦੇਸ਼ਾਂ ਦੇ ਸਮਝਦਾਰ ਲੋਕ ਜਦੋਂ ਆਪਣਾ ਦਸਤਕਾਰੀ ਦਾ ਨਵਾਂ ਕੰਮ ਸ਼ੁਰੂ ਕਰਦੇ ਹਨ ਤਾਂ ਉਹ ਵਿਗਿਆਨਕ ਅਨੁਸ਼ਾਸਨਾਂ ਅਧੀਨ - ਅਰਥਸ਼ਾਸਤਰੀਆਂ, ਇੰਜੀਨੀਅਰਾਂ, ਤਕਨੀਸ਼ਨਾਂ ਆਦਿ ਤੋਂ ਸਲਾਹ ਲੈਂਦੇ ਹਨ, ਪ੍ਰੰਤੂ ਪੂਰਬ ਵਿੱਚ ਸਾਡੇ ਲੋਕ ਭਾਵੇਂ ਕਿੰਨੇ ਵੀ ਪੜ੍ਹੇ-ਲਿਖੇ ਕਿਉਂ ਨਾ ਹੋਣ ਜੋਤਿਸ਼ੀ ਦੀ 'ਹਰੀ ਬੱਤੀ' ਤੋਂ ਬਿਨ੍ਹਾਂ ਆਪਣੇ ਉੱਨਤੀ ਵਾਲੇ ਕੰਮ ਨੂੰ ਬਿਲਕੁਲ ਸ਼ੁਰੂ ਨਹੀਂ ਕਰਨਗੇ। 'ਪੂਜਾ', 'ਸ਼ੁਭ ਮੌਕੇ' ਅਤੇ 'ਪ੍ਰਾਰਥਨਾਵਾਂ' ਸਾਡੇ ਵਿਕਾਸ ਦੇ ਕੰਮਾਂ ਲਈ ਸਾਇੰਸ ਅਤੇ ਟੈਕਨਾਲੋਜੀ ਨਾਲੋਂ ਵਧੇਰੇ ਮਹੱਤਵਪੂਰਨ ਹਨ।

ਕੁੱਝ ਮਹੀਨੇ ਪਹਿਲਾਂ ਜਦੋਂ 'ਮਾਊਸਕੈਲੇ' ਅਤੇ 'ਕੈਸਲਰੇ' ਦੇ ਖੇਤਰ ਗੰਭੀਰ ਸੋਕੇ ਦੀ ਲਪੇਟ ਵਿੱਚ ਆ ਗਏ ਤਾਂ ਅਨੁਰਾਧਾਪੁਰ ਵਿਖੇ 'ਮਹਾਂ ਬੋਧੀ ਵਿਹਾਰ' ਦੇ ਵਿੱਚ ਇੱਕ 'ਖਾਸ ਪੂਜਾ' ਦਾ ਪ੍ਰਬੰਧ ਕੀਤਾ ਗਿਆ ਤਾਂ ਕਿ ਦੇਵਤਿਆਂ ਤੋਂ ਆਸ਼ੀਰਵਾਦ ਪ੍ਰਾਪਤ ਕਰਕੇ ਮੀਂਹ ਪਵਾਇਆ ਜਾ ਸਕੇ। 'ਆਤਮ-ਅਸਥਾਨ' ਦੇ ਮੁੱਖ ਸੰਚਾਲਕ ਨੇ, ਜੋ ਕਿ ਇਸ ਧਰਮ ਨੂੰ ਚਲਾ ਰਿਹਾ ਸੀ, ਦੱਸਿਆ ਕਿ ਰਾਜਾ 'ਦੇਵਨੰਪੀਆਤਿੱਸ' ਦੇ ਸਮੇਂ ਤੋਂ ਹੀ ਇਹ ਅਭਿਆਸ ਚੱਲਿਆ ਆ ਰਿਹਾ ਹੈ, ਜਦੋਂ ਵੀ ਇੱਥੇ ਸੋਕਾ ਪਿਆ ਤਾਂ 'ਮਹਾਂ ਬੋਧੀ' ਨੂੰ ਪਵਿੱਤਰ ਪਾਣੀ ਨਾਲ ਇਸ਼ਨਾਨ ਕਰਾਇਆ ਗਿਆ ਅਤੇ ਵਰਖਾ ਲਈ ਪ੍ਰਾਰਥਨਾਵਾਂ ਕੀਤੀਆਂ ਗਈਆਂ। ਇੱਕ ਅਖ਼ਬਾਰ ਨੇ ਵੀ ਇਸ ਦੇ ਸੰਬੰਧ ਵਿੱਚ ਆਪਣੀ ਰਿਪੋਰਟ ਇਸ ਤਰ੍ਹਾਂ ਦਿੱਤੀ - 'ਇਸ ਰਸਮ ਦੇ ਦੋ ਘੰਟਿਆਂ ਦੇ ਅੰਦਰ-ਅੰਦਰ ਹੀ ਦੇਵਤਿਆਂ ਨੇ ਇਹ ਪ੍ਰਾਰਥਨਾਵਾਂ ਦਾ ਉੱਤਰ - 'ਅਨੁਰਾਧਾਪੁਰ ਵਿਖੇ ਕਾਫੀ ਭਾਰੀ ਵਰਖਾ' ਵਜੋਂ ਦਿੱਤਾ।

ਉਹ ਸਾਰੇ ਲੋਕ, ਜਿਹੜੇ ਇਸ ਅੰਧ-ਵਿਸ਼ਵਾਸੀ ਕਾਰਜ ਵਿੱਚ ਰੁੱਝੇ ਹੋਏ ਸਨ ਅਤੇ ਹੋਂਦ ਨਾ ਰੱਖਣ ਵਾਲੇ ਦੇਵਤਿਆਂ ਨੂੰ ਮੀਂਹ ਪਵਾਉਣ ਲਈ ਖੁਸ਼ ਕਰ ਰਹੇ ਸਨ, ਪੁਰਾਤਨ ਯੁੱਗ ਦੇ ਅਨਪੜ੍ਹ ਲੋਕਾਂ ਦਾ ਇਕੱਠ ਨਹੀਂ ਸਨ, ਬਲਕਿ ਵੀਹਵੀਂ ਸਦੀ ਦੀ ਤੀਜੀ ਚੌਥਾਈ ਵਿੱਚ ਸ਼੍ਰੀਲੰਕਾ ਵਿੱਚ ਰਹਿ ਰਹੇ ਵਿਦਵਾਨ, ਸੱਭਿਆ ਅਤੇ ਪੜ੍ਹੇ-ਲਿਖੇ ਲੋਕ ਸਨ। ਜਿਨ੍ਹਾਂ ਬਾਰੇ ਇਹ ਪੜ੍ਹ ਕੇ ਬੜੀ ਹੈਰਾਨੀ ਹੋਈ ਕਿ 'ਉਹ ਵਾਟਰ ਮੈਨੇਜਮੈਂਟ ਐਂਡ ਕੰਟਰੋਲ' ਦੇ ਇੱਕ ਸੈਮੀਨਾਰ ਵਿੱਚ ਹਿੱਸਾ ਲੈ ਰਹੇ ਹਨ ਤੇ ਇਸ ਸਬੰਧੀ ਆਪਣੇ ਵਿਚਾਰ ਪੇਸ਼ ਕਰ ਰਹੇ ਹਨ। ਹੁਣੇ ਜਿਹੇ ਇਹੀ ਲੋਕ ਅਨੁਰਾਧਾਪੁਰ ਵਿਖੇ ਪ੍ਰਾਰਥਨਾ ਰਾਹੀਂ ਮੀਂਹ ਪਵਾਉਣ ਦੇ ਅੰਧ-ਵਿਸ਼ਵਾਸ ਵਿੱਚ ਰੁੱਝੇ ਹੋਏ ਸਨ।

ਮੈਨੂੰ ਇੱਕ ਦੁਖਦਾਈ ਖ਼ਬਰ ਦੀ ਯਾਦ ਆ ਗਈ ਜਿਸ ਦੇ ਅਨੁਸਾਰ ਭਾਰਤ ਦੇ ਮੱਧ ਪ੍ਰਦੇਸ਼ ਸੂਬੇ ਵਿੱਚ ਆਦਿਵਾਸੀ ਕਬੀਲਿਆਂ ਨੇ ਇੱਕ ਬਾਈ ਸਾਲਾਂ ਕੁਆਰੀ ਲੜਕੀ ਦੀ ਬਲੀ ਇਸ ਕਰਕੇ ਦੇ ਦਿੱਤੀ ਸੀ ਤਾਂ ਕਿ ਦਰਿਆ ਦੇ ਉਸਾਰੀ-ਅਧੀਨ ਬੰਨ੍ਹ ਦੀ ਤਾਕਤ ਨੂੰ ਯਕੀਨੀ ਬਣਾਇਆ ਜਾਵੇ।

'ਸੀਲੋਨ' ਰੋਜ਼ਾਨਾ ਅਖ਼ਬਾਰ ਵਿੱਚ ਇੱਕ ਖ਼ਬਰ ਲੱਗੀ ਜਿਸ ਦਾ ਸਿਰਲੇਖ ਸੀ - 'ਇੱਕ ਹਫ਼ਤੇ ਲਈ ਪ੍ਰਾਰਥਨਾ।' 'ਸੈਨੇਟ ਲਾਇਬ੍ਰੇਰੀ ਵਿੱਚ ਦੇਸ਼ ਵਾਸਤੇ ਦੇਵਤਿਆਂ ਦੀਆਂ ਅਸ਼ੀਸਾਂ ਪ੍ਰਾਪਤ ਕਰਨ ਲਈ ਅੱਜ ਤੋਂ ਇੱਕ ਹਫ਼ਤੇ ਲਈ ਪ੍ਰਾਰਥਨਾਵਾਂ ਸ਼ੁਰੂ ਹੋ ਰਹੀਆਂ ਹਨ। ...ਲੋਕਾਂ ਦੇ ਨੁਮਾਇੰਦਿਆਂ ਅਤੇ ਕਈ ਬੋਧੀ ਜਥੇਬੰਦੀਆਂ ਨੂੰ ਇਸ ਵਿੱਚ ਹਿੱਸਾ ਲੈਣ ਲਈ ਸੱਦਾ-ਪੱਤਰ ਭੇਜੇ ਗਏ ਹਨ।' ਦੇਸ਼ ਭਰ ਦੇ ਤੰਦਰੁਸਤ ਆਦਮੀ ਅਤੇ ਔਰਤਾਂ ਨੂੰ ਬਿਨ੍ਹਾਂ ਕੋਈ ਕੰਮ ਕੀਤੇ ਪੂਰਾ ਇੱਕ ਹਫ਼ਤਾ ਇਹਨਾਂ ਪ੍ਰਾਰਥਨਾਵਾਂ 'ਤੇ ਬਤੀਤ ਕਰਨ ਲਈ ਸੱਦਿਆ ਗਿਆ। ਕੀ ਅਸੀਂ ਇੰਝ ਕਰਨਾ ਬਰਦਾਸ਼ਤ ਕਰ ਸਕਦੇ ਹਾਂ ? ਲਾਰਡ ਫੈਨਰ ਬਰੌਕਵੇ ਦੀ ਇਹ ਗੱਲ ਕਿੰਨੀ ਸੱਚੀ ਸੀ ਕਿ ਪੱਛਮ ਦੇ ਖੁਸ਼ਹਾਲ ਦੇਸ਼ਾਂ ਨੂੰ ਚਾਹੀਦਾ ਹੈ ਕਿ ਉਹ ਅਖੌਤੀ ਵਿਕਾਸਸ਼ੀਲ ਦੇਸ਼ਾਂ ਨੂੰ ਮੱਦਦ ਦੇਣ ਦੀ ਬੇਲੋੜਾ ਗੀਤ ਬੰਦ ਕਰ ਦੇਣ। ਅਸਲ ਵਿੱਚ ਇਹਨਾਂ ਹੀ ਗੱਲਾਂ ਤੋਂ 'ਪੁਜਾਰੀ ਸ਼੍ਰੇਣੀ' ਹੋਂਦ ਵਿੱਚ ਆਈ ਸੀ। ਪ੍ਰਾਚੀਨ ਮਨੁੱਖ ਜਿਹੜਾ ਆਪਣੇ ਸ਼ਿਕਾਰ ਕੀਤੇ ਹੋਏ ਜਾਨਵਰਾਂ ਦਾ ਮਾਸ ਖਾ ਕੇ ਗੁਜ਼ਾਰਾ ਕਰਦਾ ਸੀ, ਜਦੋਂ ਇੱਕ ਕਿਸਾਨ ਬਣ ਗਿਆ ਤਾਂ ਉਹ ਵਾਧੂ ਅਨਾਜ ਵੀ ਪੈਦਾ ਕਰਨ ਲੱਗਿਆ। ਉਹਨਾਂ ਪ੍ਰਾਚੀਨ ਕਿਸਾਨਾਂ ਵਿੱਚੋਂ ਕੁੱਝ ਚਲਾਕ ਆਦਮੀਆਂ ਨੇ ਪਰਜੀਵੀਆਂ ਵਾਂਗ ਰਹਿਣਾ ਸ਼ੁਰੂ ਕਰ ਦਿੱਤਾ। ਅਜਿਹੇ ਲੋਕ ਵਾਧੂ ਪੈਦਾਵਾਰ ਨੂੰ ਹੜੱਪਣ ਲੱਗੇ। ਉਹਨਾਂ ਨੇ ਬਹਾਨਾ ਇਹ ਬਣਾਇਆ ਕਿ ਉਹਨਾਂ ਦੇ ਕੋਲ 'ਅਲੌਕਿਕ ਸ਼ਕਤੀਆਂ' ਹਨ ਅਤੇ ਉਹ ਕਿਸਾਨਾਂ ਦੀ ਮੌਤ ਤੋਂ ਬਾਅਦ ਉਹਨਾਂ ਦਾ ਜੀਵਨ ਚੰਗੇਰਾ ਬਣਾਉਣ ਵਿੱਚ ਉਹਨਾਂ ਦੀ ਮੱਦਦ ਕਰ ਸਕਦੇ ਹਨ।

**(ਸ੍ਰੋਤ : ਕਿਤਾਬ 'ਦੇਵ, ਦੈਂਤ ਅਤੇ ਰੂਹਾਂ')**

## ਸ਼ੋਕ ਮਤਾ

ਤਰਕਸ਼ੀਲ ਸੁਸਾਇਟੀ ਪੰਜਾਬ ਜ਼ੋਨ ਜਲੰਧਰ ਦੇ ਆਗੂ ਮਾਸਟਰ ਮਦਨ ਲਾਲ ਬੁੱਲੋਵਾਲ ਦੇ ਨੌਜਵਾਨ ਬੇਟੇ ਡਾ. ਸੰਦੀਪ ਕੁਮਾਰ ਦੀ ਬੇਵਕਤ ਮੌਤ, ਇਕਾਈ ਅੰਮ੍ਰਿਤਸਰ ਦੀ ਆਗੂ ਵਰਿੰਦਰ ਕੌਰ ਜੀ, ਸੂਬਾ ਆਗੂ ਰਾਮ ਸਵਰਨ ਲੱਖੇਵਾਲੀ ਦੀ ਵੱਡੀ ਭੈਣ ਸਤਿਕਾਰਤ ਬਲਦੇਵ ਕੌਰ ਕੋਟਭਾਈ, ਇਕਾਈ ਅੰਮ੍ਰਿਤਸਰ ਦੇ ਆਗੂ ਸੁਮੀਤ ਸਿੰਘ ਦੇ ਵੱਡੇ ਭਰਾ ਨਵਤੇਜ ਸਿੰਘ ਜੀ, ਤਰਕਸ਼ੀਲ ਸੁਸਾਇਟੀ ਹਰਿਆਣਾ ਦੇ ਪ੍ਰਧਾਨ ਗੁਰਮੀਤ ਸਿੰਘ ਦੇ ਪਿਤਾ ਰਘੁਬੀਰ ਸਿੰਘ ਜੀ, ਜ਼ੋਨ ਲੁਧਿਆਣਾ ਦੇ ਆਗੂ ਡਾ. ਅਬਦੁਲ ਮਜੀਦ ਆਜ਼ਾਦ, ਸਰਾਜ ਅਨਵਰ ਦੇ ਮਾਤਾ ਹਬੀਬਨ ਜੀ, ਫਗਵਾੜਾ ਇਕਾਈ ਦੇ ਮੈਂਬਰ ਚਲਨ ਦਾਸ ਦੇ ਮਾਤਾ ਸੁਰਜੀਤ ਕੌਰ ਜੀ, ਇਕਾਈ ਖੰਨਾ ਦੇ ਜਥੇਬੰਦਕ ਮੁਖੀ ਮਾਸਟਰ ਮਹਿੰਦਰ ਖੰਨਾ ਜੀ, ਐਡਵੋਕੇਟ ਅਵਤਾਰ ਸਿੰਘ-ਜਗਦੇਵ ਸਿੰਘ ਇਕਾਈ ਤਲਵੰਡੀ ਸਾਬੋ ਦੇ ਪਿਤਾ ਜੱਗਰ ਸਿੰਘ ਜੀ ਅਤੇ ਇਕਾਈ ਤਰਨ ਤਾਰਨ ਦੇ ਮੈਂਬਰ ਡਾਕਟਰ ਸੁਖਦੇਵ ਸਿੰਘ ਲਹੁਕਾ ਦੇ ਮਾਤਾ ਗੁਰਦੀਪ ਕੌਰ ਜੀ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕਰਦੀ ਹੈ ਅਤੇ ਪੀੜਤ ਪਰਿਵਾਰਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦੀ ਹੈ।

*ਮਨੋਰੋਗ ਮਾਹਿਰ ਦੀ ਕਲਮ ਤੋਂ*

# ਨਸ਼ਿਆਂ ਨਾਲ ਮੌਤਾਂ



**ਡਾ. ਬਲਵੰਤ ਸਿੰਘ**

**? ਪੰਜਾਬ ਵਿੱਚ ਅੱਜ-ਕੱਲ੍ਹ ਮੀਡੀਆ ਵਿੱਚ ਨਸ਼ਿਆਂ ਨਾਲ ਸੰਬੰਧਿਤ ਮੌਤਾਂ ਦੀਆਂ ਬਹੁਤ ਖਬਰਾਂ ਆ ਰਹੀਆਂ ਹਨ। ਕੀ ਅਸਲ ਵਿੱਚ ਹੀ ਇਨ੍ਹਾਂ ਮੌਤਾਂ ਦੀ ਗਿਣਤੀ ਵਿੱਚ ਵਾਧਾ ਹੋ ਰਿਹਾ ਹੈ ? ਇਨ੍ਹਾਂ ਦੇ ਕਾਰਣਾਂ ਸੰਬੰਧੀ ਚਾਨਣਾ ਪਾਓ।**

- ਇਹ ਇੱਕ ਸੱਚਾਈ ਹੈ ਕਿ ਅਖਬਾਰਾਂ ਵਿੱਚ ਨਸ਼ੇ ਸੰਬੰਧੀ ਹੋਣ ਵਾਲੀਆਂ ਮੌਤਾਂ ਬਾਰੇ ਬਹੁਤ ਖਬਰਾਂ ਆ ਰਹੀਆਂ ਹਨ। ਇਸ ਲਈ ਇਹ ਸੁਭਾਵਿਕ ਹੀ ਮਨ ਵਿੱਚ ਸੁਆਲ ਉਠਦਾ ਹੈ ਕਿ ਕੀ ਇਨ੍ਹਾਂ ਮੌਤਾਂ ਦੀ ਗਿਣਤੀ ਵਿੱਚ ਵਾਧਾ ਹੋ ਰਿਹਾ ਹੈ ਜਾਂ ਇਹ ਇੱਕ ਮੀਡੀਆ ਦਾ ਹੀ ਉਛਾਲਿਆ ਹੋਇਆ ਮੁੱਦਾ ਹੈ ? ਆਓ ਇਸ ਮਸਲੇ ਤੇ ਵਿਚਾਰ ਕਰੀਏ।

ਪਹਿਲਾ ਮੁੱਦਾ ਹੈ ਕਿ ਕੀ ਮੀਡੀਆ ਹੀ ਇਸ ਨੂੰ ਵਧਾ ਚੜ੍ਹਾ ਕੇ ਪੇਸ਼ ਕਰ ਰਿਹਾ ਹੈ ? ਜੁਆਬ ਹੈ ਕਿ ਬੇਸ਼ਕ ਪਹਿਲਾਂ ਵੀ ਨਸ਼ੇ ਸੰਬੰਧੀ ਮੌਤਾਂ ਹੁੰਦੀਆਂ ਸਨ ਪਰ ਅੱਜ-ਕੱਲ੍ਹ ਪੰਜਾਬ ਵਿੱਚ ਨਸ਼ੇ ਦਾ ਮੁੱਦਾ ਸਾਹਮਣੇ ਆਉਣ ਨਾਲ ਇਸ ਨਾਲ ਸੰਬੰਧਿਤ ਸਾਰੇ ਮਸਲੇ ਧਿਆਨ ਖਿੱਚ ਰਹੇ ਹਨ ਅਤੇ ਇਹਨਾਂ ਬਾਰੇ ਖਬਰਾਂ ਵੀ ਜ਼ਿਆਦਾ ਆਉਣ ਲੱਗ ਪਈਆਂ ਹਨ। ਕਿਉਂਕਿ ਪਹਿਲਾਂ ਨਸ਼ਿਆਂ ਵੱਲ ਬਹੁਤੀ ਗੌਰ ਨਹੀਂ ਸੀ ਇਸ ਲਈ ਇਸ ਸੰਬੰਧੀ ਮਸਲੇ ਵੀ ਧਿਆਨ ਵਿੱਚ ਨਹੀਂ ਸੀ। ਹੁਣ ਨਸ਼ਿਆਂ ਬਾਰੇ ਜਾਗਰੂਕਤਾ ਕਾਰਣ ਮੀਡੀਆ ਸਮੇਤ ਸਭ ਦਾ ਧਿਆਨ ਇਸ ਮਸਲੇ ਤੇ ਕੇਂਦਰਿਤ ਹੋਇਆ ਹੈ। ਆਮ ਲੋਕਾਂ ਵਿੱਚ ਅਤੇ ਸਿਹਤ ਸੰਸਥਾਵਾਂ ਵਿੱਚ ਵੀ ਨਸ਼ੇ ਸੰਬੰਧੀ ਹੋਈ ਮੌਤ ਨੂੰ ਹੁਣ ਅਣਗੌਲ਼ਿਆ ਨਹੀਂ ਜਾਂਦਾ। ਤਕਰੀਬਨ ਵੀਹ ਪੱਚੀ ਸਾਲ ਪਹਿਲਾਂ ਅੰਮ੍ਰਿਤਸਰ ਦੇ ਪੁਤਲੀ ਘਰ ਦੇ ਇਲਾਕੇ ਵਿੱਚ ਲਗਾਤਾਰ ਕਈ ਨੌਜਵਾਨਾਂ ਦੀ ਮੌਤ ਨਸ਼ਿਆਂ ਕਰਕੇ ਹੋਈ ਸੀ ਪਰ ਬਹੁਤਾ ਰੌਲਾ ਨਹੀਂ ਪਿਆ ਸੀ। ਅੱਜ ਜੇ ਕਿਸੇ ਥਾਂ ਕਿਸੇ ਨੌਜਵਾਨ ਦੀ ਮੌਤ ਨਸ਼ੇ ਕਾਰਣ ਹੁੰਦੀ ਹੈ ਤਾਂ ਮੀਡੀਆ ਵਿੱਚ ਰਿਪੋਰਟ ਹੁੰਦੀ ਹੈ। ਸੋ ਸਪਸ਼ਟ ਹੈ ਕਿ ਅੱਜ-ਕੱਲ੍ਹ ਇਹ ਮੌਤਾਂ ਸੁਰਖੀਆਂ ਦਾ ਕੇਂਦਰ ਬਣਨ ਲੱਗ ਗਈਆਂ ਹਨ।

ਦੂਜਾ ਮੁੱਦਾ ਇਹ ਹੈ ਕਿ ਕੀ ਇਨ੍ਹਾਂ ਮੌਤਾਂ ਦੀ ਦਰ ਵਿੱਚ ਵਾਧਾ ਹੋਇਆ ਹੈ ? ਤਾਂ ਇਸ ਦਾ ਸਪੱਸ਼ਟ ਉਤਰ ਹੈ ਕਿ 'ਹਾਂ' ਦਰ ਵਿੱਚ ਜਰੂਰ ਵਾਧਾ ਹੋਇਆ ਹੈ। ਜੇ ਆਪਾਂ ਅੰਕੜਿਆਂ ਦੀ ਗੱਲ ਕਰੀਏ ਤਾਂ ਭਾਰਤ ਵਿੱਚ ਸਹੀ ਅੰਕੜੇ ਮੌਜੂਦ ਨਹੀਂ ਹਨ।

ਪੰਜਾਬ ਵਿੱਚ ਨਸ਼ਿਆਂ ਦਾ ਪਸਾਰ ਹੋਣ ਦੇ ਕਈ ਕਾਰਣ ਹਨ ਜਿਨ੍ਹਾਂ ਵਿੱਚ ਪੰਜਾਬ ਦੀ ਭੂਗੋਲਿਕ ਸਥਿਤੀ ਵੀ ਇੱਕ ਕਾਰਣ ਹੈ। ਪੰਜਾਬ ਦੇ ਪੱਛਮ ਵਿੱਚ ਗੁਆਂਢੀ ਮੁਲਕ ਅਫਗਾਨਿਸਤਾਨ, ਪਾਕਿਸਤਾਨ ਅਤੇ ਹੋਰ ਅੱਗੇ ਇਰਾਨ ਹਨ। ਇਹ ਤਿੰਨੇ ਮੁਲਕ ਅਫੀਮ ਅਤੇ ਹੈਰੋਇਨ ਆਦਿ ਦੇ ਬਹੁਤ ਵੱਡੇ ਸੋਮੇ ਹਨ। ਇਨ੍ਹਾਂ ਮੁਲਕਾਂ ਦੇ ਨਸ਼ੇ ਪੈਦਾ ਕਰਨ ਵਾਲੇ ਇਲਾਕੇ ਨੂੰ ਸਮੂਹਿਕ ਤੌਰ ਤੇ ਗੋਲਡਨ ਕਰੀਸੈਂਟ (Golden Crescent ) ਕਿਹਾ ਜਾਂਦਾ ਹੈ। ਬਹੁਤ ਸਮੇ ਤੋਂ ਇਸ ਇਲਾਕੇ ਤੋਂ ਪੰਜਾਬ ਰਾਹੀਂ ਭਾਰਤ ਵਿੱਚ ਬਹੁਤ ਵੱਡੀ ਮਾਤਰਾ ਵਿੱਚ ਅਫੀਮ ਅਤੇ ਹੈਰੋਇਨ ਆਦਿ ਨਸ਼ੇ ਭੇਜੇ ਜਾਂਦੇ ਰਹੇ ਹਨ। ਇਸ ਤੋਂ ਅੱਗੇ ਇਹੀ ਨਸ਼ੇ ਅੰਤਰ-ਰਾਸ਼ਟਰੀ ਬਜ਼ਾਰ ਵਿੱਚ ਵੱਖ ਵੱਖ ਮੁਲਕਾਂ ਨੂੰ ਭੇਜੇ ਜਾਂਦੇ ਸੀ। ਪਰ ਹੌਲੀ-ਹੌਲੀ ਸਮੇਂ ਨਾਲ ਭਾਰਤ ਵਿੱਚ ਹੀ ਅਤੇ ਵਿਸ਼ੇਸ਼ ਤੌਰ ਤੇ ਪੰਜਾਬ ਵਿੱਚ ਵੀ ਇਨ੍ਹਾਂ ਨਸ਼ਿਆਂ ਦੀ ਖਪਤ ਹੋਣ ਲੱਗ ਪਈ। ਆਪਣਾ ਸੂਬਾ ਪੰਜਾਬ ਸੀਮਾ 'ਤੇ ਹੋਣ ਕਾਰਣ ਸਭ ਤੋਂ ਜ਼ਿਆਦਾ ਪ੍ਰਭਾਵਿਤ ਹੋਇਆ ਹੈ ਅਤੇ ਇਸ ਕਰਕੇ ਇੱਥੇ ਇਨ੍ਹਾਂ ਨਸ਼ਿਆਂ ਦੀ ਖਪਤ ਬਹੁਤ ਜਿਆਦਾ ਵਧ ਗਈ ਹੈ। (ਭਾਰਤ ਦੇ ਪੂਰਬ ਵਿੱਚ ਬਰਮਾ, ਲਾਉਸ ਅਤੇ ਥਾਇਲੈਂਡ ਦੇ ਨਸ਼ੇ ਸਪਲਾਈ ਕਰਨ ਵਾਲੇ ਖੇਤਰ ਨੂੰ ਗੋਲਡਨ ਟਰਾਇਐਂਗਲ-Golden Triangle, ਕਿਹਾ ਜਾਂਦਾ ਹੈ) ਕਿਉਂਕਿ ਨਸ਼ਿਆਂ ਦੇ ਵਪਾਰ ਵਿੱਚ ਬਹੁਤ ਜ਼ਿਆਦਾ ਫਾਇਦਾ ਹੁੰਦਾ ਹੈ ਇਸ ਲਈ ਨਸ਼ਿਆਂ ਦੇ ਵਪਾਰੀ ਇਨ੍ਹਾਂ ਨੂੰ ਵੱਧ ਤੋਂ ਵੱਧ ਲੋਕਾਂ ਵਿੱਚ ਪਹੁੰਚਾਉਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ। ਇਹ ਸਮਾਜ ਵਿੱਚ, ਕਾਲਜਾਂ, ਯੂਨੀਵਰਸਿਟੀਆਂ, ਸਕੂਲਾਂ ਆਦਿ ਅਤੇ ਹੋਰ ਅਦਾਰਿਆਂ ਵਿੱਚ ਆਪਣਾ ਜਾਲ ਵਿਛਾ ਕੇ ਅੱਗੇ ਤੋਂ ਅੱਗੇ ਆਪਣੇ ਸ਼ਿਕਾਰ ਫਸਾਉਂਦੇ ਰਹਿੰਦੇ ਹਨ। ਇੱਥੋਂ ਤੱਕ ਵੀ ਕਿ ਸ਼ੁਰੂ-ਸ਼ੁਰੂ ਵਿੱਚ ਇਹ ਲੋਕਾਂ ਨੂੰ ਮੁਫਤ ਨਸ਼ੇ ਵੀ ਵੰਡਦੇ ਹਨ। ਇਕ ਵਾਰ ਕਿਸੇ ਵਿਅਕਤੀ ਜਾਂ ਨੌਜਵਾਨ ਨੂੰ ਜਾਲ਼ ਵਿੱਚ ਫਸਾ ਕੇ ਫਿਰ ਉਸ ਨੂੰ ਅੱਗੇ ਹੋਰ ਵਿਅਕਤੀਆਂ ਨੂੰ ਨਸ਼ਾ ਵੰਡਣ ਲਈ ਮਜਬੂਰ ਕਰਦੇ ਹਨ। ਜੇ ਕੋਈ ਕਦੇ ਇਸ ਚੱਕਰਵਿਊ ਵਿੱਚੋਂ ਨਿਕਲਣ ਦੀ ਕੋਸ਼ਿਸ਼ ਕਰਦਾ ਹੈ ਅਤੇ ਨਸ਼ੇ ਦਾ ਇਲਾਜ ਕਰਵਾਉਂਦਾ ਹੈ ਤਾਂ ਇਹ ਲੋਕ ਉਸ ਨੂੰ ਦੁਬਾਰਾ ਹਰ ਸੰਭਵ ਤਰੀਕੇ ਨਾਲ ਵਾਪਸ ਪੁਰਾਣੇ ਰਸਤੇ ਤੇ ਲੈ ਆਉਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ। ਸਾਲ 2017 ਵਿੱਚ ਪੁਲੀਸ ਨੇ 191 ਕਿਲੋ ਹੈਰੋਇਨ ਫੜੀ। ਇਸ ਦੇ ਮੁਕਾਬਲੇ ਸਾਲ 2018 ਦੌਰਾਨ ਪਹਿਲੇ 9 ਮਹੀਨਿਆਂ ਵਿੱਚ ਹੀ 303 ਕਿਲੋ

ਹੈਰੋਇਨ ਫੜੀ। ਇਸ ਗਲ ਤੋਂ ਇਹ ਸਪੱਸ਼ਟ ਹੈ ਕਿ ਨਸ਼ਿਆਂ ਦੇ ਵਪਾਰੀ ਕਿੰਨ੍ਹੇ ਸਰਗਰਮ ਹਨ।

ਪੰਜਾਬ ਵਿੱਚ ਸਭ ਤੋਂ ਜ਼ਿਆਦਾ ਵਰਤੇ ਜਾਣ ਵਾਲੇ ਨਸ਼ੇ ਹਨ: ਭੁੱਕੀ, ਅਫੀਮ ਅਤੇ ਹੈਰੋਇਨ। ਇਨ੍ਹਾਂ ਤੋਂ ਇਲਾਵਾ ਨਸ਼ੇ ਦੇ ਰੂਪ ਵਿੱਚ ਦਰਦ ਨਿਵਾਰਕ ਜਾਂ ਨੀਂਦ ਦੀਆਂ ਗੋਲੀਆ ਆਦਿ ਦੀ ਵਰਤੋਂ ਵੀ ਵਧ ਰਹੀ ਹੈ। ਬਹੁਤ ਸਾਰੇ ਵਿਅਕਤੀ ਇੱਕੋ ਸਮੇ ਕਈ ਤਰ੍ਹਾਂ ਦੇ ਨਸ਼ੇ ਜਾਂ ਸ਼ਰਾਬ ਆਦਿ ਦਾ ਸੇਵਨ ਵੀ ਕਰਦੇ ਹਨ। ਅੰਕੜਿਆਂ ਦੀ ਗੱਲ ਕਰੀਏ ਤਾਂ ਦੁਨੀਆਂ ਭਰ ਵਿੱਚ ਨਸ਼ੇ ਨਾਲ ਹੋਣ ਵਾਲੀਆਂ ਮੌਤਾਂ ਇੱਕ ਗੰਭੀਰ ਮਸਲਾ ਬਣਦਾ ਜਾ ਰਿਹਾ ਹੈ। ਅਮਰੀਕਾ ਵਿੱਚ ਸਾਲ 2017 ਵਿੱਚ ਨਸ਼ਿਆਂ ਦੇ ਕਾਰਣ 70 ਹਜ਼ਾਰ ਤੋਂ ਵੱਧ ਮੌਤਾਂ ਹੋਈਆਂ ਸਨ ਜਿਹੜੀਆਂ ਕਿ ਸਾਲ 2016 ਦੇ ਮੁਕਾਬਲੇ ਤਕਰੀਬਨ 10 ਫੀਸਦੀ ਵੱਧ ਸਨ। ਇਹਨਾਂ ਮੌਤਾਂ ਵਿੱਚ ਜ਼ਿਆਦਾਤਰ ਮੌਤਾਂ ਅਫੀਮ ਦੇ ਗੁਣਾਂ ਵਰਗੇ ਪਦਾਰਥਾਂ(Opioids) ਕਰਕੇ ਹੋਈਆਂ ਸਨ। ਸੋ ਇਸੇ ਤਰ੍ਹਾਂ ਪੰਜਾਬ ਵਿੱਚ ਵੀ ਇਸ ਤਰ੍ਹਾਂ ਦੀਆਂ ਮੌਤਾਂ ਦੀ ਦਰ ਵਧ ਰਹੀ ਹੈ। ਪੱਛਮੀ ਦੇਸ਼ਾਂ ਦੇ ਮੁਕਾਬਲੇ ਭਾਰਤ ਵਿੱਚ ਸਹੀ ਅੰਕੜੇ ਮੌਜੂਦ ਨਹੀਂ ਹਨ, ਅਤੇ ਜ਼ਿਆਦਾਤਰ ਸਮਿਆਂ 'ਤੇ ਮੌਤ ਦਾ ਸਹੀ ਕਾਰਨ ਵੀ ਅੰਕੜਿਆਂ ਵਿੱਚ ਦਰਜ ਨਹੀਂ ਕੀਤਾ ਜਾਂਦਾ। ਸਰਕਾਰੀ ਅਨੁਮਾਨ ਮੁਤਾਬਿਕ ਪੰਜਾਬ ਵਿੱਚ ਸਾਲ 2017 ਵਿੱਚ ਨਸ਼ਿਆਂ ਨਾਲ ਤਕਰੀਬਨ 30 ਮੌਤਾਂ ਹੋਈਆਂ ਹਨ। ਇਸ ਦੇ ਮੁਕਾਬਲੇ ਸਾਲ 2018 ਦੇ ਪਹਿਲੇ 6 ਮਹੀਨਿਆਂ ਵਿੱਚ ਹੀ ਇਸ ਤੋਂ ਤਕਰੀਬਨ ਦੋ ਗੁਣਾ ਮੌਤਾਂ (60) ਹੋਈਆਂ ਹਨ। ਇਹ ਨਿਰਸੰਦੇਹ ਇੱਕ ਬਹੁਤ ਚਿੰਤਾ ਕਰਨ ਵਾਲਾ ਮਸਲਾ ਹੈ।

**ਕਾਰਣ** :- ਨਸ਼ੇ ਨਾਲ ਸੰਬੰਧਿਤ ਮੌਤਾਂ ਦੇ ਕਈ ਕਾਰਣ ਹਨ। ਇਸ ਦਾ ਸਭ ਤੋਂ ਵੱਡਾ ਕਾਰਣ ਨਸ਼ੇ ਵਿੱਚ ਹੋਰ ਘਾਤਕ ਪਦਾਰਥਾਂ ਦੀ ਮਿਲਾਵਟ ਹੈ। ਬੇਸ਼ਕ ਇਕੱਲੀ ਹੈਰੋਇਨ ਦੀ ਵੱਧ ਮਾਤਰਾ ਵੀ ਘਾਤਕ ਸਿੱਧ ਹੋ ਸਕਦੀ ਹੈ ਪਰ ਜ਼ਿਆਦਾਤਰ ਇਸ ਤਰ੍ਹਾਂ ਨਹੀਂ ਹੁੰਦਾ। ਨਸ਼ਾ ਵੇਚਣ ਵਾਲੇ ਲੋਕ ਹੈਰੋਇਨ ਵਿੱਚ ਹੋਰ ਪਦਾਰਥਾਂ ਦੀ ਮਿਲਾਵਟ ਕਰਦੇ ਹਨ। ਇਨ੍ਹਾਂ ਮਿਲਾਵਟ ਲਈ ਵਰਤੇ ਜਾਣ ਵਾਲੇ ਪਦਾਰਥਾਂ ਵਿੱਚ ਸਭ ਤੋਂ ਘਾਤਕ ਕੈਮੀਕਲ ਫੈਂਟੇਨਿਲ (Fentanyl) ਹੈ। ਇਹ ਇੱਕ ਅਫੀਮ ਦੇ ਗੁਣਾਂ ਵਰਗਾ ਪਰ ਉਸਤੋਂ ਤਕਰੀਬਨ ਸੌ ਗੁਣਾ ਤੇਜ਼ ਕੈਮੀਕਲ ਹੈ। ਇਸ ਦੀ ਬਹੁਤ ਥੋੜੀ ਮਾਤਰਾ ਵੀ ਘਾਤਕ ਸਿੱਧ ਹੋ ਸਕਦੀ ਹੈ। ਇਸ ਨਾਲ ਬੇਹੋਸ਼ੀ ਹੋ ਸਕਦੀ ਹੈ ਅਤੇ ਸਾਹ ਪ੍ਰਣਾਲੀ ਦੀ ਰੁਕਾਵਟ ਨਾਲ ਮੌਤ ਹੋ ਸਕਦੀ ਹੈ। ਅੱਜ-ਕੱਲ੍ਹ ਫੈਂਟੇਨਿਲ ਨਾਲ ਮਿਲਦੇ-ਜੁਲਦੇ ਬਹੁਤ ਹੋਰ ਕੈਮੀਕਲ ਵੀ ਹੈਰੋਇਨ ਵਿੱਚ ਮਿਲਾਵਟ ਲਈ ਵਰਤੇ ਜਾ ਰਹੇ ਹਨ। ਇਸ ਕਰਕੇ ਹੀ ਨਸ਼ਿਆਂ ਨਾਲ ਸੰਬੰਧਿਤ ਮੌਤਾਂ ਦਾ ਖਦਸ਼ਾ ਪਹਿਲਾਂ ਦੇ ਮੁਕਾਬਲੇ ਬਹੁਤ ਵਧ ਗਿਆ ਹੈ। ਦੂਜਾ ਇਨ੍ਹਾਂ ਮੌਤਾਂ ਦਾ ਵੱਡਾ ਕਾਰਣ ਹੈ - ਇੱਕੋ ਸਮੇਂ ਇੱਕ ਤੋਂ ਵੱਧ ਨਸ਼ੇ ਦੀ ਵਰਤੋਂ ਕਰਨਾ। ਜਦੋਂ ਕਈ ਵਾਰ ਵਿਅਕਤੀ ਸ਼ਰਾਬ ਪੀ ਕੇ ਆਪਣੇ ਆਪ ਜਾਂ ਦੂਜਿਆਂ ਦੀ ਸੰਗਤ ਵਿੱਚ ਹੈਰੋਇਨ ਜਾਂ ਅਫੀਮ ਆਦਿ ਦੀ ਆਮ ਨਾਲੋਂ ਜ਼ਿਆਦਾ ਮਾਤਰਾ ਵਿੱਚ ਵਰਤੋਂ ਕਰ ਲੈਂਦਾ ਹੈ ਤਾਂ ਉਹ ਬੇਹੋਸ਼ੀ ਵਰਗੀ ਹਾਲਤ ਵਿੱਚ ਪਹੁੰਚ ਸਕਦਾ ਹੈ ਅਤੇ ਸਾਹ ਰੁਕਣ ਨਾਲ ਜਾਂ ਸਾਹ ਨਾਲੀ ਵਿੱਚ ਕੋਈ ਭੋਜਨ ਜਾਂ ਹੋਰ ਖਾਣ ਪੀਣ ਵਾਲੇ ਪਦਾਰਥ ਜਾਣ ਨਾਲ ਮੌਤ ਹੋ ਸਕਦੀ ਹੈ, ਕਈ ਵਾਰ ਦਿਲ ਦੀ ਅਨਿਯਮਿਤ ਧੜਕਨ ਨਾਲ ਵੀ ਮੌਤ ਹੋ ਸਕਦੀ ਹੈ। ਇਸ ਤੋਂ ਇਲਾਵਾ ਨਸ਼ੇ ਦੇ ਅਸਰ ਕਾਰਣ ਕਈ ਤਰ੍ਹਾਂ ਦੇ ਹਾਦਸੇ ਵੀ ਮੌਤ ਦਾ ਕਾਰਣ ਹੋ ਸਕਦੇ ਹਨ, ਜਿਵੇਂ ਕਿ ਪਾਣੀ ਜਾ ਚਿੱਕੜ ਵਿੱਚ ਡਿੱਗ ਕੇ ਸਾਹ ਰੁਕਣਾ, ਖੇਤਾਂ ਵਿੱਚ ਜਾਂ ਘਰ ਤੋਂ ਬਾਹਰ ਰਾਤ ਨੂੰ ਡਿੱਗ ਕੇ ਸੁੱਤੇ ਰਹਿਣ ਨਾਲ ਜ਼ਿਆਦਾ ਠੰਡ ਨਾਲ ਸ਼ਰੀਰ ਦਾ ਤਾਪਮਾਨ ਘਟਣਾ, ਬਿਜਲੀ ਦਾ ਕਰੰਟ ਲਗਣਾ, ਅੰਗੀਠੀ ਦੇ ਧੂੰਏ ਨਾਲ ਸਾਹ ਘੁੱਟ ਜਾਣਾ, ਮਕਾਨ ਦੀ ਛੱਤ ਤੋਂ ਜਾਂ ਪੌੜੀਆਂ ਤੋਂ ਡਿੱਗ ਜਾਣਾ, ਡਿੱਗ ਕੇ ਸਿਰ ਦੀ ਅੰਦਰੂਨੀ ਸੱਟ ਲਗਣਾ, ਆਦਿ। ਇਸ ਤੋਂ ਇਲਾਵਾ ਉਹ ਸ਼ਰਾਬ ਜਿਸ ਵਿੱਚ ਨਸ਼ੇ/ਨੀਂਦ ਦੀਆਂ ਗੋਲੀਆਂ ਦੀ ਮਿਲਾਵਟ ਹੋਵੇ ਪੀਣ ਨਾਲ ਵੀ ਮੌਤ ਹੋ ਸਕਦੀ ਹੈ। ***ਜਹਿਰੀਲੀ ਸ਼ਰਾਬ (ਉਹ ਸ਼ਰਾਬ ਜਿਸ ਵਿੱਚ ਮੀਥਾਈਲ ਅਲਕੋਹਲ-Methyl Alchohol, ਮਿਕਸ ਹੋਵੇ) ਪੀਣ ਨਾਲ ਵੀ ਮੌਤ ਹੋ ਸਕਦੀ ਹੈ। ਹੁਣੇ ਕੁੱਝ ਦਿਨ ਪਹਿਲਾਂ ਹੀ ਉਤਰਾਖੰਡ ਅਤੇ ਇਸ ਦੇ ਨਾਲ ਇਲਾਕਿਆਂ ਵਿੱਚ ਤਕਰੀਬਨ ਸੌ ਮੌਤਾਂ ਜਹਿਰੀਲੀ ਸ਼ਰਾਬ ਪੀਣ ਕਾਰਣ ਹੋਈਆਂ ਹਨ।***

ਸੋ ਉਪਰੋਕਤ ਸਾਰੇ ਤੱਥਾਂ ਤੋਂ ਸਪੱਸ਼ਟ ਹੈ ਕਿ ਨਸ਼ਿਆਂ ਨਾਲ ਸੰਬੰਧਿਤ ਮੌਤਾਂ ਇੱਕ ਗੰਭੀਰ ਅਤੇ ਭਖਦਾ ਮਸਲਾ ਹੈ ਜਿਸ ਬਾਰੇ ਸਾਨੂੰ ਸਾਰਿਆਂ ਨੂੰ ਸੁਚੇਤ ਹੋਣ ਦੀ ਲੋੜ ਹੈ ਅਤੇ ਸਮਾਜ ਵਿੱਚ ਅਤੇ ਸਕੂਲਾਂ ਕਾਲਜਾਂ ਵਿੱਚ ਇਸ ਬਾਰੇ ਜਾਣਕਾਰੀ ਪ੍ਰਦਾਨ ਕਰਨ ਦੀ ਬਹੁਤ ਜਰੂਰਤ ਹੈ। ਬੇਸ਼ੱਕ ਨਸ਼ਿਆਂ ਤੋਂ ਗ੍ਰਸਤ ਮਰੀਜਾਂ ਨੂੰ ਲੋੜੀਂਦੀਆਂ ਐਮਰਜੈਂਸੀ ਬਚਾਅ ਵਾਲੀਆਂ ਦੁਆਈਆਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ ਪਰ ਫਿਰ ਵੀ ਹੋਰ ਬਹੁਤ ਹੀਲੇ ਵਸੀਲਿਆਂ ਦੀ ਲੋੜ ਹੈ। ਯੂਨਾਇਟਿਡ ਨੈਸ਼ਨਜ਼ (United Nations) ਵੱਲੋਂ ਵੀ 26 ਜੂਨ ਨੂੰ ਦੁਨੀਆਂ ਭਰ ਵਿੱਚ ਸਾਰੇ ਦੇਸ਼ਾਂ ਦੇ ਸਹਿਯੋਗ ਨਾਲ "ਕੌਮਾਂਤਰੀ ਨਸ਼ਾ ਵਿਰੋਧੀ ਦਿਵਸ" (**International Day against Drug Abuse and illicit Trafficking**) ਮਨਾਇਆ ਜਾਂਦਾ ਹੈ।

**ਸਾਬਕਾ ਪ੍ਰਿੰਸੀਪਲ/ਪ੍ਰੋਫੈਸਰ ਤੇ ਮੁਖੀ,**
**ਸਾਇਕੈਟਰੀ/ਨਸ਼ਾ ਛੁਡਾਊ ਵਿਭਾਗ,**
**ਰਜਿੰਦਰਾ ਹਸਪਤਾਲ, ਪਟਿਆਲਾ**

# ਸੱਤਾਧਾਰੀਆਂ ਅਤੇ 'ਬਾਬਿਆਂ' ਦਾ ਗੱਠਜੋੜ



**ਜਸਵੰਤ ਜੀਰਖ**

ਅੱਜ ਸਾਡੇ ਦੇਸ਼ ਦਾ ਹਾਲ ਇੱਥੋਂ ਦੇ ਸੱਤਾ 'ਤੇ ਕਾਬਜ਼ ਸਿਆਸਤਦਾਨਾਂ ਅਤੇ ਧਰਮ ਦੇ ਨਾਂ ਹੇਠ ਛੁਪੇ 'ਬਾਬਿਆਂ' ਨੇ ਅਜਿਹਾ ਬਣਾ ਦਿੱਤਾ ਹੈ ਕਿ ਆਮ ਲੋਕਾਂ ਨੂੰ ਸਮਝ ਹੀ ਨਹੀਂ ਪੈ ਰਹੀ ਕਿ ਉਹ ਆਪਣੀ ਜ਼ਿੰਦਗੀ ਸੁਧਾਰਨ ਲਈ ਕੀ ਕਰਨ? ਬਹੁਤੇ ਆਪਣੀ ਮਾੜੀ ਕਿਸਮਤ ਨੂੰ ਦੋਸ਼ੀ ਠਹਿਰਾ ਰਹੇ ਹਨ, ਕੁੱਝ ਇਸ ਦੇਸ਼ ਦੇ ਭ੍ਰਿਸ਼ਟ ਸਿਆਸੀ ਆਗੂਆਂ ਖਿਲਾਫ਼ ਚੁੰਝ-ਚਰਚਾ ਕਰਕੇ ਆਪਣਾ ਗੁੱਸਾ ਠੰਢਾ ਕਰ ਲੈਂਦੇ ਹਨ। ਜਦੋਂ ਹਰ ਪਾਸੇ ਹਨੇਰ੍ਹਾ ਹੀ ਹਨੇਰ੍ਹਾ ਦਿਸਦਾ ਹੈ ਤਾਂ ਬਹੁ-ਗਿਣਤੀ ਇਸ ਮੰਦਹਾਲੀ ਤੋਂ ਛੁਟਕਾਰਾ ਪਾਉਣ ਲਈ ਕਿਸੇ ਨਾ ਕਿਸੇ ਸੰਤ, ਬਾਬੇ ਦੇ ਲੜ ਲੱਗ ਕੇ ਉਸ ਦੇ ਡੇਰੇ 'ਚੋਂ ਰਾਹਤ ਲੱਭਣ ਟੁਰ ਪੈਂਦੀ ਹੈ। ਅੱਗੋਂ ਬਾਬੇ ਆਪਣੇ ਪ੍ਰਵਚਨਾਂ ਰਾਹੀਂ ਇਸ ਜਨਮ ਨੂੰ ਝੂਠਾ ਆਖ, ਅਗਲੇ ਜਨਮ ਵਿੱਚ ਲਹਿਰਾਂ-ਬਹਿਰਾਂ ਪ੍ਰਾਪਤ ਕਰਨ ਦੇ ਉਪਦੇਸ਼ਾਂ ਰਾਹੀਂ ਦਸਾਂ ਨਹੁੰਆਂ ਦੀ ਕਿਰਤ ਕਰਕੇ ਦਸਵਾਂ ਹਿੱਸਾ ਦਾਨ-ਪੁੰਨ ਕਰਨ ਦੀ ਨਸੀਹਤ ਦੇ ਕੇ, ਦੁੱਖਾਂ ਤੋਂ ਹੀ ਨਹੀਂ ਸਗੋਂ ਜੰਮਣ-ਮਰਨ ਤੋਂ ਵੀ ਮੁਕਤੀ ਪ੍ਰਾਪਤ ਕਰਨ ਦੇ ਨੁਸਖੇ ਦੱਸ ਕੇ ਨਿਹਾਲ ਕਰ ਦਿੰਦੇ ਹਨ। ਬਸ ਫਿਰ ਕੀ, ਮੁਕਤੀ ਪ੍ਰਾਪਤ ਕਰਕੇ ਸਵਰਗ 'ਚ ਪੱਕੇ ਤੌਰ 'ਤੇ ਸੀਟ ਰਿਜ਼ਰਵ ਕਰਨ ਦੇ ਚੱਕਰਾਂ ਵਿੱਚ ਪੈ ਕੇ, ਬਹੁਤੇ ਲੋਕ ਇਸ ਦੁਨੀਆਂ ਤੋਂ ਕਦੋਂ ਕੂਚ ਕਰ ਜਾਂਦੇ ਹਨ, ਪਤਾ ਹੀ ਨਹੀਂ ਚੱਲਦਾ।

ਇਹਨਾਂ ਬਾਬਿਆਂ ਦੇ ਮਹਿਲ ਨੁਮਾ ਡੇਰਿਆਂ ਵਿੱਚ ਅਕਸਰ ਹੀ ਹਰ ਸੇਵਕ, ਇੱਥੇ ਸਿਆਸੀ ਲੀਡਰਾਂ ਦੀ ਆਉਣੀ-ਜਾਣੀ ਵੇਖਦਾ ਹੈ। ਇਹ ਸਿਆਸੀ ਲੀਡਰ ਜ਼ਿਆਦਾ ਕਰਕੇ ਵੋਟਾਂ ਦੇ ਸੀਜ਼ਨ ਵਿੱਚ ਇਹਨਾਂ ਬਾਬਿਆਂ ਕੋਲ ਗੋਡੇ ਟੇਕਣ ਆਉਂਦੇ ਹਨ। ਜਦੋਂ ਆਮ ਮਨੁੱਖ/ਸੇਵਕ ਇਹ ਸਭ ਕੁੱਝ ਵੇਖਦਾ ਹੈ ਤਾਂ ਅਸਲੀਅਤ ਸਮਝਣ ਦੀ ਬਜਾਏ, ਉਹ ਬਾਬੇ ਅਤੇ ਉਸ ਦੇ ਚਰਨੀ ਲੱਗਣ ਆਏ ਸਿਆਸੀ ਲੀਡਰਾਂ ਦੀਆਂ ਸਿਫ਼ਤਾਂ ਕਰਨ ਦੇ ਰਾਹ ਪੈ ਕੇ ਰਸਤੇ ਤੋਂ ਭਟਕ ਜਾਂਦਾ ਹੈ। ਬਾਬੇ ਤੇ ਲੀਡਰ ਆਪਣੀ ਇਸ ਅੰਦਰਲੀ ਖੇਡ ਰਾਹੀਂ ਲੋਕਾਂ ਨੂੰ ਮੂਰਖ ਬਣਾ ਕੇ ਆਪਣੇ ਮਕਸਦ ਲਈ ਲੰਮੇ ਸਮੇਂ ਤੋਂ ਸਫ਼ਲ ਹੁੰਦੇ ਆ ਰਹੇ ਹਨ। ਵੋਟਾਂ ਵੇਲੇ ਕਈ ਬਾਬੇ ਤਾਂ ਆਪਣੇ ਭਗਤਾਂ ਨੂੰ ਹੁਕਮ ਵੀ ਕਰ ਦਿੰਦੇ ਹਨ ਕਿ ਇਸ ਵਾਰ ਫਲਾਨੀ ਪਾਰਟੀ ਦੇ ਲੀਡਰਾਂ ਨੂੰ ਵੋਟਾਂ ਪਾਉਣੀਆਂ ਹਨ। ਸਿਆਸਤਦਾਨਾਂ ਅਤੇ ਬਾਬਿਆਂ ਦੀ ਇਹ ਖੇਡ ਲਗਾਤਾਰ ਜਾਰੀ ਹੈ। ਜਦੋਂ ਇਸ ਖੇਡ ਰਾਹੀਂ ਸਰਕਾਰ ਹੋਂਦ 'ਚ ਆ ਜਾਂਦੀ ਹੈ ਤਾਂ ਬਾਬੇ ਦੀ ਸੁਰੱਖਿਆ ਲਈ, ਉਸ ਸਰਕਾਰ ਦੀ ਪੂਰੀ ਛਤਰੀ ਤਣ ਜਾਂਦੀ ਹੈ। ਇਸ ਤਰ੍ਹਾਂ ਸਰਕਾਰੀ ਸਹਿ ਹੇਠ ਅਜਿਹੇ ਬਾਬਿਆਂ ਦੀ ਚੜ੍ਹ ਮੱਚਦੀ ਹੈ। ਸਰਕਾਰ ਉਸ ਬਾਬੇ ਦੇ ਡੇਰੇ ਲਈ ਹਰ ਸਹੂਲਤ ਮੁਹੱਈਆ ਕਰਕੇ ਉਸ ਦੇ ਭਗਤਾਂ ਵੱਲੋਂ ਪਾਈਆਂ ਵੋਟਾਂ ਦਾ ਮੁੱਲ ਮੋੜਦੀ ਹੈ। ਇਸ ਤਰ੍ਹਾਂ ਜਿੱਥੇ ਭਗਤਾਂ ਦੀ ਬਾਬੇ ਪ੍ਰਤੀ ਸ਼ਰਧਾ ਬਰਕਰਾਰ ਰਹਿੰਦੀ ਹੈ, ਉੱਥੇ ਬਾਬੇ ਅਤੇ ਸਰਕਾਰਾਂ ਦਾ ਮੰਤਵ ਵੀ ਸਫ਼ਲਤਾ ਪੂਰਵਕ ਨਿਰਵਿਘਨ ਪੂਰਾ ਹੁੰਦਾ ਰਹਿੰਦਾ ਹੈ। ਕਈ ਬਾਬੇ ਤਾਂ ਸਰਕਾਰ ਵੱਲੋਂ ਪ੍ਰਾਪਤ ਸਹਿ ਕਾਰਣ ਇੰਨੇ ਭੂਤਰ ਜਾਂਦੇ ਹਨ ਕਿ ਆਪਣੇ ਡੇਰਿਆਂ ਅੰਦਰ ਇੰਨੀ ਅੱਯਾਸੀ ਕਰਨ ਤੱਕ ਚਲੇ ਜਾਂਦੇ ਹਨ ਕਿ ਆਪਣੀਆਂ ਮੌਜ-ਮਸਤੀਆਂ ਵਿੱਚ ਡੁੱਬ ਕੇ ਸਮਾਜਿਕ ਨਿਯਮਾਂ ਦੀ ਵੀ ਕੋਈ ਪ੍ਰਵਾਹ ਨਹੀਂ ਕਰਦੇ। ਇਹਨਾਂ ਦੀਆਂ ਅਜਿਹੀਆਂ ਖਰਮਸਤੀਆਂ ਲਈ ਸਾਡੀਆਂ ਸਰਕਾਰਾਂ ਬਰਾਬਰ ਦੀਆਂ ਭਾਈਵਾਲ ਹਨ ਕਿਉਂਕਿ ਉਹਨਾਂ ਦੀ ਮੱਦਦ ਨਾਲ ਹੀ ਇਹਨਾਂ ਦੇ ਡੇਰੇ ਹਰ ਚੜ੍ਹਦੇ ਦਿਨ ਵਧਦੇ-ਫੁਲਦੇ ਹਨ।

'ਆਸਾ ਰਾਮ' ਅਤੇ 'ਗੁਰਮੀਤ ਰਾਮ ਰਹੀਮ' ਸਮੇਤ ਕਈਆਂ ਦੇ ਕਾਰਨਾਮੇ ਸਾਡੇ ਸਾਹਮਣੇ ਹਨ ਜਿਹੜੇ ਕਿ ਸਿਆਸਤਦਾਨਾਂ ਅਤੇ ਸਰਕਾਰਾਂ ਦੇ ਬਲਬੂਤੇ ਹੀ ਆਪਣੀਆਂ ਸਲਤਨਤਾਂ ਦੇ 'ਮਹਾਰਾਜੇ' ਬਣੇ ਹੋਏ ਸਨ। ਜੇਕਰ ਕੁੱਝ ਜਾਗਦੀ ਜ਼ਮੀਰ ਵਾਲੇ ਲੋਕ ਇਨ੍ਹਾਂ ਦੀਆਂ ਖਰਮਸਤੀਆਂ ਖਿਲਾਫ਼ ਅੱਗੇ ਨਾ ਆਉਂਦੇ ਤਾਂ ਕਿਸੇ ਵੀ ਸਰਕਾਰ ਨੇ ਇਨ੍ਹਾਂ ਨੂੰ ਸਹਿ ਦੇਣ ਤੋਂ ਆਪਣੇ ਹੱਥ ਪਿੱਛੇ ਨਹੀਂ ਸੀ ਕਰਨੇ। ਇਸੇ ਤਰਜ਼ 'ਤੇ ਹਰ ਤਰ੍ਹਾਂ ਦੇ ਗਲਤ ਵਰਤਾਰਿਆਂ ਨੂੰ ਰੋਕਣ ਲਈ ਲੋਕਾਂ ਨੂੰ ਹੀ ਅੱਗੇ ਆਉਣ ਦੀ ਲੋੜ ਹੈ।

ਲੋਕਾਂ ਵੱਲੋਂ ਆਪਣੀ ਕਿਸਮਤ ਨੂੰ ਕੋਸਣ ਦੀ ਬਜਾਏ ਹਰ ਤਰ੍ਹਾਂ ਦੇ ਬਾਬਿਆਂ ਅਤੇ ਸਿਆਸਤਦਾਨਾਂ ਦੀ ਆਪਸੀ ਸਾਂਝ ਨੂੰ ਸਮਝਣਾ ਅੱਜ ਦੇ ਸਮੇਂ ਦੀ ਅਹਿਮ ਲੋੜ ਹੈ। ਸਿਆਸਤਦਾਨਾਂ ਅਤੇ ਬਾਬਿਆਂ ਦੇ ਡੇਰਿਆਂ ਦੀਆਂ ਜਾਇਦਾਦਾਂ ਕੁੱਝ ਹੀ ਸਾਲਾਂ ਵਿੱਚ ਸੈਂਕੜੇ ਗੁਣਾ ਵਧ ਜਾਂਦੀਆਂ ਹਨ ਜਦੋਂ ਕਿ ਆਮ ਲੋਕਾਂ ਦੀਆਂ ਜਿਉਣ ਹਾਲਤਾਂ ਦਿਨੋ-ਦਿਨ ਬਦ ਤੋਂ ਬਦਤਰ ਹੋ ਰਹੀਆਂ ਹਨ। ਜੇਕਰ ਸਿਆਸਤਦਾਨਾਂ ਅਤੇ ਬਾਬਿਆਂ ਦੀ ਵਿੱਦਿਅਕ ਯੋਗਤਾ ਵੇਖੀ ਜਾਵੇ ਤਾਂ ਇੱਥੇ ਵੀ ਹੈਰਾਨ ਕਰਨ ਵਾਲੇ ਤੱਥ ਸਾਹਮਣੇ ਆਉਂਦੇ ਹਨ। ਇਹਨਾਂ ਦੋਵਾਂ ਦੀ ਇਸ

ਮਾਮਲੇ ਵਿੱਚ ਵੀ ਗਹਿਰੀ ਸਾਂਝ ਵੇਖੀ ਜਾ ਸਕਦੀ ਹੈ। ਬਹੁਤ ਹੀ ਘੱਟ ਅਜਿਹੇ ਬਾਬੇ ਅਤੇ ਸਿਆਸਤਦਾਨ ਹਨ ਜੋ ਕਾਲਜ ਦੀ ਪੜ੍ਹਾਈ ਤੱਕ ਪਹੁੰਚੇ ਹੋਣ, ਜ਼ਿਆਦਾ ਤਾਂ ਹਾਈ ਸਕੂਲ ਤੱਕ ਹੀ ਸੀਮਤ ਹਨ। ਦੂਜੇ ਪਾਸੇ ਦੇਸ਼ ਦੇ ਕਰੋੜਾਂ ਨੌਜਵਾਨ ਉੱਚੀਆਂ ਡਿਗਰੀਆਂ ਪ੍ਰਾਪਤ ਕਰਨ ਦੇ ਬਾਵਜੂਦ ਵੀ ਇਹਨਾਂ ਅਨਪੜ੍ਹ ਸਿਆਸਤਦਾਨਾਂ ਅਤੇ ਬਾਬਿਆਂ ਅੱਗੇ ਬੇਵਸ ਹਨ।

ਹਰ ਸਰਕਾਰ ਦੇ ਮੰਤਰੀਆਂ, ਮੁੱਖ ਮੰਤਰੀ, ਪ੍ਰਧਾਨ ਮੰਤਰੀ ਵੱਲੋਂ ਆਪਣੇ ਅਹੁਦੇ ਸੰਭਾਲਣ ਸਮੇਂ ਭਾਰਤੀ ਸੰਵਿਧਾਨ ਦੀ ਸਹੁੰ ਚੁਕਦਿਆਂ ਹਲਫ ਲਿਆ ਜਾਂਦਾ ਹੈ ਕਿ ਉਹ ਸੰਵਿਧਾਨ ਦੀ ਪਾਲਣਾ ਕਰੇਗਾ। ਪਰ ਇਹ ਸਭ ਕੁੱਝ ਇੱਕ ਰਸਮ ਤੋਂ ਵੱਧ ਕੁੱਝ ਵੀ ਨਹੀਂ ਰਹਿ ਗਿਆ ਕਿਉਂਕਿ ਸੰਵਿਧਾਨ ਦੀ ਉਲੰਘਣਾ ਸਭ ਤੋਂ ਵੱਧ ਇਹ ਹੀ ਕਰਦੇ ਹਨ। ਸੰਵਿਧਾਨ ਵਿੱਚ ਦਰਜ ਹੈ ਕਿ ਦੇਸ਼ ਦਾ ਹਰ ਨਾਗਰਿਕ ਵਿਗਿਆਨਕ ਵਿਚਾਰਾਂ ਦਾ ਧਾਰਨੀ ਬਣੇਗਾ ਅਤੇ ਇਹਨਾਂ ਵਿਚਾਰਾਂ ਨੂੰ ਪ੍ਰਫੁੱਲਤ ਕਰਨ ਲਈ ਪ੍ਰਚਾਰ ਕਰੇਗਾ। ਪਰ ਅੱਜ ਇਹ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਅੱਜ ਵਿਗਿਆਨ ਦੀ ਬਜਾਏ ਗੈਰ-ਵਿਗਿਆਨਕ ਵਿਚਾਰਾਂ ਦਾ ਪ੍ਰਚਾਰ ਜਿੰਨਾ ਸਾਡੇ ਦੇਸ਼ ਦੇ ਸਿਆਸਤਦਾਨ ਕਰ ਰਹੇ ਹਨ, ਓਨਾ ਹੋਰ ਕੋਈ ਨਹੀਂ। ਟੀ.ਵੀ. ਚੈਨਲਾਂ ਅਤੇ ਅਖ਼ਬਾਰ ਜੋ ਕਿ ਸਰਕਾਰ ਦੀ ਮਨਜ਼ੂਰੀ ਬਿਨ੍ਹਾਂ ਨਹੀਂ ਚੱਲ ਸਕਦੇ, ਰਾਹੀਂ ਬਿਨ੍ਹਾਂ ਕਿਸੇ ਰੋਕ-ਟੋਕ, ਧੜੱਲੇ ਨਾਲ ਗੈਰ-ਵਿਗਿਆਨਕ ਅਤੇ ਅੰਧ-ਵਿਸ਼ਵਾਸੀ ਪ੍ਰਚਾਰ ਨੂੰ ਉਤਸਾਹਿਤ ਕੀਤਾ ਜਾ ਰਿਹਾ ਹੈ। ਵਿਗਿਆਨ ਦੀ ਦੇਣ ਟੀ.ਵੀ. ਚੈਨਲਾਂ ਨੇ ਬਾਬਿਆਂ, ਜੋਤਸ਼ੀਆਂ ਆਦਿ ਵੱਲੋਂ ਵੱਡੀ ਪੱਧਰ 'ਤੇ ਗੈਰ-ਵਿਗਿਆਨਕ ਤੇ ਅੰਧ-ਵਿਸ਼ਵਾਸਾਂ ਦੇ ਪ੍ਰਚਾਰ ਨੂੰ ਵਪਾਰ ਬਣਾਇਆ ਹੋਇਆ ਹੈ। ਇਸ ਤੋਂ ਬਿਨ੍ਹਾਂ ਥਾਂ-ਥਾਂ ਜੋਤਸ਼ੀਆਂ, ਤਾਂਤਰਿਕਾਂ ਨੇ ਦੁਕਾਨਾਂ ਖੋਲ੍ਹ ਰੱਖੀਆਂ ਹਨ ਜੋ ਲੋਕਾਂ ਦੀਆਂ ਸਮੱਸਿਆਂ ਦੇ ਹੱਲ ਕਰਨ ਦੇ ਨਾਮ ਹੇਠ ਹਰ ਰੋਜ਼ ਚਿੱਟੇ ਦਿਨ ਲੋਕਾਂ ਨਾਲ ਲੱਖਾਂ ਰੁਪਏ ਦੀਆਂ ਠੱਗੀਆਂ ਮਾਰ ਕੇ ਉਹਨਾਂ ਦੀ ਅਗਿਆਨਤਾ ਦਾ ਰੱਜ ਕੇ ਫਾਇਦਾ ਉਠਾ ਰਹੇ ਹਨ। ਪਰ ਸਰਕਾਰ ਅਤੇ ਪੁਲਿਸ ਪ੍ਰਸਾਸ਼ਨ ਸਭ ਕੁੱਝ ਜਾਣਦੇ ਹੋਏ ਵੀ ਪਤਾ ਨਹੀਂ ਕਿਉਂ ਅਣਜਾਣ ਬਣੇ ਹੋਏ ਹਨ?

ਮੰਤਰੀ ਤੋਂ ਲੈ ਕੇ ਪ੍ਰਧਾਨ ਮੰਤਰੀ ਤੱਕ ਗੈਰ-ਵਿਗਿਆਨਕ ਗੱਲਾਂ ਉੱਪਰ ਵਿਗਿਆਨ ਦਾ ਗਲਾਫ ਚਾੜ੍ਹ ਕੇ ਇਤਿਹਾਸ ਨੂੰ ਪੁੱਠਾ ਗੇੜਾ ਦੇ ਕੇ ਵਿਗਿਆਨ ਦਾ ਮੂੰਹ ਚਿੜਾਉਣ ਲੱਗੇ ਹੋਏ ਵੇਖੇ ਜਾ ਸਕਦੇ ਹਨ। ਸਾਧਾਂ ਨੂੰ ਕੈਬਨਿਟ ਦੇ ਬਰਾਬਰ ਖਿਤਾਬ ਦੇ ਕੇ ਸ਼ਰੇਆਮ ਸੰਵਿਧਾਨ ਦੀ ਉਲੰਘਣਾ ਹੀ ਨਹੀਂ, ਤੌਹੀਨ ਵੀ ਕੀਤੀ ਜਾ ਰਹੀ ਹੈ। ਸਾਰੀਆਂ ਸੱਤਾਧਾਰੀ ਪਾਰਟੀਆਂ ਦੀਆਂ ਸਰਕਾਰਾਂ ਇਹਨਾਂ ਸਾਧਾਂ-ਸੰਤਾਂ ਨੂੰ ਇਸ ਕਰਕੇ ਪਾਲਦੀਆਂ ਆ ਰਹੀਆਂ ਹਨ ਕਿਉਂਕਿ ਇਹ ਲੋਕਾਂ ਨੂੰ ਆਪਣੀਆਂ ਸਮੱਸਿਆਵਾਂ ਦੇ ਅਸਲ ਕਾਰਣਾਂ ਦੀ ਵਿਆਖਿਆ ਕਰਦੇ ਹੋਏ ਕਹਿੰਦੇ ਹਨ ਕਿ ਤੁਹਾਡੇ ਦੁੱਖਾਂ ਲਈ ਸਰਕਾਰਾਂ ਵੱਲੋਂ ਚਲਾਇਆ ਜਾ ਰਿਹਾ ਗਲਤ ਰਾਜ-ਪ੍ਰਬੰਧ ਜ਼ੁੰਮੇਵਾਰ ਨਹੀਂ, ਸਗੋਂ ਤੁਹਾਡੀ ਆਪਣੀ ਮਾੜੀ ਕਿਸਮਤ ਹੀ ਜ਼ੁੰਮੇਵਾਰ ਹੈ। ਇਸ ਤਰ੍ਹਾਂ ਦੇ ਉਪਦੇਸਾਂ ਰਾਹੀਂ ਲੋਕਾਂ ਦੇ ਅੱਖੀਂ ਘੱਟਾ ਪਾ ਕੇ ਅਸਲੀਅਤ ਉੱਪਰ ਪਰਦਾ ਪਾਈ ਰੱਖਦੇ ਹਨ, ਜੋ ਸਰਕਾਰਾਂ ਅਤੇ ਬਾਬਿਆਂ, ਦੋਵਾਂ ਦੇ ਫਿੱਟ ਬੈਠਦਾ ਹੈ। ਬਾਬਿਆਂ ਵੱਲੋਂ ਲੋਕਾਂ ਨੂੰ ਕਿਸਮਤਵਾਦੀ ਬਣਾ ਕੇ ਰੱਖਣਾ ਸਰਕਾਰਾਂ ਦੇ ਪੱਖ ਵਿੱਚ ਭੁਗਤਦਾ ਹੈ। ਹੁਣ ਵੇਖਣਾ ਲੋਕਾਂ ਨੇ ਹੈ ਕਿ ਕੀ ਉਹਨਾਂ ਨੇ ਇਹਨਾਂ ਸਿਆਸਤਦਾਨਾਂ ਅਤੇ ਬਾਬਿਆਂ ਦੇ ਪਿੱਛੇ ਲੱਗੇ ਰਹਿਣਾ ਹੈ ਜਾਂ ਆਪਣੀਆਂ ਤੰਗੀਆਂ-ਤੁਰਸ਼ੀਆਂ ਭਰੀ ਜ਼ਿੰਦਗੀ ਦੇ ਅਸਲ ਕਾਰਣਾਂ ਨੂੰ ਜਾਣ ਕੇ ਉਹਨਾਂ ਨੂੰ ਖਤਮ ਕਰਨ ਲਈ ਅੱਗੇ ਵਧਣਾ ਹੈ? ਅੱਜ ਲਾਜ਼ਮੀ ਤੌਰ 'ਤੇ ਇਸ ਲੁਟੇਰੇ ਕੁਚੱਕਰ ਵਿੱਚੋਂ ਨਿਕਲਣਾ ਸਮੇਂ ਦੀ ਮੁੱਖ ਲੋੜ ਹੈ। ਲੋਕ ਵਿਗਿਆਨਕ ਵਿਚਾਰਾਂ ਰਾਹੀਂ ਇਸ ਸਮਾਜ ਨੂੰ ਸਮਝ ਕੇ ਅੱਗੇ ਵਧਣ ਤਾਂ ਹੀ ਇੱਥੋਂ ਇਹ ਲੁੱਟ ਖਤਮ ਕਰਕੇ ਸਮਾਨਤਾ ਵਾਲਾ ਸਮਾਜ ਹੋਂਦ ਵਿੱਚ ਆ ਸਕਦਾ ਹੈ।

**98151-69825**

---

*ਪੰਨਾ 3 ਦਾ ਬਾਕੀ...*

ਦੀ ਤਾਕਤ ਤੇ ਪੈਸਾ ਸੀ, ਉਸ ਨੂੰ ਵੇਖਦਿਆਂ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਗਵਾਹਾਂ ਉੱਤੇ ਗਵਾਹੀਆਂ ਤੋਂ ਮੁੱਕਰਨ ਲਈ ਦਬਾਅ (ਪੈਸਾ ਸੁੱਟਣ ਅਤੇ ਧਮਕੀਆਂ ਰਾਹੀਂ) ਪਾਇਆ ਗਿਆ ਹੋਵੇਗਾ। ਪਰ ਗਵਾਹ ਸੱਚ ਦੇ ਹੱਕ ਵਿੱਚ ਭੁਗਤੇ।

ਇਹ ਕੇਸ ਇੱਕ ਪੱਤਰਕਾਰ ਨਾਲ ਸਬੰਧਤ ਹੋਣ ਕਰਕੇ ਜ਼ਿਆਦਾ ਮਹੱਤਵਪੂਰਨ ਹੋ ਜਾਂਦਾ ਹੈ ਕਿਉਂਕਿ ਹਾਲ ਦੇ ਵਰ੍ਹਿਆਂ ਵਿੱਚ ਪੱਤਰਕਾਰਾਂ ਪ੍ਰਤੀ ਅਸਹਿਣਸ਼ੀਲਤਾ ਵਧੀ ਹੈ ਤੇ ਉਨ੍ਹਾਂ 'ਤੇ ਹਮਲੇ ਹੋਏ ਹਨ। ਗੌਰੀ ਲੰਕੇਸ਼ ਤੇ ਕਈ ਹੋਰ ਪੱਤਰਕਾਰਾਂ ਨੂੰ ਕਤਲ ਕੀਤਾ ਗਿਆ ਹੈ। ਇਸ ਦੇ ਨਾਲ-ਨਾਲ ਕਈ ਥਾਵਾਂ 'ਤੇ ਸੱਤਾਧਾਰੀ ਧਿਰ ਨੇ ਵੀ ਪੱਤਰਕਾਰਾਂ 'ਤੇ ਨਿਸ਼ਾਨਾ ਸਾਧਿਆ ਹੈ। ਹੁਣੇ ਮਨੀਪੁਰ ਦੇ ਪੱਤਰਕਾਰ ਕਿਸ਼ੋਰਚੰਦਰਾ ਵਾਂਮਖੇਮਚਾ ਨੂੰ ਨੈਸ਼ਨਲ ਸਕਿਉਰਿਟੀ ਐਕਟ ਦੇ ਅਧੀਨ ਇੱਕ ਸਾਲ ਲਈ ਨਜ਼ਰਬੰਦ ਕਰ ਦਿੱਤਾ ਗਿਆ। ਮੀਡੀਆ ਨੂੰ ਲੋਕਰਾਜ ਦਾ ਮਹੱਤਵਪੂਰਨ ਥੰਮ੍ਹ ਕਿਹਾ ਜਾਂਦਾ ਹੈ। ਮੀਡੀਆ ਦੀ ਆਜ਼ਾਦੀ ਤੇ ਪੱਤਰਕਾਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੀ ਲੜਾਈ ਇੱਕ ਵੱਡੇ ਸੰਘਰਸ਼ ਦਾ ਹਿੱਸਾ ਹੈ ਜਿਸ ਵਿੱਚ ਸਭ ਲੋਕਪੱਖੀ ਧਿਰਾਂ ਦੀ ਸ਼ਮੂਲੀਅਤ ਜ਼ਰੂਰੀ ਹੈ। **- ਅਦਾਰਾ**

**(ਸ੍ਰੋਤ : ਰਿਪੋਰਟਿੰਗ 12-1-19 ਅਤੇ 18-1-19, ਸੰਪਾਦਕੀ 12-1-19 (ਪੰਜਾਬੀ ਟ੍ਰਿਬਿਊਨ)**

*23 ਮਾਰਚ*

# ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦਾ ਸ਼ਹੀਦੀ ਦਿਨ



**ਹੇਮ ਰਾਜ ਸਟੈਨੋ**

23 ਮਾਰਚ ਦਾ ਦਿਨ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਜੀਆਂ ਦੇ ਸ਼ਹੀਦੀ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਸ ਸਾਲ ਵੀ ਮਨਾਇਆ ਜਾਵੇਗਾ। ਇਸਨੂੰ ਸਭ ਤਰ੍ਹਾਂ ਦੀਆਂ ਸਿਆਸੀ ਪਾਰਟੀਆਂ ਅਤੇ ਵੱਖੋ-ਵੱਖਰੀਆਂ ਜਥੇਬੰਦੀਆਂ ਆਪੋ-ਆਪਣੇ ਢੰਗ ਨਾਲ ਮਨਾਉਣਗੀਆਂ। ਆਪਣੀ ਸ਼ਹਾਦਤ ਦੇਣ ਪਿੱਛੇ ਇਨ੍ਹਾਂ ਸ਼ਹੀਦਾਂ ਦਾ ਕੀ ਉਦੇਸ਼ ਸੀ, ਅਸੀਂ ਅੱਜ ਇਹ ਵਿਚਾਰ ਕਰਨ ਜਾ ਰਹੇ ਹਾਂ। ਕਿਉਂਕਿ ਉਨ੍ਹਾਂ ਦੇ ਉਦੇਸ਼ ਨੂੰ ਜਾਣੇ ਤੋਂ ਬਿਨ੍ਹਾਂ ਇਨ੍ਹਾਂ ਸ਼ਹੀਦਾਂ ਦੀਆਂ ਦਿੱਤੀਆਂ ਸ਼ਹਾਦਤਾਂ ਦਾ ਸਹੀ ਮੁੱਲ ਨਹੀਂ ਪਾਇਆ ਜਾ ਸਕਦਾ ਭਾਵ ਉਨ੍ਹਾਂ ਦੀ ਕੀਤੀ ਜੱਦੋ-ਜਹਿਦ ਤੋਂ ਕੋਈ ਅਗਵਾਈ ਨਹੀਂ ਲਈ ਜਾ ਸਕਦੀ। ਆਓ ਆਪਣੀ ਗੱਲ ਸ਼ੁਰੂ ਕਰੀਏ।

ਆਮ ਤੌਰ 'ਤੇ ਇਨ੍ਹਾਂ ਸ਼ਹੀਦਾਂ ਨੂੰ ਸਿਰਫ਼ ਅੰਗਰੇਜ਼-ਵਿਰੋਧੀ ਲਹਿਰ ਦੇ ਨਾਇਕਾਂ ਵਜੋਂ ਉਭਾਰਕੇ ਉਨ੍ਹਾਂ ਦਾ ਉਦੇਸ਼ ਸਿਰਫ਼ ਅੰਗਰੇਜ਼ਾਂ ਨੂੰ ਦੇਸ਼ 'ਚੋਂ ਬਾਹਰ ਖਦੇੜਨ ਤੱਕ ਸੁੰਗੇੜ ਦਿੱਤਾ ਜਾਂਦਾ ਹੈ। ਇਹ ਗੱਲ ਠੀਕ ਹੈ ਕਿ ਇਹ ਤਿੰਨੇ ਸ਼ਹੀਦ ਅੰਗਰੇਜ਼ਾਂ ਨੂੰ ਸਾਡੇ ਦੇਸ਼ 'ਚੋਂ ਬਾਹਰ ਕੱਢਣਾ ਚਾਹੁੰਦੇ ਸਨ। ਪਰ ਕਿਉਂ? ਉਨ੍ਹਾਂ ਦੇ ਸ਼ਬਦ ਹੀ ਲਵੋ। ਸ਼ਹੀਦ ਭਗਤ ਸਿੰਘ ਨੇ ਲਿਖਿਆ ਕਿ "....ਕੌਮਾਂ ਰਾਹੀਂ ਕੌਮਾਂ ਦੀ ਲੁੱਟ ਦਾ ਖਾਤਮਾ ਨਾ ਕੀਤਾ ਗਿਆ ਤਾਂ ਮਨੁੱਖਤਾ ਦੇ ਸਿਰ ਉਤੇ ਮੰਡਰਾ ਰਹੇ ਦੁਖਾਂਤ ਅਤੇ ਖ਼ੂਨ ਖਰਾਬੇ ਨੂੰ ਰੋਕਿਆ ਨਹੀਂ ਜਾ ਸਕੇਗਾ। ਜੰਗ ਦਾ ਅੰਤ ਕਰਨ ਅਤੇ ਸੰਸਾਰ ਅਮਨ ਦੇ ਯੁੱਗ ਦਾ ਮੁੱਢ ਬੰਨਣ ਦੀਆਂ ਸਾਰੀਆਂ ਗੱਲਾਂ ਪਖੰਡ ਤੋਂ ਬਿਨਾਂ ਕੁਝ ਨਹੀਂ ਹਨ।...ਇਕ ਵਿਸ਼ਵ ਸੰਗਠਨ ਰਾਹੀਂ ਮਨੁੱਖਤਾ ਨੂੰ ਪੂੰਜੀਵਾਦ ਦੇ ਬੰਧਨਾਂ ਤੋਂ ਅਤੇ ਸਾਮਰਾਜੀ ਜੰਗਾਂ ਦੀ ਤਬਾਹੀ ਤੋਂ ਹਿੰਮਤ ਕਰਕੇ ਆਜ਼ਾਦ ਕਰਵਾਇਆ ਜਾਵੇਗਾ।"[1] ਸੋ ਉਹ ਕਿਸੇ ਵੀ ਕੌਮ ਰਾਹੀਂ ਕਿਸੇ ਦੂਸਰੀ ਕੌਮ ਦੀ ਲੁੱਟ ਦੇ ਖਾਤਮੇ ਦਾ ਉਦੇਸ਼ ਰੱਖਦੇ ਸਨ ਅਤੇ ਸਮੁੱਚੇ ਸੰਸਾਰ ਅੰਦਰ ਲੁੱਟ-ਖਸੁੱਟ ਨੂੰ ਖਤਮ ਕਰਕੇ ਇੱਕ ਵਿਸ਼ਵ-ਭਾਈਚਾਰਾ ਸਿਰਜਣਾ ਚਾਹੁੰਦੇ ਸਨ। ਇਸੇ ਦੀ ਹੀ ਇੱਕ ਕੜੀ ਵਜੋਂ ਉਹ ਅੰਗਰੇਜ਼ਾਂ ਦੁਆਰਾ ਸਾਡੀ ਕੌਮ ਦੀ ਕੀਤੀ ਜਾਂਦੀ ਲੁੱਟ ਨੂੰ ਖਤਮ ਕਰਨ ਲਈ ਅੰਗਰੇਜ਼ਾਂ ਨੂੰ ਸਾਡੇ ਦੇਸ਼ 'ਚੋਂ ਬਾਹਰ ਕਰਨਾ ਚਾਹੁੰਦੇ ਸਨ।

ਪਰ ਕੀ ਉਨ੍ਹਾਂ ਦਾ ਉਦੇਸ਼ ਸਿਰਫ਼ ਸਾਡੇ ਦੇਸ਼ ਨੂੰ ਅੰਗਰੇਜ਼ਾਂ ਦੀ ਲੁੱਟ ਤੋਂ ਬਚਾਉਣਾ ਹੀ ਸੀ? ਇਸਨੂੰ ਜਾਣਨ-ਸਮਝਣ ਲਈ ਸਾਨੂੰ ਭਗਤ ਸਿੰਘ ਦਾ ਲਿਖਿਆ ਹੀ ਪੜ੍ਹ ਲੈਣਾ ਚਾਹੀਦਾ ਹੈ। ਉਨ੍ਹਾਂ ਨੇ ਲਿਖਿਆ ਕਿ "ਅਸੀਂ ਇਹ ਐਲਾਨ ਕਰਦੇ ਹਾਂ ਕਿ ਇਕ ਯੁੱਧ ਚੱਲ ਰਿਹਾ ਹੈ ਤੇ ਇਹ ਤਦ ਤਕ ਚਲਦਾ ਰਹੇਗਾ, ਜਦ ਤਕ ਕੁੱਝ ਤਾਕਤਵਰ ਲੋਕ ਭਾਰਤੀ ਜਨਤਾ ਤੇ ਮਿਹਨਤਕਸ਼ ਲੋਕਾਂ ਨੂੰ ਤੇ ਉਨ੍ਹਾਂ ਦੇ ਆਮਦਨ ਦੇ ਵਸੀਲਿਆਂ ਨੂੰ ਲੁੱਟਦੇ ਰਹਿਣਗੇ। ਉਹ ਲੁਟੇਰੇ ਭਾਵੇਂ ਨਿਰੋਲ ਅੰਗਰੇਜ਼ ਸਰਮਾਏਦਾਰ ਹੋਣ ਜਾਂ ਨਿਰੋਲ ਭਾਰਤੀ ਸਰਮਾਏਦਾਰ ਜਾਂ ਦੋਨੋਂ ਰਲਵੇਂ, ਚਾਹੇ ਉਹ ਜਨਤਾ ਦਾ ਖ਼ੂਨ ਚੂਸਣ ਲਈ ਨਿਰੋਲ ਭਾਰਤੀ ਨੌਕਰਸ਼ਾਹੀ ਜਾਂ ਸਾਂਝੀ ਰਲੀ ਮਿਲੀ ਨੌਕਰਸ਼ਾਹੀ ਦੀ ਮਸ਼ੀਨ ਨੂੰ ਵਰਤਣ।"[2]

ਸੋ ਅੰਗਰੇਜ਼-ਵਿਰੋਧੀ ਲਹਿਰ ਇਨ੍ਹਾਂ ਸ਼ਹੀਦਾਂ ਦੇ ਮਕਸਦ ਦਾ ਇੱਕ ਲੜ ਸੀ ਤਾਂ ਕਿ ਸਾਡੇ ਦੇਸ਼ ਨੂੰ ਅੰਗਰੇਜ਼ਾਂ ਦੀ ਲੁੱਟ ਤੋਂ ਮੁਕਤ ਕੀਤਾ ਜਾ ਸਕੇ। ਇਨ੍ਹਾਂ ਦੀ ਜੱਦੋਜਹਿਦ ਦਾ ਦੂਸਰਾ ਲੜ ਸਾਡੇ ਦੇਸ਼ ਦੇ ਲੁਟੇਰਿਆਂ ਹੱਥੋਂ ਵੀ ਮਨੁੱਖਾਂ ਦੀ ਲੁੱਟ ਖਤਮ ਕਰਨਾ ਸੀ। ਇਸ ਲਈ ਉਹ ਕੀ ਕਰਨਾ ਲੋਚਦੇ ਸਨ? ਉਨ੍ਹਾਂ ਲਿਖਿਆ ਕਿ "ਅਸੀਂ ਵਰਤਮਾਨ ਢਾਂਚੇ ਦੇ ਸਮਾਜਿਕ, ਆਰਥਿਕ ਤੇ ਰਾਜਨੀਤਕ ਪੱਖਾਂ ਵਿਚ ਇਨਕਲਾਬੀ ਤਬਦੀਲੀਆਂ ਲਿਆਉਣ ਦੇ ਹੱਕ ਵਿੱਚ ਹਾਂ। ਚਾਹੁੰਦੇ ਹਾਂ ਕਿ ਵਰਤਮਾਨ ਸਮਾਜ ਨੂੰ ਪੂਰੀ ਤਰ੍ਹਾਂ ਇੱਕ ਨਵੇਂ ਨਰੋਏ ਸਮਾਜ ਵਿਚ ਬਦਲਿਆ ਜਾਵੇ। ਇਸ ਤਰ੍ਹਾਂ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਅਸੰਭਵ ਬਣਾ ਕੇ ਸਾਰੇ ਲੋਕਾਂ ਲਈ ਸਭ ਖੇਤਰਾਂ ਵਿਚ ਪੂਰੀ ਅਜ਼ਾਦੀ ਯਕੀਨੀ ਬਣਾਈ ਜਾਵੇ।"

ਉਨ੍ਹਾਂ ਦੇ ਇਸ ਕਥਨ ਨੂੰ ਸਮਝਣ ਲਈ ਪਹਿਲਾਂ ਸਾਨੂੰ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਕਿਉਂ ਸੰਭਵ ਹੁੰਦੀ ਹੈ ਭਾਵ ਇੱਕ ਮਨੁੱਖ ਦੁਆਰਾ ਦੂਸਰੇ ਮਨੁੱਖ ਦੀ ਲੁੱਟ ਨੂੰ ਅਸੰਭਵ ਕਿਵੇਂ ਬਣਾਇਆ ਜਾ ਸਕਦਾ ਹੈ, ਇਹ ਸਮਝ ਲੈਣਾ ਜ਼ਰੂਰੀ ਹੈ। ਇਸ ਲਈ ਸਾਨੂੰ ਮੋਟੇ ਤੌਰ 'ਤੇ ਆਰਥਕ, ਸਮਾਜਕ ਖੇਤਰਾਂ ਬਾਰੇ ਜਾਣਨਾ ਪਵੇਗਾ।

**ਆਰਥਿਕ ਖੇਤਰ :** ਮਨੁੱਖ ਨੂੰ ਜ਼ਿੰਦਾ ਰਹਿਣ ਲਈ ਆਪਣੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਕਰਨ ਲਈ ਕਿਰਤ ਕਰਨ ਦੀ ਲੋੜ ਪੈਂਦੀ ਹੈ। ਇਹ ਕਿਰਤ ਕਰਨ ਲਈ ਮਨੁੱਖ ਲਈ ਜ਼ਮੀਨ ਅਤੇ ਹੋਰ ਸਾਧਨਾਂ ਦੀ ਜ਼ਰੂਰਤ ਹੁੰਦੀ ਹੈ ਜਿਸ 'ਤੇ ਉਹ ਕਿਰਤ ਕਰ ਸਕੇ। ਇਹ ਕਿਰਤ ਕਰਦਿਆਂ ਹੀ ਮਨੁੱਖਾਂ ਦਰਮਿਆਨ

ਕਿਰਤ ਦੇ ਸਬੰਧ ਬਣਦੇ ਹਨ। ਇਨ੍ਹਾਂ ਕਿਰਤ ਦੇ ਸਬੰਧਾਂ ਅਤੇ ਸਾਧਨਾਂ ਨੂੰ ਮਿਲਾਕੇ ਆਰਥਕ ਖੇਤਰ ਕਿਹਾ ਜਾਂਦਾ ਹੈ।

ਜਗੀਰੂ ਯੁੱਗ ਦੀ ਇੱਕ ਮਿਸਾਲ ਲੈਂਦੇ ਹਾਂ। ਜ਼ਮੀਨ, ਜਾਗੀਰਦਾਰ ਦੀ ਹੈ ਪਰ ਉਸ ’ਤੇ ਖੇਤੀ ਕਰਦੇ ਹਨ ਮੁਜ਼ਾਰੇ। ਉਸ ਜ਼ਮੀਨ ’ਤੇ ਹੋਈ ਪੈਦਾਵਾਰ ਦਾ ਮਾਲਕ ਜਾਗੀਰਦਾਰ ਹੋਵੇਗਾ। ਅੱਗੇ ਉਹ ਮੁਜ਼ਾਰੇ ਨੂੰ ਇਸ ਪੈਦਾਵਾਰ ’ਚੋਂ ਕਿੰਨਾ ਅਤੇ ਕਿਵੇਂ ਹਿੱਸਾ ਦਿੰਦਾ ਹੈ, ਇਹ ਉਸ ਜਾਗੀਰਦਾਰ ’ਤੇ ਨਿਰਭਰ ਕਰਦਾ ਹੈ।

ਹੁਣ ਦੇਖੋ ਕਿ ਪੈਦਾਵਾਰ ਕੀਤੀ ਮੁਜ਼ਾਰਿਆਂ ਨੇ ਪਰ ਮਾਲਕ ਹੈ ਜਾਗੀਰਦਾਰ। ਇਹ ਰਿਸ਼ਤਾ ਕਿਸ ਗੱਲ ਕਰਕੇ ਬਣਿਆ? ਇਹ ਇਸ ਕਰਕੇ ਤੈਅ ਹੋਇਆ ਕਿ ਜ਼ਮੀਨ ਦੀ ਮਾਲਕੀ ਜਾਗੀਰਦਾਰ ਦੀ ਹੈ। ਜਾਗੀਰਦਾਰ ਪੈਦਾਵਾਰ ’ਚੋਂ ਜੋ ਵੀ ਅਤੇ ਜਿੰਨਾ ਵੀ ਜ਼ਿਆਦਾ ਹਿੱਸਾ ਆਪਣੇ ਕੋਲ ਰੱਖੇਗਾ, ਉਹ ਮੁਜ਼ਾਰਿਆਂ ਦੀ ਹੜੱਪੀ ਕਿਰਤ ਹੀ ਹੋਵੇਗੀ। ਇਸ ਤਰ੍ਹਾਂ ਜਾਗੀਰਦਾਰ ਮੁਜ਼ਾਰਿਆਂ ਦੀ ਕਿਰਤ ਦੀ ਲੁੱਟ ਕਰੇਗਾ। ਇਸ ਤਰ੍ਹਾਂ ਨਾਲ ਪੈਦਾਵਾਰੀ ਰਿਸ਼ਤਿਆਂ ਦਾ ਤੱਤ ਲੁੱਟ ਵਾਲਾ ਬਣ ਗਿਆ। ਜਿੰਨਾਂ ਪੈਦਾਵਾਰੀ ਰਿਸ਼ਤਿਆਂ ’ਚ ਲੁੱਟ ਵਾਲਾ ਤੱਤ ਹੋਵੇ ਉਨ੍ਹਾਂ ਨੂੰ ਹੀ ਲੁੱਟ ਦੇ ਰਿਸ਼ਤੇ ਕਿਹਾ ਜਾਂਦਾ ਹੈ।

ਇਨ੍ਹਾਂ ਪੈਦਾਵਾਰੀ ਰਿਸ਼ਤਿਆਂ ’ਚੋਂ ਹੀ ਬਾਕੀ ਸਭ ਰਿਸ਼ਤੇ ਤੈਅ ਹੁੰਦੇ ਹਨ। ਆਪਾਂ ਜਾਗੀਰਦਾਰੀ ਸਮਿਆਂ ਦੀ ਮਿਸਾਲ ਲਈ ਹੈ। ਇਸ ਵਿੱਚ ਆਮ ਸੂਝ-ਬੂਝ ਵੀ ਸਾਨੂੰ ਇਹ ਦਰਸਾ ਦਿੰਦੀ ਹੈ ਕਿ ਜਾਗੀਰਦਾਰ ਅਤੇ ਮੁਜ਼ਾਰੇ ਦੇ ਸਮਾਜਕ ਰਿਸ਼ਤੇ ਕਦੇ ਵੀ ਬਰਾਬਰਤਾ ਵਾਲੇ ਨਾ ਸਨ ਅਤੇ ਨਾ ਹੀ ਹੋ ਸਕਦੇ ਹਨ- ਨਾ ਆਰਥਕ ਤੌਰ ’ਤੇ ਅਤੇ ਨਾ ਹੀ ਸਮਾਜਕ ਤੌਰ ’ਤੇ। ਪੰਜਾਬੀ ’ਚ ਇੱਕ ਗੀਤ ਚੱਲਦਾ ਰਿਹਾ ਹੈ ਕਿ “ਵੇ ਮੈਂ ਪੰਦਰਾਂ ਮੁਰੱਬਿਆਂ ਵਾਲੀ, ਕਚੈਹਿਰੀ ਵਿੱਚ ਮਿਲੇ ਕੁਰਸੀ”। ਇਹ ਉਸ ਸਮਿਆਂ ਦੇ ਪੈਦਾਵਾਰੀ ਰਿਸ਼ਤਿਆਂ ਨੂੰ ਪ੍ਰਗਟ ਕਰਦਾ ਗਾਇਕੀ ਦੀ ਕਲਾ ’ਚ ਢਲਿਆ ਹੋਇਆ ਰੂਪ ਹੈ।

ਇੱਕ ਗੱਲ ਨਾਲ ਇਹ ਸਮਝ ਲੈਣੀ ਚਾਹੀਦੀ ਹੈ ਕਿ ਮੁਜ਼ਾਰੇ ਅਤੇ ਜਗੀਰਦਾਰ ਦੇ ਇਹ ਰਿਸ਼ਤੇ ਕਿਉਂ ਬਣੇ? ਇਹ ਪੈਦਾਵਾਰ ਦੌਰਾਨ ਹੀ ਬਣੇ। ਜੇਕਰ ਮੁਜ਼ਾਰਾ ਪੈਦਾਵਾਰੀ ਅਮਲ ’ਚ ਨਾ ਸ਼ਾਮਲ ਹੁੰਦਾ ਤਾਂ ਕੀ ਫਿਰ ਵੀ ਇਹ ਰਿਸ਼ਤੇ ਬਣਦੇ? ਨਹੀਂ, ਬਿਲਕੁਲ ਵੀ ਨਹੀਂ। ਇਹ ਰਿਸ਼ਤੇ ਇਸ ਕਰਕੇ ਹੀ ਬਣੇ ਜੇਕਰ ਮੁਜ਼ਾਰਾ ਕਿਰਤ ’ਚ ਲੱਗਿਆ ਜਾਂ ਇਸ ਨੂੰ ਕਹਿ ਲਵੋ ਕਿ ਉਹ ਪੈਦਾਵਾਰੀ ਅਮਲ ’ਚ ਲੱਗਿਆ। ਇਸੇ ਲਈ ਇਨ੍ਹਾਂ ਨੂੰ ਪੈਦਾਵਾਰੀ ਸਬੰਧ ਕਿਹਾ ਜਾਂਦਾ ਹੈ।

ਉਪਰੋਕਤ ਮਿਸਾਲ ਤੋਂ ਇਹ ਵੀ ਦੇਖਿਆ ਜਾ ਸਕਦਾ ਹੈ ਕਿ ਕਿਰਤ ਦੀ ਲੁੱਟ ਦਾ ਸਰੋਤ ਕਿਰਤ ਦੇ ਰਿਸ਼ਤਿਆਂ (ਜਾਂ ਸਬੰਧਾਂ) ’ਚ ਪਿਆ ਹੁੰਦਾ ਹੈ। ਕਿਰਤ ਦੇ ਸਬੰਧ ਆਪਣੇ ਤੌਰ ’ਤੇ ਪੈਦਾਵਾਰ ਦੇ ਸਾਧਨਾਂ ਦੀ ਮਾਲਕੀ ’ਤੇ ਨਿਰਭਰ ਕਰਦੇ ਹੁੰਦੇ ਹਨ।

ਇਹ ਗੱਲ ਤਾਂ ਬੜੀ ਸਿੱਧੀ ਜਿਹੀ ਹੈ ਕਿ ਜਿਸ ਦੀ ਲੁੱਟ ਹੋਵੇਗੀ ਉਹ ਥੱਲੇ ਵੱਲ ਨੂੰ ਜਾਵੇਗਾ ਭਾਵ ਗਰੀਬੀ ਦੀ ਦਲਦਲ ’ਚ ਧਸਦਾ ਜਾਵੇਗਾ। ਇਸਦੇ ਉਲਟ ਜਿਹੜਾ ਕਿਰਤ ਦੀ ਲੁੱਟ ਕਰੇਗਾ ਉਹ ਉਤਾਂਹ ਵੱਲ ਜਾਵੇਗਾ ਭਾਵ ਅਮੀਰ ਬਣਦਾ ਤੁਰਿਆ ਜਾਵੇਗਾ। ਇਸ ਤਰ੍ਹਾਂ ਨਾਲ ਸਮਾਜ ਅੰਦਰ ਗਰੀਬੀ ਅਤੇ ਅਮੀਰੀ ਵਰਗੀਆਂ ਅਸਮਾਨਤਾਵਾਂ ਕਾਇਮ ਹੁੰਦੀਆਂ ਹਨ ਅਤੇ ਵਧਦੀਆਂ-ਫੁੱਲਦੀਆਂ ਰਹਿੰਦੀਆਂ ਹਨ।

ਇੱਥੇ ਇਹ ਗੱਲ ਧਿਆਨ ’ਚ ਰੱਖੀ ਜਾਣੀ ਚਾਹੀਦੀ ਹੈ ਕਿ ਇਹ ਅਸਮਾਨਤਾਵਾਂ ਕਿਰਤ ਦੀ ਲੁੱਟ ਦਾ ਕਾਰਨ (Cause) ਨਹੀਂ ਬਣਦੀਆਂ ਬਲਕਿ ਇਹ ਕਿਰਤ ਦੀ ਲੁੱਟ ਦਾ ਪ੍ਰਭਾਵ (Effect) ਹਨ। ਮਨੁੱਖੀ ਪ੍ਰਾਣੀਆਂ ਦਰਮਿਆਨ ਇਹ ਅਸਮਾਨਤਾਵਾਂ ਦਾ ਕਾਰਨ ਕਿਰਤ ਦੀ ਲੁੱਟ ਹੀ ਬਣਦੀ ਹੈ। ਇਸੇ ਲਈ ਭਗਤ ਸਿੰਘ ਹੋਰਾਂ ਲਿਖਿਆ ਸੀ ਕਿ “ਸਿਹਤ ਅਤੇ ਜ਼ਿੰਦਗੀ ਦੇ ਸਵਾਲ ਨੂੰ ਛੱਡ ਕੇ ਅੱਜ ਅਸੀਂ ਇਕ ਬੜਾ ਵੱਡਾ ਸਵਾਲ ਪੁੱਛਣਾ ਚਾਹੁੰਦੇ ਹਾਂ,‘ਦੁਨੀਆਂ ਵਿੱਚ ਇਹ ਦੋ ਪਾਰਟੀਆਂ ਅਮੀਰ, ਵਿਦਵਾਨ, ਸੁਸਤ ਅਤੇ ਹਰਾਮਖੋਰ ਤਾਂ ਇਕ ਪਾਸੇ ਹਨ। ਦੂਜੇ ਪਾਸੇ ਗਰੀਬ, ਮਿਹਨਤਕਸ਼, ਜਾਹਲ, ਅਨਪੜ੍ਹ ਲੋਕ ਹਨ ਜੋ ਕਿ ਦੁਨੀਆਂ ਦੀ ਦੌਲਤ ਨੂੰ ਪੈਦਾ ਕਰਦੇ ਹਨ। ਦੂਸਰਾ ਪਾਸਾ ਕਿਸ ਤਰ੍ਹਾਂ ਵਜੂਦ ਵਿਚ ਆਇਆ? ਦੁਨੀਆਂ ਦੀਆਂ ਤਮਾਮ ਤਹਿਰੀਕਾਂ, ਜੋ ਇਸ ਸੱਚੇ ਸਵਾਲਾਂ ਨੂੰ ਅੱਖੋਂ ਉਹਲੇ ਕਰਦੀਆਂ ਹਨ, ਕੇਵਲ ਬੇਹੂਦਾ, ਫਜ਼ੂਲ ਅਤੇ ਖਤਰਨਾਕ ਹਨ।”

ਜਦੋਂ ਕਿਰਤ ਦੇ ਸਬੰਧਾਂ ’ਚ ਕਿਰਤ ਦੀ ਲੁੱਟ ਹੁੰਦੀ ਹੈ ਤਾਂ ਉਦੋਂ ਸਮਾਜੀ ਖੇਤਰ ਵਿੱਚ ਲੁਟੇਰਾ ਤੱਤ ਭਾਰੂ ਹੁੰਦਾ ਹੈ।

ਸਮਾਜਕ ਖੇਤਰ ਦੀ ਮਿਸਾਲ ਲਵੋ। ਸਾਡੇ ਇੱਥੇ ਜਾਤ-ਪਾਤ ਦਾ ਬੋਲਬਾਲਾ ਹੈ। ਉੱਘੀ ਲੇਖਿਕਾ ਡਾ.ਰੰਗਾਨਾਯਕਾਮਾ ਇਸ ਨੂੰ ਇਉਂ ਬਿਆਨਦੀ ਹੈ “ਸਮਾਜ ਵਿੱਚ ਅਖੌਤੀ ਉੱਚੀਆਂ ਜਾਤੀਆਂ ਕੁੱਝ ਇਉਂ ਸੋਚਦੀਆਂ ਹਨ ਕਿ ਅਸੀਂ ਸ਼੍ਰੇਸ਼ਠ ਜਾਂ ਉੱਤਮ ਵਿਅਕਤੀ ਹਾਂ। ਅਖੌਤੀ ਨੀਵੀਆਂ ਜਾਤੀ ਦੇ ਸਾਰੇ ਲੋਕ ਘਟੀਆ ਕਿਸਮ ਦੇ ਵਿਅਕਤੀ ਹਨ। ਉਨ੍ਹਾਂ ਸਾਰਿਆਂ ਨੂੰ ਸਾਡੀਆਂ ਉੱਚੀਆਂ ਜਾਤੀਆਂ ਦੇ ਲੋਕਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ।” ਹੁਣ ਇਹ ਸੋਚਣਾ ਬਣਦਾ ਹੈ ਕਿ ਅਖੌਤੀ ਉੱਚੀਆਂ ਜਾਤੀਆਂ ਦੇ ਪ੍ਰਾਣੀਆਂ ਦੇ ਦਿਮਾਗ ’ਚ ਇਹ ਵਿਚਾਰ ਕਿੱਥੋਂ ਪੈਦਾ ਹੋਇਆ, ਭਾਵ ਇਸਦੇ ਪੈਦਾ ਹੋਣ ਦਾ ਸ੍ਰੋਤ ਕੀ ਹੈ? ਇਹ ਵਿਚਾਰ ਫਿਰ ਹੀ ਪੈਦਾ ਹੋਇਆ ਕਿਉਂਕਿ ਅਖੌਤੀ ਉੱਚੀਆਂ ਜਾਤੀਆਂ ਦੇ ਪ੍ਰਾਣੀ ਅਖੌਤੀ ਨੀਵੀਆਂ ਜਾਤੀਆਂ

ਦੇ ਪ੍ਰਾਣੀਆਂ 'ਤੋਂ ਵੱਧ ਹੱਕ ਮਾਣਦੇ ਹਨ। ਇਸ ਲਈ ਇਹ ਸਮਾਜਕ ਲੁੱਟ ਦੇ ਘੇਰੇ 'ਚ ਆਉਂਦਾ ਹੈ। ਮਨੁੱਖੀ ਪ੍ਰਾਣੀਆਂ ਦਰਮਿਆਨ ਇਹ ਅਸਮਾਨਤਾ ਲੁੱਟ-ਖਸੁੱਟ ਦੀ ਨੀਂਹ 'ਤੇ ਟਿਕੇ ਪ੍ਰਬੰਧ ਦਾ ਹੀ ਪ੍ਰਭਾਵ (Effect) ਹੈ।

ਸੋ ਮੁਕਦੀ ਗੱਲ ਇਹ ਹੈ ਕਿ ਜੇਕਰ ਆਰਥਕ ਖੇਤਰ ਲੁੱਟ-ਆਧਾਰਤ ਹੈ ਜਾਂ ਲੁੱਟ ਦੇ ਰਿਸ਼ਤਿਆਂ ਵਾਲਾ ਹੈ ਤਾਂ ਉਸ 'ਤੇ ਉੱਸਰੇ ਸਮੁੱਚੇ ਖੇਤਰਾਂ ਵਿੱਚ ਵੀ ਅਜਿਹੇ ਹੀ ਸਬੰਧ ਹੋਣਗੇ। ਇਨ੍ਹਾਂ ਨੂੰ ਹੀ ਆਰਥਕ-ਸਮਾਜੀ ਬਣਤਰ ਜਾਂ ਪ੍ਰਬੰਧ (Socio-economic formation) ਕਿਹਾ ਜਾਂਦਾ ਹੈ।ਆਰਥਕ-ਸਮਾਜੀ ਬਣਤਰ ਦਾ ਆਧਾਰ ਪੈਦਾਵਾਰੀ ਰਿਸ਼ਤੇ ਹੁੰਦੇ ਹਨ। ਇਸੇ 'ਤੇ ਬਾਕੀ ਦਾ ਉਸਾਰ ਭਾਵ ਸਿਆਸੀ ਪ੍ਰਬੰਧ, ਨਿਆਂਪਾਲਿਕਾ, ਕਾਰਜਪਾਲਿਕਾ ਅਤੇ ਹਥਿਆਰਬੰਦ ਬਲਾਂ ਆਦਿ ਦਾ ਉਸਾਰ ਉੱਸਰਦਾ ਹੈ ਜੋ ਇਸੇ ਪ੍ਰਬੰਧ ਨੂੰ ਬਚਾਉਣ ਦੀ ਢਾਲ ਬਣਦਾ ਹੈ।

ਆਰਥਿਕ-ਸਮਾਜੀ ਬਣਤਰ ਨੂੰ ਸਮਝੇ ਵਗੈਰ ਸਮਾਜ 'ਚ ਚੱਲਦੇ ਕਿਸੇ ਵੀ ਵਰਤਾਰੇ ਨੂੰ ਸਮਝਣਾ ਸੰਭਵ ਨਹੀਂ। ਉੱਘੇ ਮਾਰਕਸੀ ਚਿੰਤਕ ਅਤੇ ਲੇਖਕ ਨੇ ਲਿਖਿਆ ਕਿ " ਪੈਦਾਵਾਰੀ ਸਬੰਧ ਸਮਾਜ ਦੇ ਬਾਕੀ ਸਾਰੇ ਵਰਤਾਰਿਆਂ ਤੇ ਅਮਲਾਂ ਨਾਲ ਸਬੰਧਤ ਹੁੰਦੇ ਹਨ। ਇਹ ਸਬੰਧ ਸਪੱਸ਼ਟ ਅਤੇ ਜਾਂ ਫਿਰ ਥੋੜਾ-ਮੋਟਾ ਧੁੰਦਲਾ ਹੋ ਸਕਦਾ ਹੈ ਪਰ ਇਹ ਹੁੰਦਾ ਜ਼ਰੂਰ ਹੈ। ਅਤੇ ਇਸ ਸਬੰਧ ਨੂੰ ਖੋਜਣਾ ਇਤਿਹਾਸ ਦੇ ਪਦਾਰਥਵਾਰਦੀ ਸੰਕਲਪ ਦਾ ਸਭ ਤੋਂ ਅਹਿਮ ਲੱਛਣ ਹੈ।ਚਾਹੇ ਅਸੀਂ ਕਿਸੇ ਵੀ ਸਮਾਜਿਕ ਵਰਤਾਰੇ ਦੀ ਗੱਲ ਕਰ ਲਈਏ - ਰਾਜ, ਵਿਗਿਆਨ ਜਾਂ ਨੈਤਿਕਤਾ, ਭਾਸ਼ਾ, ਕਲਾ ਜਾਂ ਹੋਰ ਕੋਈ ਵੀ ਸਮਾਜਕ ਵਰਤਾਰਾ- ਇਨ੍ਹਾਂ ਨੂੰ ਆਪਣੇ-ਆਪ ਵਿੱਚ ਇਕਹਿਰੇ ਤੌਰ 'ਤੇ ਨਿਖੇੜ ਕੇ ਨਹੀਂ ਸਮਝਿਆ ਜਾ ਸਕਦਾ ਸਗੋਂ ਇਨ੍ਹਾਂ ਨੂੰ ਸਿਰਫ ਅਜਿਹੇ ਵਰਤਾਰੇ ਹੋਣ ਵਜੋਂ ਸਮਝਣਾ ਪਵੇਗਾ ਜੋ ਸਮਾਜ ਦੁਆਰਾ ਪੈਦਾ ਕੀਤੇ ਗਏ ਹਨ ਅਤੇ ਇਹ ਵਿਸ਼ੇਸ਼ ਸਮਾਜਿਕ ਲੋੜਾਂ ਦੀ ਪੂਰਤੀ ਦੇ ਹੀ ਅਨੁਸਾਰੀ ਹਨ। ਜਿਸ ਪ੍ਰਕਾਰ ਕਿਸੇ ਵਿਸ਼ੇਸ਼ ਸਮਾਜ ਦੇ ਲੋਕਾਂ ਦਾ ਜਿਉਣ-ਢੰਗ, ਬੁਨਿਆਦੀ ਤੌਰ 'ਤੇ ਉਨ੍ਹਾਂ ਦੇ ਪੈਦਾਵਾਰੀ ਰਿਸਤਿਆਂ ਦੁਆਰਾ ਨਿਰਧਾਰਿਤ ਹੁੰਦਾ ਹੈ, ਉਸੇ ਪ੍ਰਕਾਰ ਦੂਸਰੇ ਸਾਰੇ ਸਮਾਜਿਕ ਵਰਤਾਰੇ ਵੀ ਆਖਰਕਾਰ ਪੈਦਾਵਾਰੀ ਸਬੰਧਾਂ ਉਪਰ ਨਿਰਭਰ ਕਰਦੇ ਹਨ ਅਤੇ ਉਨ੍ਹਾਂ ਦੇ ਅਨੁਸਾਰ ਹੀ ਅੱਗੇ ਵਧਦੇ ਹਨ।"[4]

ਸੋ ਅਸਮਾਨਤਾਵਾਂ ਅਤੇ ਵਿਤਕਰੇ ਦਾ ਕਾਰਨ ਪੈਦਾਵਾਰੀ ਰਿਸ਼ਤਿਆਂ 'ਚ ਹੁੰਦੀ ਕਿਰਤ ਦੀ ਲੁੱਟ ਹੀ ਹੈ। ਇਹ ਅਸਮਾਨਤਾਵਾਂ ਉਦੋਂ ਤੱਕ ਰਹਿਣਗੀਆਂ ਜਦੋਂ ਤੱਕ ਕਿਰਤ ਦੀ ਲੁੱਟ ਹੁੰਦੀ ਰਹੇਗੀ। ਇਸ ਗੱਲ ਦੀ ਪ੍ਰੋੜਤਾ ਤਾਂ ਮੁਢਲਾ ਮਨੁੱਖੀ ਦੌਰ, ਜਿਸਨੂੰ ਮੁਢਲਾ ਕਮਿਊਨ ਕਿਹਾ ਜਾਂਦਾ ਹੈ, ਹੀ ਕਰ ਦਿੰਦਾ ਹੈ। ਉਦੋਂ ਜੋ ਕੁਦਰਤ 'ਚੋਂ ਮਿਲਦਾ ਸੀ, ਸਾਰੇ ਰਲਕੇ ਹਾਸਲ ਕਰਦੇ ਸਨ ਅਤੇ ਵੰਡ ਕੇ ਛਕ ਲੈਂਦੇ ਸਨ। ਉਦੋਂ ਨਿੱਜੀ ਜਾਇਦਾਦ ਨਾ ਹੋਣ ਕਰਕੇ ਕੋਈ ਮੇਰ-ਤੇਰ ਨਹੀਂ ਸੀ। ਉਦੋਂ ਸਭ ਮਨੁੱਖਾਂ ਦਰਮਿਆਨ ਬਰਾਬਰਤਾ ਵਾਲੇ ਸਬੰਧ ਸਨ। ਸੋ ਕਿਸੇ ਵੀ ਸਮੇਂ ਦਾ ਜਿਹੋ-ਜਿਹਾ ਆਰਥਕ-ਸਮਾਜਕ ਪ੍ਰਬੰਧ ਹੁੰਦਾ ਹੈ, ਉਹੋ ਜਿਹੀ ਹੀ ਮਨੁੱਖੀ ਪ੍ਰਾਣੀਆਂ ਦੀ ਹੋਣੀ ਹੁੰਦੀ ਹੈ।

ਇੱਥੇ ਨਾਲ ਦੀ ਨਾਲ ਇਹ ਵੀ ਧਿਆਨ 'ਚ ਕਰ ਲੈਣਾ ਚਾਹੀਦਾ ਹੈ ਕਿ:

ਪਹਿਲਾ, ਪੁਰਾਣੇ ਪੈਦਾਵਾਰੀ ਰਿਸ਼ਤੇ ਬਦਲਕੇ ਨਵੇਂ ਸਥਾਪਤ ਹੋ ਜਾਣ 'ਤੇ ਸਮੁੱਚਾ ਆਰਥਕ-ਸਮਾਜਕ ਤਾਣਾ-ਬਾਣਾ ਵੀ ਬਦਲ ਜਾਂਦਾ ਹੈ। ਜਿਵੇਂ ਮੁਢਲਾ ਕਮਿਊਨ, ਗੁਲਾਮ-ਮਾਲਕੀ, ਜਗੀਰੂ, ਸਰਮਾਏਦਾਰਾ, ਸਮਾਜਵਾਦੀ ਆਦਿ ਆਦਿ ਬਦਲਦੇ ਰਹੇ ਹਨ। ਇਸੇ ਨੂੰ ਯੁੱਗ ਬਦਲੀ ਕਿਹਾ ਜਾਂਦਾ ਹੈ।

ਦੂਸਰਾ, ਇੱਕ ਸਮਾਜਕ-ਆਰਥਕ ਸਰੂਪ ਨੂੰ ਦੂਸਰੇ ਨਾਲੋਂ ਵੱਖ ਕਰਨ ਦਾ ਪੈਮਾਨਾ ਸਿਰਫ ਤੇ ਸਿਰਫ ਪੈਦਾਵਾਰੀ ਢੰਗ ਹੀ ਬਣਦਾ ਹੈ।

ਤੀਸਰਾ, ਜਦੋਂ ਤੱਕ ਪੈਦਾਵਾਰੀ ਰਿਸ਼ਤਿਆਂ 'ਚ ਲੁੱਟ ਵਾਲਾ ਅੰਸ਼ ਮੌਜੂਦ ਰਹਿੰਦਾ ਹੈ ਉਦੋਂ ਤੱਕ ਕਿਰਤ ਕਰਨ ਵਾਲੇ ਅਤੇ ਕਿਰਤ ਦੀ ਲੁੱਟ ਕਰਨ ਵਾਲਿਆਂ ਦਰਮਿਆਨ ਰਿਸ਼ਤੇ ਕਦੇ ਵੀ ਬਰਾਬਰਤਾ ਵਾਲੇ ਨਹੀਂ ਹੋ ਸਕਦੇ। ਇਹ ਹਮੇਸ਼ਾ ਹੀ ਕਿਰਤੀਆਂ ਦੇ ਦਬੇ ਹੋਣ ਅਤੇ ਕਿਰਤ ਹੜੱਪਣ ਵਾਲਿਆਂ ਦੇ ਦਾਬੇ ਵਾਲੇ ਹੋਣ ਵਜੋਂ ਹੋਣਗੇ।

ਇਸੇ ਲਈ ਲੁਟੇਰੇ ਆਰਥਕ-ਸਮਾਜਕ ਪ੍ਰਬੰਧ ਨੂੰ ਤਬਦੀਲ ਕਰਨ ਦੀ ਗੱਲ ਕਰਦਿਆਂ ਭਗਤ ਸਿੰਘ ਨੇ ਲਿਖਿਆ ਸੀ ਕਿ "ਅਸੀਂ ਵਰਤਮਾਨ ਢਾਂਚੇ ਦੇ ਸਮਾਜਿਕ, ਆਰਥਿਕ ਤੇ ਰਾਜਨੀਤਕ ਪੱਖਾਂ ਵਿਚ ਇਨਕਲਾਬੀ ਤਬਦੀਲੀਆਂ ਲਿਆਉਣ ਦੇ ਹੱਕ ਵਿੱਚ ਹਾਂ। ਚਾਹੁੰਦੇ ਹਾਂ ਕਿ ਵਰਤਮਾਨ ਸਮਾਜ ਨੂੰ ਪੂਰੀ ਤਰ੍ਹਾਂ ਇੱਕ ਨਵੇਂ ਨਰੋਏ ਸਮਾਜ ਵਿਚ ਬਦਲਿਆ ਜਾਵੇ। ਇਸ ਤਰ੍ਹਾਂ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਅਸੰਭਵ ਬਣਾ ਕੇ ਸਾਰੇ ਲੋਕਾਂ ਲਈ ਸਭ ਖੇਤਰਾਂ ਵਿਚ ਪੂਰੀ ਅਜ਼ਾਦੀ ਯਕੀਨੀ ਬਣਾਈ ਜਾਵੇ। ਅਸੀਂ ਮਹਿਸੂਸ ਕਰਦੇ ਹਾਂ ਕਿ ਜਿੰਨਾ ਚਿਰ ਸਮਾਜਿਕ ਢਾਂਚਾ ਬਦਲਿਆ ਨਹੀਂ ਜਾਂਦਾ ਤੇ ਉਸ ਦੀ ਥਾਂ ਸਮਾਜਵਾਦੀ ਸਮਾਜ ਸਥਾਪਤ ਨਹੀਂ ਹੁੰਦਾ, ਸਾਰੀ ਦੁਨੀਆਂ ਇਕ ਤਬਾਹਕੁੰਨ ਪਰਲੋ ਦੇ ਖਤਰੇ ਹੇਠ ਰਹੇਗੀ।"[5]

ਸੋ ਇਸ ਤੋਂ ਸਾਫ ਹੈ ਕਿ ਉਨ੍ਹਾਂ ਦਾ ਉਦੇਸ਼ ਸਾਡੇ ਦੇਸ਼ ਅੰਦਰ ਇੱਕ ਇਨਕਲਾਬੀ ਤਬਦੀਲੀ ਰਾਹੀਂ ਬਰਾਬਰਤਾ ਵਾਲੇ ਸਮਾਜ ਦੀ ਸਿਰਜਣਾ ਸੀ।

ਸੋ ਇਸ ਵਿਚਾਰ-ਚਰਚਾ ਦਾ ਨਿਚੋੜ ਇਸ ਤਰ੍ਹਾਂ ਬਣ ਜਾਂਦਾ ਹੈ ਕਿ ਜੇਕਰ ਆਰਥਕ-ਸਮਾਜਕ ਬਣਤਰ ਲੁਟੇਰੇ ਤੱਤ ਵਾਲੀ ਹੈ ਤਾਂ ਅਜਿਹੇ ਯੁੱਗ ਦੌਰਾਨ ਕਿਰਤੀ ਵਰਗ ਆਪਣੇ ਆਰਥਕ ਸੁਧਾਰਾਂ ਲਈ ਲੜਦਿਆਂ ਹੋ ਸਕਦੈ ਕੁੱਝ ਕੁ ਆਰਥਕ ਰਿਆਇਤਾਂ ਹਾਸਲ ਕਰ ਲਵੇ ਪਰ ਉਸ ਦੀ ਕਿਰਤ ਦੀ ਲੁੱਟ ਹੁੰਦੀ ਹੋਣ ਕਰਕੇ ਉਸਦੀ ਦੁਰਦਸ਼ਾ ਬਣੀ ਰਹਿਣੀ ਅਟੱਲ ਹੈ। ਇਹ ਇੱਕ ਅਜਿਹਾ ਨਿਯਮ ਹੈ ਜਿਸਨੂੰ ਆਰਥਕ ਸੁਧਾਰ ਬਦਲ ਨਹੀਂ ਸਕਦੇ। ਇਸ ਲਈ ਸੁਧਾਰਾਂ ਦੀ ਲੜਾਈ ਭਾਵੇਂ ਲੜੀ ਜਾਵੇ ਪਰ ਜਿਨਾ ਚਿਰ ਲੁਟੇਰਾ ਆਰਥਕ-ਸਮਾਜਕ ਬਣਤਰ ਤਬਦੀਲ ਨਹੀਂ ਕੀਤੀ ਜਾਂਦੀ ਉਨਾਂ ਚਿਰ ਕਿਰਤੀ ਵਰਗ ਦੀ ਦੁਰਦਸ਼ਾ ਬਣੀ ਹੀ ਰਹਿਣੀ ਹੈ। ਸੋ ਜਿਹੜੀਆਂ ਵੀ ਅਗਾਂਹਵਧੂ ਸ਼ਕਤੀਆਂ ਹਨ, ਉਨ੍ਹਾਂ ਨੂੰ ਲੋਕਾਂ ਨੂੰ ਸਮਾਜਕ-ਪ੍ਰਬੰਧ ਦੀ ਤਬਦੀਲੀ ਲਈ ਜਾਗਰੂਕ ਤੇ ਜਥੇਬੰਦ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਨਾਲ ਹੀ ਸਹੀ ਮਾਅਨਿਆਂ 'ਚ ਇਨ੍ਹਾਂ ਤਿੰਨੇ ਸ਼ਹੀਦਾਂ ਦਾ ਸ਼ਹੀਦੀ ਦਿਵਸ ਮਨਾਉਣਾ ਹੋਵੇਗਾ।

ਇੱਥੇ ਇੱਕ ਸਵਾਲ ਤਰਕਸ਼ੀਲਾਂ ਦੇ ਮਨਾਂ 'ਚ ਪੈਦਾ ਹੋ ਸਕਦਾ ਹੈ ਕਿ ਸਾਡੀ ਲੜਾਈ ਤਾਂ ਅੰਧ-ਵਿਸ਼ਵਾਸਾਂ ਖਿਲਾਫ਼ ਹੈ, ਸਾਡਾ ਇਸ ਉਦੇਸ਼ ਨਾਲ ਕੀ ਲਾਗਾ-ਦੇਗਾ ਹੈ। ਇਸਨੂੰ ਸਮਝਣਾ ਚਾਹੀਦਾ ਹੈ। ਲੋਕਾਂ ਦੀਆਂ ਮੰਦੀਆਂ ਹਾਲਤਾਂ ਹਨ, ਇਹਨਾਂ ਦੇ ਕਾਰਨ ਉਨ੍ਹਾਂ ਦੀ ਸਮਝ ਤੋਂ ਬਾਹਰ ਹਨ। ਉਹ ਜਾਂ ਤਾਂ ਇਸਨੂੰ ਕਿਸਮਤ ਦਾ ਚੱਕਰ ਜਾਂ ਫਿਰ ਅਗਲੇ-ਪਿਛਲੇ ਜਨਮ ਦਾ ਫਲ ਜਾਂ ਇਸੇ ਤਰ੍ਹਾਂ ਹੋਰ ਦਾ ਹੋਰ ਸਮਝਕੇ ਹੀ ਕਿਸੇ ਅੰਧ-ਵਿਸ਼ਵਾਸ 'ਚ ਫਸਦੇ ਹਨ। ਸਾਨੂੰ ਪਦਾਰਥਵਾਦੀ ਫਲਸਫੇ ਦਾ ਮੁਢਲਾ ਨਿਯਮ ਜਾਣਨਾ-ਸਮਝਣਾ ਚਾਹੀਦਾ ਹੈ ਕਿ ਕੋਈ ਵੀ ਵਿਚਾਰ ਸਮੇਂ ਦੀਆਂ ਪਦਾਰਥਕ ਹਾਲਤਾਂ ਤੋਂ ਪੈਦਾ ਹੁੰਦੇ ਹਨ। ਇੱਕ ਵਾਰੀ ਮੈਨੂੰ ਕਿਸੇ ਲੇਖ ਦੇ ਸਬੰਧ 'ਚ ਇੱਕ ਪਾਠਕ ਸਾਥੀ ਨੇ ਫੋਨ ਰਾਹੀਂ ਸਵਾਲ ਕੀਤਾ ਕਿ "ਤੁਸੀਂ ਲਿਖਿਆ ਹੈ ਕਿ ਨਿੱਜੀ ਜਾਇਦਾਦ ਹੀ ਲੁੱਟ ਦਾ ਕਾਰਨ ਬਣਦੀ ਹੈ, ਜੇਕਰ ਗੱਲ ਇਉਂ ਹੈ ਤਾਂ ਸਾਧ-ਸੰਤ ਤਾਂ ਬਿਨ੍ਹਾਂ ਜਾਇਦਾਦ ਦੇ ਹੀ ਲੋਕਾਂ ਨੂੰ ਲੁੱਟ ਲੈਂਦੇ ਹਨ?" ਮੇਰਾ ਜਵਾਬ ਉਸ ਸਾਥੀ ਨੂੰ ਇਹੀ ਸੀ ਕਿ ਸਾਧਾਂ-ਸੰਤਾਂ ਦੇ ਮਨ'ਚ ਲੁੱਟ ਦਾ ਸਵਾਲ ਪੈਦਾ ਤਾਂ ਨਿੱਜੀ ਜਾਇਦਾਦ ਹੀ ਕਰਦੀ ਹੈ। ਜੇਕਰ ਇਹ ਨਾ ਹੋਵੇ ਤਾਂ ਉਨ੍ਹਾਂ ਦੇ ਮਨਾਂ 'ਚ ਵੀ ਲੁੱਟ ਦਾ ਸਵਾਲ ਹੀ ਪੈਦਾ ਨਹੀਂ ਹੋਵੇਗਾ। ਸੋ ਜੇ ਅੱਜ ਵਾਲੀਆਂ ਅਸਮਾਨਤਾਵਾਂ ਅਤੇ ਮੰਦੀਆਂ ਹਾਲਤਾਂ ਨਹੀਂ ਰਹਿਣਗੀਆਂ ਤਾਂ ਅੱਜ ਦੇ ਅੰਧ-ਵਿਸ਼ਵਾਸੀ ਵਿਚਾਰ ਵੀ ਨਹੀਂ ਹੋਣਗੇ। ਗੱਲ ਇਸਦੇ ਉਲਟ ਬਿਲਕੁਲ ਵੀ ਸੰਭਵ ਨਹੀਂ ਕਿ ਅੱਜ ਵਾਲੀਆਂ ਅਸਮਾਨਤਾਵਾਂ ਅਤੇ ਮੰਦੀਆਂ ਹਾਲਤਾਂ ਵਾਲਾ ਪਦਾਰਥਕ ਆਧਾਰ ਤਾਂ ਕਾਇਮ ਰਹੇ ਪਰ ਅੰਧ-ਵਿਸ਼ਵਾਸ ਖਤਮ ਹੋ ਜਾਣ, ਹਾਂ ਸਾਡੀ ਪ੍ਰੇਰਨਾ ਨਾਲ ਇਨ੍ਹਾਂ ਦਾ ਅਸਰ ਕੁੱਝ ਘਟ ਸਕਦਾ ਹੈ। ਸੋ ਸਾਡੇ ਤਰਕਸ਼ੀਲਾਂ ਦੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਲੋਕਾਈ ਦੀਆਂ ਅੱਜ ਦੀ ਗੈਰ-ਬਰਾਬਰੀ ਵਾਲੀਆਂ ਅਤੇ ਮੰਦੀਆਂ ਹਾਲਤਾਂ ਦੇ ਕਾਰਨਾਂ ਨੂੰ ਜਾਣਨ-ਸਮਝਣ ਅਤੇ ਲੋਕਾਂ ਨੂੰ ਇਨ੍ਹਾਂ ਬਾਰੇ ਜਾਗਰੂਕ ਕਰਦਿਆਂ ਅੰਧ-ਵਿਸ਼ਵਾਸਾਂ ਤੋਂ ਮੁਕਤ ਕਰਨ ਲਈ ਯਤਨਸ਼ੀਲ ਹੋਣ।

**ਹਵਾਲੇ :-**


1. ਸ਼ਹੀਦ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਦੀਆਂ ਲਿਖਤਾਂ, ਸਫਾ 258
2. ਸ਼ਹੀਦ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਦੀਆਂ ਲਿਖਤਾਂ, ਸਫਾ 370
3. ਸ਼ਹੀਦ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਦੀਆਂ ਲਿਖਤਾਂ, ਸਫਾ 209
4. Doug Lorimer : Fundamentals of Historical Materialism, Published by AAKAR BOOKS, 2006, ਸਫਾ 108-109
5. ਸ਼ਹੀਦ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਦੀਆਂ ਲਿਖਤਾਂ, ਸਫਾ 306


**98769-53561**

## ਤਵਾਰੀਖ ਦਾ ਹਿੱਸਾ ਬਣੇ ਦਿਨ

| | |
|---|---|
| 2 ਮਾਰਚ | : ਰੇਡੀਓ ਐਕਟੀਵਿਟੀ ਦੀ ਖੋਜ (1896) |
| 8 ਮਾਰਚ | : ਕੌਮਾਂਤਰੀ ਔਰਤ ਦਿਵਸ |
| 10 ਮਾਰਚ | : ਟੈਲੀਫੋਨ ਰਾਹੀਂ ਪਹਿਲੀ ਗੱਲ ਕੀਤੀ ਗਈ ਜੋ ਇਸ ਦੇ ਖੋਜੀ ਗਰਾਹਮ ਬੈੱਲ ਨੇ ਕੀਤੀ (1876) |
| 13 ਮਾਰਚ | : ਸ਼ਹੀਦ ਊਧਮ ਸਿੰਘ ਨੇ ਸਰ ਮਾਈਕਲ ਉਡਵਾਇਰ ਨੂੰ ਗੋਲੀ ਮਾਰੀ (1940) |
| 14 ਮਾਰਚ | : ਮਹਾਨ ਵਿਗਿਆਨੀ ਅਲਬਰਟ ਆਈਨਸਟਾਈਨ ਦਾ ਜਨਮ (1879) |
| 15 ਮਾਰਚ | : ਵਿਸ਼ਵ ਖਪਤਕਾਰ ਹੱਕ ਦਿਵਸ |
| 16 ਮਾਰਚ | : ਬਿਜਲੀ ਵਿਗਿਆਨ ਓਹਮ ਦਾ ਜਨਮ (1789) |
| 18 ਮਾਰਚ | : ਬਰਤਾਨਵੀ ਹਕੂਮਤ ਨੇ ਬਦਨਾਮ 'ਰੋਲਟ ਐਕਟ' ਪਾਸ ਕੀਤਾ (1919) |
| 21 ਮਾਰਚ | : ਨਸਲਵਾਦ ਵਿਰੋਧੀ ਦਿਵਸ |
| 22 ਮਾਰਚ | : ਵਿਸ਼ਵ ਪਾਣੀ ਦਿਵਸ |
| 23 ਮਾਰਚ | : ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਬਰਤਾਨਵੀ ਹਕੂਮਤ ਵੱਲੋਂ ਫਾਂਸੀ (1931) |
| 23 ਮਾਰਚ | : ਇਨਕਲਾਬੀ ਕਵੀ ਪਾਸ਼ ਦਾ ਫਿਰਕਾਪ੍ਰਸਤਾਂ ਵੱਲੋਂ ਕਤਲ (1988) |
| 26 ਮਾਰਚ | : ਡਾ. ਜੋਨਜ਼ ਸਾਕ ਨੇ ਪੋਲੀਓ ਬੂੰਦਾਂ ਦੀ ਖੋਜ ਕੀਤੀ (1953) |
| 27 ਮਾਰਚ | : ਵਿਸ਼ਵ ਰੰਗਮੰਚ ਦਿਵਸ |
| 28 ਮਾਰਚ | : ਜਨਮ ਦਿਨ ਰੂਸੀ ਲੇਖਕ ਮੈਕਸਿਮ ਗੋਰਕੀ (1868) |
| 29 ਮਾਰਚ | : ਮੰਗਲ ਪਾਂਡੇ ਵੱਲੋਂ ਅੰਗਰੇਜ਼ ਅਫ਼ਸਰ ਨੂੰ ਗੋਲੀ ਮਾਰਣ ਨਾਲ 1857 ਦੇ ਗ਼ਦਰ ਦੀ ਸ਼ੁਰੂਆਤ |

*ਵਿਦਿਆਰਥੀਆਂ ਲਈ ਵਿਸ਼ੇਸ਼*

# ਸਾਡੇ ਵੱਡ-ਵਡੇਰੇ



**ਰਾਜਪਾਲ ਸਿੰਘ**

ਪਿਆਰੇ ਬੱਚਿਓ! ਤੁਹਾਡੇ ਵਿੱਚੋਂ ਬਹੁਤ ਸਾਰਿਆਂ ਦੇ ਘਰ ਵਿੱਚ ਦਾਦਾ ਜੀ ਹੋਣਗੇ। ਕੀ ਤੁਸੀਂ ਆਪਣੇ ਦਾਦਾ ਜੀ ਤੋਂ ਕਦੇ ਇਹ ਪੁੱਛਿਆ ਹੈ ਕਿ ਜਦ ਉਹ ਤੁਹਾਡੇ ਜਿੱਡੇ ਸਨ ਤਾਂ ਉਹ ਕਿਵੇਂ ਰਹਿੰਦੇ ਸਨ? ਕੀ ਖੇਡਾਂ ਖੇਡਦੇ ਸਨ? ਕੀ ਕੁੱਝ ਖਾਂਦੇ-ਪੀਂਦੇ ਅਤੇ ਕੀ ਪਹਿਨਦੇ ਸਨ? ਤੁਸੀਂ ਵੇਖੋਗੇ ਕਿ ਉਨ੍ਹਾਂ ਦਾ ਸਮਾਂ ਤੁਹਾਡੇ ਨਾਲੋਂ ਬਹੁਤ ਵੱਖਰਾ ਸੀ। ਫਿਰ ਕਦੇ ਉਨ੍ਹਾਂ ਤੋਂ ਉਨ੍ਹਾਂ ਦੇ ਦਾਦਾ ਜੀ ਬਾਰੇ ਵੀ ਪੁੱਛਣਾ ਕਿ ਉਹ ਕਿਹੋ ਜਿਹੇ ਸਨ ਅਤੇ ਉਹ (ਤੁਹਾਡੇ ਨਕੜਦਾਦਾ) ਆਪਣੇ ਸਮਿਆਂ ਦੀਆਂ ਕੀ ਗੱਲਾਂ ਦੱਸਦੇ ਹੁੰਦੇ ਸਨ। ਸ਼ਾਇਦ ਉਹ ਤੁਹਾਨੂੰ ਆਪਣੇ ਦਾਦਾ ਜੀ ਬਾਰੇ ਕੁੱਝ ਗੱਲਾਂ ਦੱਸ ਸਕਣ। ਪਰ ਜੇ ਤੁਸੀਂ ਆਪਣੇ ਦਾਦਾ ਜੀ ਦੇ ਦਾਦਾ ਜੀ ਦੇ ਦਾਦਾ ਜੀ ਦੇ ... ਦਾਦਾ ਜੀ... ਇਸ ਤਰ੍ਹਾਂ ਸੌ ਵਾਰ ਗਿਣੀ ਜਾਓ, ਅਤੇ ਉਨ੍ਹਾਂ ਬਾਰੇ ਕੁੱਝ ਜਾਣਨਾ ਚਾਹੋ ਤਾਂ ਤੁਹਾਨੂੰ ਇਹ ਗੱਲਾਂ ਤੁਹਾਡਾ ਕੋਈ ਬਜ਼ੁਰਗ ਨਹੀਂ ਦੱਸ ਸਕੇਗਾ। ਇਹ ਕੁੱਝ ਤੁਹਾਨੂੰ ਅਸੀਂ ਦੱਸਾਂਗੇ ਕਿ ਤੁਹਾਥੋਂ ਨਾ ਸਿਰਫ ਸੌ ਪੀੜ੍ਹੀਆਂ, ਬਲਕਿ ਹਜ਼ਾਰਾਂ ਪੀੜ੍ਹੀਆਂ ਪਹਿਲਾਂ ਹੋਏ ਤੁਹਾਡੇ ਅਤੇ ਸਾਡੇ ਵੱਡ-ਵਡੇਰੇ ਕੌਣ ਸਨ ਅਤੇ ਕਿਹੋ ਜਿਹੇ ਸਨ।

ਇਹ ਜੋ ਤਸਵੀਰ ਤੁਸੀਂ ਦੇਖ ਰਹੇ ਹੋ, ਕੀ ਤੁਸੀਂ ਇਸ ਨੂੰ ਜਾਣਦੇ ਹੋ? ਸ਼ਾਇਦ ਤੁਹਾਨੂੰ ਇਸ ਦੀ ਸ਼ਕਲ-ਸੂਰਤ ਕੁੱਝ ਹੋਰੂੰ ਜਿਹੀ ਲਗਦੀ ਹੋਵੇ, ਪਰ ਇਹ ਹਜ਼ਾਰਾਂ ਪੀੜ੍ਹੀਆਂ ਪਹਿਲਾਂ ਹੋਇਆ ਸਾਡਾ ਹੀ ਇੱਕ ਬਜ਼ੁਰਗ ਹੈ। ਸ਼ਾਇਦ ਇਹ ਤੁਹਾਨੂੰ ਮਨੁੱਖ ਹੀ ਨਾ ਲਗਦਾ ਹੋਵੇ। ਠੀਕ ਹੈ ਇਹ ਸਾਡੇ ਵਰਗਾ ਮਨੁੱਖ ਨਹੀਂ ਹੈ ਪਰ ਇਹ ਸਾਡੇ ਨਾਲ ਬਹੁਤ ਮਿਲਦਾ-ਜੁਲਦਾ ਹੈ। ਹਾਂ, ਇਸਦਾ ਮੱਥਾ ਕੁੱਝ ਛੋਟਾ ਹੈ, ਭਰਵੱਟੇ ਉਭਰੇ ਹੋਏ ਹਨ। ਜਬਾੜੇ ਵੱਡੇ-ਵੱਡੇ ਅਤੇ ਠੋਡੀ ਪਿੱਛੇ ਹਟਵੀਂ ਹੈ। ਇਸੇ ਕਰਕੇ ਵਿਗਿਆਨੀ ਇਸ ਨੂੰ ਮਾਨਵ ਨਹੀਂ ਸਗੋਂ ਆਦਿ-ਮਾਨਵ ਕਹਿੰਦੇ ਹਨ।



ਇਹ ਆਦਿ-ਮਾਨਵ, ਜੋ ਲੱਖਾਂ ਸਾਲ ਪਹਿਲਾਂ ਹੋਇਆ ਸਾਡੀ ਸਾਰੀ ਮਨੁੱਖ ਜਾਤੀ ਦਾ ਵੱਡ-ਵਡੇਰਾ ਸੀ। ਇਹ ਗੁਫਾਵਾਂ ਜਾਂ ਇਹੋ ਜਿਹੀਆਂ ਹੋਰ ਥੋੜ੍ਹੀ-ਬਹੁਤ ਸੁਰੱਖਿਆ ਵਾਲੀਆਂ ਥਾਵਾਂ ਵਿੱਚ ਨੰਗ-ਧੜੰਗਾ ਰਹਿੰਦਾ ਸੀ ਅਤੇ ਜੰਗਲ ਵਿੱਚੋਂ ਫ਼ਲ-ਫੁੱਲ ਤੋੜ ਕੇ ਅਤੇ ਪੱਥਰ ਦੇ ਸੰਦਾਂ ਨਾਲ ਦੂਸਰੇ ਜਾਨਵਰਾਂ ਨੂੰ ਮਾਰ ਕੇ ਖਾਂਦਾ ਸੀ ਪਰ ਇਸ ਨੇ ਸਾਡੇ ਲਈ ਬਹੁਤ ਘਾਲਨਾਵਾਂ ਘਾਲੀਆਂ ਅਤੇ ਕਈ ਖੋਜਾਂ ਕੀਤੀਆਂ। ਜੇ ਇਹ ਆਪਣੇ ਜੀਵਨ ਨਿਰਬਾਹ ਲਈ ਦੂਸਰੇ ਜਾਨਵਰਾਂ ਨਾਲੋਂ ਵੱਖਰੇ ਰਸਤੇ 'ਤੇ ਨਾ ਚਲਦਾ ਤਾਂ ਅੱਜ ਅਸੀਂ ਵੀ ਐਨੀ ਤਰੱਕੀ 'ਤੇ ਨਾ ਪੁੱਜੇ ਹੁੰਦੇ। ਤੁਹਾਨੂੰ ਇਹ ਗੱਲ ਸ਼ਾਇਦ ਕੁੱਝ ਅਟਪਟੀ ਜਿਹੀ ਲਗਦੀ ਹੋਵੇ ਕਿ ਇਹ ਜੋ ਖ਼ੁਦ ਜਾਨਵਰਾਂ ਵਾਂਗ ਜੰਗਲਾਂ, ਗੁਫਾਵਾਂ ਵਿੱਚ ਰਹਿੰਦਾ ਉਹ ਸਾਡੇ ਲਈ ਅਜਿਹਾ ਕੀ ਕਰ ਗਿਆ ਕਿ ਅਸੀਂ ਉਸ ਦਾ ਗੁਣਗਾਨ ਕਰੀਏ?

ਬੱਚਿਓ! ਇਹੀ ਤਾਂ ਸੀ ਜਿਸ ਨੇ ਪੱਥਰ ਦੇ ਸੰਦਾਂ ਦੀ ਵਰਤੋਂ ਕਰਦੇ ਹੋਏ ਦੂਸਰੇ ਜਾਨਵਰਾਂ ਉੱਪਰ ਮਨੁੱਖ ਦੀ ਸਰਦਾਰੀ ਦੀ ਨੀਂਹ ਰੱਖੀ। ਇਸੇ ਨੇ ਹੀ ਤਾਂ ਅੱਗ ਦੀ ਖੋਜ ਕੀਤੀ ਅਤੇ ਇਸੇ ਨੇ ਹੀ ਸਾਡੀ ਬੋਲੀ ਦਾ ਮੁੱਢ ਬੰਨ੍ਹਿਆ।

ਇਸ ਆਦਿ-ਮਾਨਵ ਨੇ ਜੋ ਸੰਦ ਬਣਾਏ ਉਹ ਬਹੁਤ ਹੀ ਸਾਦਾ ਜਿਹੇ ਸਨ। ਆਮ ਆਦਮੀ ਨੂੰ ਤਾਂ ਪਹਿਲੀ ਨਜ਼ਰੇ ਇਹ ਕੋਈ ਸੰਦ ਹੀ ਨਹੀਂ ਲਗਦੇ, ਸਗੋਂ ਪੱਥਰ ਦੇ ਸਾਧਾਰਣ ਟੁਕੜੇ ਜਿਹੇ ਹੀ ਲਗਦੇ ਹਨ। ਪਰ ਵਿਗਿਆਨੀਆਂ ਦੀਆਂ ਘੋਖਵੀਆਂ ਨਜ਼ਰਾਂ ਨੇ ਇਨ੍ਹਾਂ ਨੂੰ ਪਛਾਣ ਲਿਆ ਕਿ ਕੁਦਰਤੀ ਤੌਰ 'ਤੇ ਟੁੱਟੇ ਪੱਥਰ ਅਜਿਹੇ ਨਹੀਂ ਹੁੰਦੇ, ਬਲਕਿ ਇਹ ਤਾਂ ਮਨੁੱਖੀ ਹੱਥਾਂ ਨੇ ਘੜ ਕੇ ਹੀ ਇਨ੍ਹਾਂ ਦੇ ਕਿਨਾਰੇ ਇਸ ਤਰ੍ਹਾਂ ਦੇ ਤਿੱਖੇ ਜਾਂ ਨੋਕਦਾਰ ਬਣਾਏ ਹਨ। ਇਨ੍ਹਾਂ ਵੰਨ-ਸੁਵੰਨੀ ਦੇ ਟੁਕੜਿਆਂ ਵਿੱਚੋਂ ਵਿਗਿਆਨੀ ਇਹ ਵੀ ਪਛਾਣ ਕਰ ਲੈਂਦੇ ਹਨ ਕਿ ਇਨ੍ਹਾਂ ਵਿੱਚੋਂ ਕਿਹੜਾ 'ਸੰਦ' ਜਾਨਵਰਾਂ ਨੂੰ ਮਾਰਨ ਦੇ ਕੰਮ ਆਉਂਦਾ ਸੀ ਅਤੇ ਕਿਹੜਾ ਮਾਰੇ ਗਏ ਜਾਨਵਰਾਂ ਦੀ ਖੱਲ ਉਤਾਰਨ ਲਈ ਵਰਤਿਆ ਜਾਂਦਾ ਸੀ। ਅੱਜ ਸਾਨੂੰ ਬੇਕਾਰ ਜਿਹੇ ਜਾਪਦੇ ਇਨ੍ਹਾਂ



ਪੱਥਰ ਦੇ ਸੰਦਾਂ ਦਾ ਸਾਡੇ ਵਡੇਰਿਆਂ ਦੇ ਜੀਵਨ ਵਿੱਚ ਬਹੁਤ ਯੋਗਦਾਨ ਸੀ।

ਆਓ ਇਸ ਗੱਲ ਨੂੰ ਵਧੇਰੇ ਚੰਗੀ ਤਰ੍ਹਾਂ ਸਮਝੀਏ ਕਿ ਸੰਦਾਂ ਦੀ ਵਰਤੋਂ ਸ਼ੁਰੂ ਕਰਨ ਨਾਲ ਮਨੁੱਖ ਨੂੰ ਕਿਵੇਂ-ਕਿਵੇਂ ਫਾਇਦਾ ਹੋਇਆ :-

ਸੰਦਾਂ ਦੀ ਵਰਤੋਂ ਸ਼ੁਰੂ ਕਰਨ ਦੇ ਦੋ ਮੁੱਖ ਲਾਭ ਹੋਏ। ਪਹਿਲਾ ਇਹ ਕਿ ਸੰਦਾਂ ਨੂੰ ਲਗਾਤਾਰ ਸੁਧਾਰਿਆ ਜਾ ਸਕਦਾ ਸੀ ਜਦ ਕਿ ਦੂਜੇ ਜਾਨਵਰ ਆਪਣੀ ਮਰਜ਼ੀ ਨਾਲ ਆਪਣੇ ਅੰਗਾਂ ਨੂੰ ਨਹੀਂ ਸੁਧਾਰ ਸਕਦੇ ਸਨ। ਉਦਾਹਰਣ ਵਜੋਂ ਜੇ ਕਿਸੇ ਮਨੁੱਖ ਨੂੰ ਜਾਪਦਾ ਕਿ ਸ਼ਿਕਾਰ ਲਈ ਉਸ ਦਾ ਨੇਜਾ ਘੱਟ ਤਿੱਖਾ ਹੈ ਜਾਂ ਕੁੱਝ ਘੱਟ ਲੰਮਾ ਹੈ ਤਾਂ ਉਹ ਕੁੱਝ ਘੰਟਿਆਂ ਦੀ ਮਿਹਨਤ ਨਾਲ ਹੀ ਉਸ ਨੂੰ ਸੁਧਾਰ ਸਕਦਾ ਸੀ ਜਾਂ ਨਵਾਂ ਬਣਾ ਸਕਦਾ ਸੀ। ਪਰ ਜੇ ਕਿਸੇ ਜਾਨਵਰ ਨੂੰ ਜਾਪੇ ਕਿ ਉਸ ਦੇ ਸਿੰਗ ਘੱਟ ਨੁਕੀਲੇ ਹਨ ਜਾਂ ਘੱਟ ਤਿੱਖੇ ਹਨ ਤਾਂ ਉਹ ਇਨ੍ਹਾਂ ਨੂੰ ਸੁਧਾਰਣ ਲਈ ਕੁੱਝ ਨਹੀਂ ਕਰ ਸਕਦਾ। ਇਹ ਠੀਕ ਹੈ ਪੀੜ੍ਹੀ ਦਰ ਪੀੜ੍ਹੀ ਜਾਨਵਰਾਂ ਦੇ ਅੰਗਾਂ ਵਿੱਚ ਜੀਵ-ਵਿਕਾਸ ਸਦਕਾ ਸੁਧਾਰ ਆਉਂਦਾ-ਜਾਂਦਾ ਹੈ ਪਰ ਇਸ ਢੰਗ ਨਾਲ ਜਿੰਨੀ ਤਬਦੀਲੀ ਆਉਣ ਵਿੱਚ ਹਜ਼ਾਰਾਂ-ਲੱਖਾਂ ਸਾਲ ਲੱਗ ਜਾਂਦੇ ਹਨ, ਸੰਦ ਵਿੱਚ ਉਹ ਤਬਦੀਲੀ ਕੁੱਝ ਘੰਟਿਆਂ ਵਿੱਚ ਹੀ ਕੀਤੀ ਜਾ ਸਕਦੀ ਹੈ। ਇਸੇ ਗੱਲ ਸਦਕਾ ਹੀ ਮਨੁੱਖ ਨੇ ਦੂਜੇ ਜਾਨਵਰਾਂ ਦੇ ਮੁਕਾਬਲੇ ਐਨੀ ਤੇਜੀ ਨਾਲ ਵਿਕਾਸ ਕੀਤਾ।

ਦੂਸਰਾ ਜਾਨਵਰਾਂ ਦੇ ਅੰਗ ਕੁੱਝ ਖਾਸ ਕਿਸਮ ਦੇ ਕੰਮ ਕਰਨ ਲਈ ਵਿਕਸਿਤ ਹੋਏ ਹੁੰਦੇ ਹਨ, ਸਿੱਟੇ ਵਜੋਂ ਉਨ੍ਹਾਂ ਤੋਂ ਦੂਸਰੀ ਕਿਸਮ ਦੇ ਕੰਮ ਨਹੀਂ ਲਏ ਜਾ ਸਕਦੇ। ਜਿਸ ਤਰ੍ਹਾਂ ਕਿ ਪੰਛੀਆਂ ਦੀਆਂ ਅਗਲੀਆਂ ਬਾਹਾਂ ਉੱਡਣ ਲਈ ਪਰਾਂ ਵਿੱਚ ਬਦਲ ਜਾਂਦੀਆਂ ਹਨ ਅਤੇ ਪੰਛੀ ਉਨ੍ਹਾਂ ਤੋਂ ਹੁਣ ਹੋਰ ਕੋਈ ਕੰਮ ਨਹੀਂ ਲੈ ਸਕਦੇ। ਇਸੇ ਤਰ੍ਹਾਂ ਕੁੱਝ ਜਾਨਵਰਾਂ ਦੇ ਅਗਲੇ ਪੰਜੇ ਜ਼ਮੀਨ ਵਿੱਚੋਂ ਖੁੱਡਾਂ ਪੁੱਟਣ ਅਨੁਸਾਰ ਵਿਕਸਿਤ ਹੋਏ ਹੁੰਦੇ ਹਨ ਤਾਂ ਫਿਰ ਉਨ੍ਹਾਂ ਤੋਂ ਦਰੱਖਤਾਂ ਉੱਤੇ ਚੜ੍ਹਨ ਜਾਂ ਸ਼ਿਕਾਰ ਆਦਿ ਕਰਨ ਵਰਗਾ ਕੰਮ ਨਹੀਂ ਲਿਆ ਜਾ ਸਕਦਾ। ਪਰ ਮਨੁੱਖ ਹਰ ਕਿਸਮ ਦੇ ਕੰਮ ਲਈ ਆਪਣੀ ਲੋੜ ਅਨੁਸਾਰ ਢੁਕਵਾਂ ਸੰਦ ਬਦਲ ਸਕਦਾ ਹੈ। ਜੇ ਉਸ ਨੇ ਜ਼ਮੀਨ ਪੁੱਟਣੀ ਹੈ ਤਾਂ ਉਹ ਹੱਥ ਵਿੱਚ ਕਹੀ ਫੜ ਲਵੇਗਾ, ਜੇ ਸ਼ਿਕਾਰ ਕਰਨਾ ਹੈ ਤਾਂ ਨੇਜਾ, ਭਾਲਾ ਆਦਿ ਫੜੇਗਾ ਅਤੇ ਜੇ ਲੱਕੜ ਕੱਟਣੀ ਹੈ ਤਾਂ ਕੁਹਾੜੀ ਜਾਂ ਆਰੀ ਆਦਿ ਫੜ ਲਵੇਗਾ। ਪਰ ਜਾਨਵਰ ਇਸ ਤਰ੍ਹਾਂ ਨਹੀਂ ਕਰ ਸਕਦੇ।

ਜਿੱਥੇ ਹੱਥਾਂ ਦੀ ਬਣਾਵਟ ਨੇ ਮਨੁੱਖ ਨੂੰ ਸੰਦ ਵਰਤਣ ਦੇ ਯੋਗ ਬਣਾਇਆ ਉੱਥੇ ਸੰਦਾਂ ਦੀ ਲਗਾਤਾਰ ਵਰਤੋਂ ਕਰਨ ਨੇ ਸਾਡੇ ਇਨ੍ਹਾਂ ਵੱਡ-ਵਡੇਰਿਆਂ ਦੇ ਹੱਥਾਂ ਨੂੰ ਹੋਰ ਵਿਕਸਿਤ ਕੀਤਾ ਅਤੇ ਇਨ੍ਹਾਂ ਨੂੰ ਵਧੇਰੇ ਗੁੰਝਲਦਾਰ ਕੰਮ ਕਰਨ ਦੇ ਯੋਗ ਬਣਾਇਆ।



**ਅੱਗ ਦੀ ਖੋਜ :-**

ਸਾਡੇ ਇਸ ਵਡੇਰੇ ਨੇ ਦੂਸਰਾ ਮਹੱਤਵਪੂਰਨ ਕੰਮ ਅੱਗ ਦੀ ਖੋਜ ਕਰਨ ਦਾ ਕੀਤਾ ਜਿਸ ਦਾ ਅੱਜ ਵੀ ਸਾਡੇ ਜੀਵਨ ਵਿੱਚ ਬਹੁਤ ਮਹੱਤਵ ਹੈ। ਅੱਜ ਸਾਨੂੰ ਅੱਗ ਬਾਲਣਾ ਬਹੁਤ ਸਾਦਾ ਜਿਹਾ ਕੰਮ ਲਗਦਾ ਹੈ ਪਰ ਇਸ ਦੀ ਵਰਤੋਂ ਸ਼ੁਰੂ ਕਰਨਾ ਐਡੀ ਸੌਖੀ ਗੱਲ ਨਹੀਂ ਸੀ। ਕੀ ਤੁਸੀਂ ਕਦੇ ਕਿਸੇ ਜਾਨਵਰ ਨੂੰ ਸਰਦੀ ਵਿੱਚ ਖ਼ੁਦ ਅੱਗ ਬਾਲ ਕੇ ਸੇਕਦੇ ਵੇਖਿਆ ਹੈ? ਨਹੀਂ ਨਾ? ਸੋ ਅੱਗ ਦੀ ਖੋਜ ਲਈ ਅਸੀਂ ਆਪਣੇ ਇਸ ਵਡੇਰੇ ਆਦਿ-ਮਾਨਵ ਦੇ ਸਦਾ ਰਿਣੀ ਰਹਾਂਗੇ ਜਿਸ ਨੇ ਅੱਜ ਤੋਂ 4-5 ਲੱਖ ਸਾਲ ਪਹਿਲਾਂ ਇਸ ਦੀ ਵਰਤੋਂ ਸ਼ੁਰੂ ਕੀਤੀ। ਸ਼ੁਰੂ ਵਿੱਚ ਉਸ ਨੂੰ ਅੱਗ ਬਾਲਣੀ ਨਹੀਂ ਆਉਂਦੀ ਸੀ ਪਰ ਉਹ ਇਸ ਨੂੰ 'ਇਕੱਠੀ' ਕਰ ਲੈਂਦਾ ਸੀ। ਜਦ ਕਿਤੇ ਜੰਗਲ ਵਿੱਚ ਉਸ ਨੂੰ ਅੱਗ ਬਲ ਰਹੀ ਮਿਲਦੀ ਤਾਂ ਉਹ ਇਸ ਨੂੰ ਚੁੱਕ ਕੇ ਆਪਣੀ ਗੁਫਾ ਵਿੱਚ ਲੈ ਆਉਂਦਾ ਅਤੇ ਫਿਰ ਅੱਗ ਨੂੰ ਹੋਰ ਅਤੇ ਹੋਰ ਬਾਲਣ ਪਾ ਕੇ ਲਗਾਤਾਰ ਬਲਦਾ ਰੱਖਿਆ ਜਾਂਦਾ। ਇਸ ਤੋਂ ਬਾਅਦ ਪੱਥਰ ਘੜਦੇ ਵਕਤ ਪੱਥਰਾਂ ਦੇ ਟਕਰਾਉਣ ਤੋਂ ਪੈਦਾ ਹੁੰਦੀਆਂ ਚਿੰਗਾੜੀਆਂ ਤੋਂ ਉਸ ਨੂੰ ਖ਼ੁਦ ਅੱਗ ਪੈਦਾ ਕਰਨ ਦਾ ਹੁਨਰ ਆਇਆ।

ਅੱਗ ਦੀ ਖੋਜ ਕਰਨ ਨਾਲ ਸਾਡਾ ਇਹ ਬਜ਼ੁਰਗ ਦੂਸਰੇ ਜਾਨਵਰਾਂ ਦੇ ਮੁਕਾਬਲੇ ਬਹੁਤ ਉੱਨਤ ਹੋ ਗਿਆ। ਅੱਗ ਨਾਲ ਉਹ ਸਰਦੀ ਦਾ ਟਾਕਰਾ ਕਰ ਸਕਦਾ ਸੀ, ਖ਼ੂੰਖਾਰ ਜਾਨਵਰਾਂ ਨੂੰ ਅੱਗ ਬਾਲ ਕੇ ਉਹ ਦੂਰ ਰੱਖ ਸਕਦਾ ਸੀ ਅਤੇ ਇਸ ਤੋਂ ਬਿਨ੍ਹਾਂ ਅੱਗ ਉੱਤੇ ਭੁੰਨ ਕੇ ਖਾਣ ਨਾਲ ਉਸ ਵੱਲੋਂ ਭੋਜਨ ਪਚਾਉਣ ਲਈ ਸਮਾਂ ਅਤੇ ਸ਼ਕਤੀ ਘੱਟ ਲੱਗਣ ਲੱਗੀ। ਹੁਣ ਉਹ ਵਧੇਰੇ ਸਮਾਂ ਹੋਰ ਕੰਮਾਂ ਲਈ ਦੇ ਸਕਦਾ ਸੀ। ਅੱਗ 'ਤੇ ਪਕਾਇਆ ਮਾਸ ਚਿੱਥਣ ਲਈ ਉਸ ਦੇ ਜਬਾੜ੍ਹਿਆਂ ਨੂੰ ਘੱਟ

ਜ਼ੋਰ ਲਾਉਣਾ ਪੈਂਦਾ ਸੀ। ਇਸ ਕਰਕੇ ਜੀਵ-ਵਿਕਾਸ ਦੇ ਨਿਯਮਾਂ ਤਹਿਤ ਉਸ ਦੇ ਜਬਾੜਿਆਂ ਦਾ ਆਕਾਰ ਘਟਣ ਲੱਗਾ ਅਤੇ ਸਿੱਟੇ ਵਜੋਂ ਉਸ ਦੇ ਚਿਹਰੇ ਦਾ ਆਕਾਰ ਆਧੁਨਿਕ ਮਨੁੱਖ ਵਰਗਾ ਹੋਣਾ ਸ਼ੁਰੂ ਹੋ ਗਿਆ। ਇਸ ਤਰ੍ਹਾਂ ਸੰਦਾਂ ਦੇ ਵਾਂਗ ਅੱਗ ਵੀ ਉਸ ਦੇ ਵਿਕਾਸ ਵਿੱਚ ਬਹੁਤ ਸਹਾਈ ਸਿੱਧ ਹੋਈ।

**ਬੋਲੀ ਦਾ ਵਿਕਾਸ** :-

ਸਾਡਾ ਜਾਨਵਰਾਂ ਨਾਲੋਂ ਇੱਕ ਵੱਡਾ ਫ਼ਰਕ ਬੋਲੀ ਦਾ ਹੋਣਾ ਹੈ। ਜਾਨਵਰ ਵੀ ਅਵਾਜ਼ਾਂ ਤਾਂ ਕੱਢਦੇ ਹਨ ਪਰ ਉਹ ਆਪਣੀ ਸਾਰੀ ਗੱਲ ਬੋਲ ਕੇ ਨਹੀਂ ਦੱਸ ਸਕਦੇ। ਅਸੀਂ ਕਹਿ ਸਕਦੇ ਹਾਂ ਕਿ ਉਨ੍ਹਾਂ ਕੋਲ ਆਵਾਜ਼ ਤਾਂ ਹੈ ਪਰ ਬੋਲੀ ਨਹੀਂ। ਇਸ ਲਈ ਉਹ ਆਪਣਾ ਸੁਨੇਹਾ ਆਪਣੀਆਂ ਹਰਕਤਾਂ ਰਾਹੀਂ ਪਹੁੰਚਾਉਣ ਦੀ ਕੋਸ਼ਿਸ਼ ਕਰਦੇ ਹਨ। ਤੁਸੀਂ ਅਕਸਰ ਹੀ ਵੇਖਦੇ ਹੋਵੋਗੇ ਕਿ ਜਦ ਤੁਹਾਡੇ ਪਾਲਤੂ ਕੁੱਤੇ ਨੇ ਤੁਹਾਨੂੰ ਕੋਈ ਗੱਲ ਕਹਿਣੀ ਹੁੰਦੀ ਹੈ ਤਾਂ ਉਹ ਤੁਹਾਡੀਆਂ ਅੱਖਾਂ ਵਿੱਚ ਝਾਕਦਾ ਹੈ, ਆਪਣਾ ਨੱਕ ਤੁਹਾਡੇ ਨਾਲ ਰਗੜਦਾ ਹੈ, ਆਪਣੇ ਪੰਜੇ ਤੁਹਾਡੀ ਗੋਦੀ ਵਿੱਚ ਰਖਦਾ ਹੈ, ਆਪਣੀ ਪੂੰਛ ਹਿਲਾਉਂਦਾ ਹੈ, ਜੋਸ਼ ਵਿੱਚ ਭੌਂਇ ਖੁਰਚਦਾ ਹੈ ਆਦਿ। ਇਸ ਤਰ੍ਹਾਂ ਉਸ ਨੂੰ ਆਪਣੀ ਗੱਲ ਤੁਹਾਡੇ ਤੀਕ ਪਹੁੰਚਾਉਣ ਲਈ ਆਵਦੇ ਪੂਰੇ ਸਰੀਰ ਦੀ ਵਰਤੋਂ ਕਰਨੀ ਪੈਂਦੀ ਹੈ, ਜਦ ਕਿ ਤੁਸੀਂ ਕੁੱਝ ਸ਼ਬਦ ਬੋਲ ਕੇ ਹੀ ਸਾਰਾ ਕੁੱਝ ਦੱਸ ਦਿੰਦੇ ਹੋ।

ਆਦਿ-ਮਨੁੱਖ ਦੀ ਵੀ ਪਹਿਲਾਂ-ਪਹਿਲ ਬੋਲੀ ਵਿਕਸਿਤ ਨਹੀਂ ਸੀ ਹੋਈ। ਉਸ ਦਾ ਸੰਘ ਵੱਖ-ਵੱਖ ਤਰ੍ਹਾਂ ਦੀਆਂ ਅਵਾਜ਼ਾਂ ਕੱਢਣ ਦੇ ਸਮਰੱਥ ਨਹੀਂ ਸੀ, ਉਹ ਸਿਰਫ ਕੂਕਾਂ ਜਿਹੀਆਂ ਮਾਰ ਸਕਦਾ ਸੀ। ਸੋ ਉਹ ਆਪਣਾ ਸੁਨੇਹਾ ਦੂਸਰਿਆਂ ਤੀਕ ਪਹੁੰਚਾਉਣ ਲਈ ਮੁੱਖ ਤੌਰ ’ਤੇ ਹੱਥਾਂ ਦੀ ਵਰਤੋਂ ਕਰਦਾ ਸੀ। “ਇਹਨੂੰ ਵੱਢੋ” ਕਹਿਣ ਦੀ ਥਾਂ ਸਾਡਾ ਇਹ ਬਜ਼ੁਰਗ ਆਪਦੇ ਹੱਥਾਂ ਨਾਲ ਹਵਾ ਨੂੰ ਵੱਢਦਾ ਹੋਇਆ ਇਸ਼ਾਰੇ ਕਰਦਾ, “ਇਹ ਮੈਨੂੰ ਦੇ ਦੇਵੋ” ਦਾ ਭਾਵ ਪ੍ਰਗਟ ਕਰਨ ਲਈ ਉਹ ਹੱਥ ਫੈਲਾ ਦਿੰਦਾ ਅਤੇ “ਇੱਥੇ ਆਵੋ” ਕਹਿਣ ਦੀ ਥਾਂ ਉਹ ਆਪਣਾ ਹੱਥ ਆਪਣੇ ਵੱਲ ਹਿਲਾਉਂਦਾ।

ਇਸ ਬੋਲੀ ਨੂੰ ਅਸੀਂ ਸੈਣਤ-ਬੋਲੀ (ਇਸ਼ਾਰਿਆਂ ਵਾਲੀ ਬੋਲੀ) ਕਹਿ ਸਕਦੇ ਹਾਂ। ਅੱਜ-ਕੱਲ੍ਹ ਵੀ ਕਈ ਕਬੀਲਿਆਂ ਨੇ ਇਹ ਬੋਲੀ ਕਾਫੀ ਸਾਂਭ ਕੇ ਰੱਖੀ ਹੋਈ ਹੈ ਅਤੇ ਅਸੀਂ ਵੀ ਕਦੇ-ਕਦਾਈਂ ਇਸਦੀ ਵਰਤੋਂ ਕਰ ਲੈਂਦੇ ਹਾਂ। ਜਿਸ ਤਰ੍ਹਾਂ ਹਾਂ ਜਾਂ ਨਾਂਹ ਕਹਿਣ ਲਈ ਸਿਰ ਹਿਲਾਉਣਾ, ਚੁੱਪ ਕਰਨ ਲਈ ਆਖਣ ਵਾਸਤੇ ਬੁੱਲ੍ਹਾਂ ਉੱਤੇ ਉਂਗਲ ਧਰਨੀ ਆਦਿ। ਪਰ ਅਸੀਂ ਜਿੰਨਾਂ ਕੁੱਝ ਇੱਕ-ਦੂਸਰੇ ਨੂੰ ਕਹਿਣਾ ਹੁੰਦਾ ਹੈ, ਉਸ ਲਈ ਇਹ ਸੈਨਤਾਂ ਸਾਡਾ ਕੰਮ ਨਹੀਂ ਸਾਰਦੀਆਂ। ਸਾਡੇ ਲੱਖਾਂ ਸਾਲ ਪਹਿਲਾਂ ਹੋਏ ਵੱਡ-ਵਡੇਰਿਆਂ ਨੂੰ ਵੀ ਇਸ਼ਾਰਿਆਂ ਤੋਂ ਇਲਾਵਾ ਬੋਲੀ ਦੀ ਲੋੜ ਬਣਦੀ ਗਈ। ਮੈਦਾਨਾਂ ਵਿੱਚ ਸ਼ਿਕਾਰ ਕਰਦੇ ਸਮੇਂ ਤਾਂ ਸਾਡੇ ਸ਼ਿਕਾਰੀ ਬਾਬੇ ਹੱਥਾਂ ਦੇ ਇਸ਼ਾਰਿਆਂ ਦੀ ਵਰਤੋਂ ਕਰ ਲੈਂਦੇ ਸਨ, ਪਰ ਜੰਗਲ ਵਿੱਚ ਸ਼ਿਕਾਰ ਕਰਦੇ ਸਮੇਂ ਇਹ ਇਸ਼ਾਰੇ ਵੇਖੇ ਨਹੀਂ ਜਾ ਸਕਦੇ ਸਨ। ਇਸੇ ਤਰ੍ਹਾਂ ਸੈਨਤ-ਬੋਲੀ ਹਨੇਰ੍ਹੇ ਵਿੱਚ ਵੀ ਕੰਮ ਨਹੀਂ ਸੀ ਦਿੰਦੀ।

ਸੋ ਇਨ੍ਹਾਂ ਹਾਲਤਾਂ ਵਿੱਚ ਸਾਡੇ ਪੂਰਵਜਾਂ ਨੇ ਆਪਣਾ ਸੁਨੇਹਾ ਦੂਸਰਿਆਂ ਤੀਕ ਪਹੁੰਚਾਉਣ ਲਈ ਅਵਾਜ਼ਾਂ ਦੀ ਵਰਤੋਂ ਕਰਨ ਦੀਆਂ ਕੋਸ਼ਿਸ਼ਾਂ ਸ਼ੁਰੂ ਕੀਤੀਆਂ। ਸ਼ੁਰੂ-ਸ਼ੁਰੂ ਵਿੱਚ ਉਸ ਦੀ ਜੀਭ ਅਤੇ ਸੰਘ ਉਸਦੇ ਕਾਬੂ ਵਿੱਚ ਨਹੀਂ ਸਨ। ਉਸ ਦੀਆਂ ਬਹੁਤੀਆਂ ਅਵਾਜ਼ਾਂ ਚੀਕਾਂ ਜਿਹੀਆਂ ਅਤੇ ਇੱਕ-ਦੂਜੀ ਨਾਲ ਮਿਲਦੀਆਂ-ਜੁਲਦੀਆਂ ਹੁੰਦੀਆਂ ਸਨ ਪਰ ਲਗਾਤਾਰ ਵਰਤੋਂ ਨਾਲ ਸੰਘ ਅਤੇ ਜੀਭ ਵਧੇਰੇ ਵਿਕਸਿਤ ਹੁੰਦੇ ਗਏ ਅਤੇ ਇਸ ਤਰ੍ਹਾਂ ਸੈਣਤ-ਬੋਲੀ ਦੀ ਥਾਂ ਆਵਾਜ਼ ਵਾਲੀ ਬੋਲੀ ਨੇ ਲੈ ਲਈ। ਇੱਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਆਦਿ-ਮਨੁੱਖ ਵਿੱਚ ਬੋਲੀ ਦਾ ਵਿਕਾਸ ਤਾਂ ਹੀ ਹੋ ਸਕਿਆ ਕਿ ਉਹ ਸ਼ਿਕਾਰ ਕਰਨ ਲਈ ਇਕੱਠੇ ਹੋ ਕੇ ਜਾਂਦੇ ਸਨ ਅਤੇ ਉਨ੍ਹਾਂ ਨੂੰ ਆਪਸੀ ਤਾਲਮੇਲ ਲਈ ਬੋਲੀ ਦੀ ਲੋੜ ਪੈਂਦੀ ਸੀ। ਜੇ ਉਹ ਇਕੱਲੇ-ਇਕੱਲੇ ਹੀ ਰਹਿੰਦੇ ਤਾਂ ਉਨ੍ਹਾਂ ਵਿੱਚ ਬੋਲੀ ਦਾ ਗੁਣ ਵਿਕਸਿਤ ਨਹੀਂ ਹੋਣਾ ਸੀ। ਇਹ ਗੱਲ ਹੁਣ ਵੀ ਲਾਗੂ ਹੁੰਦੀ ਹੈ ਕਿ ਜਦ ਅਸੀਂ ਸਮੂਹਾਂ ਵਿੱਚ ਕੰਮ ਕਰਦੇ ਹਾਂ ਤਾਂ ਇੱਕ-ਦੂਜੇ ਤੋਂ ਬਹੁਤ ਕੁੱਝ ਸਿੱਖਣ ਨੂੰ ਮਿਲਦਾ ਹੈ।

ਸੋ ਇਹ ਤਾਂ ਸੀ ਸਾਡੀ ਮਨੁੱਖ ਜਾਤੀ ਦੇ ਵੱਡ-ਵਡੇਰਿਆਂ ਦੇ ਕੁੱਝ ਕਾਰਨਾਮੇ। ਉਨ੍ਹਾਂ ਦੇ ਜੀਵਨ ਦਾ ਜੋ ਨਕਸ਼ਾ ਬਣਦਾ ਹੈ, ਉਹ ਇਸ ਤਰ੍ਹਾਂ ਦਾ ਹੈ ਕਿ ਆਦਿ-ਮਾਨਵ ਗੁਫਾਵਾਂ ਵਿੱਚ ਰਹਿੰਦੇ ਸਨ, ਪੱਥਰ ਦੇ ਬਹੁਤ ਸਾਦਾ ਜਿਹੇ ਸੰਦਾਂ ਨਾਲ ਦੂਸਰੇ ਜਾਨਵਰਾਂ ਦਾ ਸ਼ਿਕਾਰ ਕਰਦੇ ਸਨ, ਸ਼ਿਕਾਰ ਕਰਨ ਲਈ ਉਹ ਗਰੁੱਪਾਂ ਵਿੱਚ ਜਾਂਦੇ ਸਨ ਅਤੇ ਹੌਲੀ-ਹੌਲੀ ਉਨ੍ਹਾਂ ਨੇ ਸ਼ਿਕਾਰ ਨੂੰ ਅੱਗ ’ਤੇ ਭੁੰਨ ਕੇ ਖਾਣਾ ਸਿੱਖ ਲਿਆ। ਇਸ ਤਰ੍ਹਾਂ ਦੇ ਰਹਿਣ-ਸਹਿਣ ਨਾਲ ਉਨ੍ਹਾਂ ਦੀ ਸ਼ਕਲ-ਸਰਤ ਤਬਦੀਲ ਹੁੰਦੀ ਗਈ ਅਤੇ ਆਦਿ-ਮਾਨਵਾਂ ਦੀਆਂ ਅਗਲੀਆਂ ਪੀੜ੍ਹੀਆਂ ਅਜੋਕੇ ਮਨੁੱਖ ਨਾਲ ਵਧੇਰੇ ਮੇਲ ਖਾਣ ਲੱਗੀਆਂ। ਇਸ ਤੋਂ ਬਾਅਦ ਅਸੀਂ ਸਾਡੇ ਉਨ੍ਹਾਂ ਪੂਰਵਜਾਂ ’ਤੇ ਪਹੁੰਚਦੇ ਹਾਂ ਜੋ ਸਰੀਰਕ ਰੂਪ ਅਤੇ ਦਿਮਾਗ ਪੱਖੋਂ ਸਾਡੇ ਵਰਗੇ ਹੀ ਸਨ ਪ੍ਰੰਤੂ ਉਨ੍ਹਾਂ ਦਾ ਜੀਵਨ ਸਾਡੇ ਨਾਲੋਂ ਬਹੁਤ ਵੱਖਰਾ ਹੁੰਦਾ ਸੀ। ਸਾਡੇ ਇਹ ਵੱਡ-ਵਡੇਰੇ ਜੋ ਤੀਹ-ਚਾਲੀ ਹਜ਼ਾਰ ਸਾਲ ਪਹਿਲਾਂ ਇਸ ਧਰਤੀ ’ਤੇ ਰਹਿੰਦੇ ਸਨ, ਉਹ ਕਿਵੇਂ ਰਹਿੰਦੇ ਸਨ, ਕੀ ਕਰਦੇ ਸਨ ਅਤੇ ਕੀ ਕੁੱਝ ਖਾਂਦੇ-ਪੀਂਦੇ ਸਨ ? ਇਸ ਬਾਰੇ ਤੁਸੀਂ ਅਗਲੇ ਅੰਕ ਵਿੱਚ ਜਾਣੋਗੇ।

**98767-10809**



# ਭਾਰਤੀ ਵਿਗਿਆਨ ਕਾਂਗਰਸ - ਕਿੰਨੀ ਕੁ ਵਿਗਿਆਨਕ

**ਰਣਧੀਰ ਗਿੱਲਪੱਤੀ**

ਜਨਵਰੀ ਦੇ ਪਹਿਲੇ ਹਫਤੇ ਪੰਜਾਬ ਦੀ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਵਿੱਚ ਹੋਈ 106ਵੀਂ ਇੰਡੀਅਨ ਸਾਇੰਸ ਕਾਂਗਰਸ ਗੈਰ-ਵਿਗਿਆਨਕ ਭਾਸ਼ਣਾਂ ਕਾਰਣ ਚਰਚਾ ਵਿੱਚ ਹੈ। ਤਿੰਨ ਨੋਬਲ ਪੁਰਸਕਾਰ ਜੇਤੂ ਵਿਗਿਆਨੀਆਂ ਸਮੇਤ ਦੁਨੀਆਂ ਦੇ ਕਈ ਦੇਸ਼ਾਂ ਦੇ ਨਾਮੀ ਸਾਇੰਸਦਾਨਾਂ ਦੀ ਹਾਜ਼ਰੀ ਵਾਲੀ ਇਸ ਕਾਂਗਰਸ ਵਿੱਚ ਆਂਧਰਾ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਜੀ. ਨਾਗੇਸ਼ਵਰ ਰਾਓ ਵੱਲੋਂ ਬਿਨ੍ਹਾਂ ਪ੍ਰਮਾਣਿਤ ਤੱਥਾਂ ਦੇ ਦਿੱਤੇ ਗਏ ਭਾਸ਼ਣ ਨੇ ਨਾ ਸਿਰਫ਼ ਇੰਡੀਅਨ ਸਾਇੰਸ ਕਾਂਗਰਸ ਦੇ ਪ੍ਰਬੰਧਕਾਂ ਨੂੰ ਹੀ ਨਾਮੋਸ਼ੀ ਦਿਵਾਈ, ਸਗੋਂ ਸੰਸਾਰ ਭਰ ਦੇ ਵਿਗਿਆਨੀਆਂ ਦੇ ਸਾਹਮਣੇ ਦੇਸ਼ ਨੂੰ ਮਜ਼ਾਕ ਦਾ ਪਾਤਰ ਵੀ ਬਣਾਇਆ। ਜੇਕਰ ਕੋਈ ਤਸੱਲੀ ਵਾਲੀ ਗੱਲ ਹੈ ਤਾਂ ਉਹ ਇਹ ਹੈ ਕਿ ਕਾਂਗਰਸ ਦੇ ਅਖੀਰ ਵਿੱਚ ਇੰਡੀਅਨ ਸਾਇੰਸ ਕਾਂਗਰਸ ਐਸੋਸੀਏਸ਼ਨ ਦੀ ਕਾਰਜਕਾਰੀ ਕਮੇਟੀ ਨੇ ਜਨਰਲ ਹਾਊਸ ਦੀ ਮੀਟਿੰਗ ਵਿੱਚ ਉਪਰੋਕਤ 'ਵਿਦਵਾਨ' ਦੇ ਬਿਆਨ ਦੀ ਸਖ਼ਤ ਨਿੰਦਾ ਕਰਦੇ ਹੋਏ ਅੱਗੇ ਤੋਂ ਚੌਕਸ ਰਹਿਣ ਦਾ ਤਹੱਈਆ ਕੀਤਾ ਹੈ।

1914 ਵਿੱਚ ਸੰਗਠਤ ਹੋਈ ਇੰਡੀਅਨ ਸਾਇੰਸ ਐਸੋਸੀਏਸ਼ਨ ਦੀ ਇਹ 106ਵੀਂ ਕਾਂਗਰਸ, ਇਸਦੇ ਜਨਰਲ ਪ੍ਰੈਜੀਡੈਂਟ ਬੰਗਾਲ ਦੇ ਮੈਡੀਕਲ ਖੇਤਰ ਦੇ ਵਿਗਿਆਨੀ ਡਾ. ਮਨੋਜ ਚੱਕਰਵਰਤੀ ਅਤੇ ਜਨਰਲ ਸਕੱਤਰ ਪ੍ਰੋਫੈਸਰ ਪੇਰੂਮਦ ਪੀ. ਮਾਥੁਰ ਦੀ ਦੇਖ-ਰੇਖ ਹੇਠ ਤਿੰਨ ਤੋਂ ਸੱਤ ਜਨਵਰੀ ਤੱਕ ਹੋਈ। ਇਸ ਵਿੱਚ ਵਿਗਿਆਨ ਤੇ ਤਕਨਾਲੋਜੀ ਦੀਆਂ 14 ਵੱਖ-ਵੱਖ ਸ਼ਾਖਾਵਾਂ ਦੇ ਇੰਨੇ ਹੀ ਸੈਸ਼ਨ ਹੋਏ। ਇਸ ਤੋਂ ਬਿਨ੍ਹਾਂ ਵਿਗਿਆਨਕ ਵਿਚਾਰਾਂ ਦੇ ਪ੍ਰਸਾਰ ਲਈ 17 ਸਾਲ ਤੱਕ ਦੇ ਬੱਚਿਆਂ ਲਈ ਚਿਲਡਰਨ ਕਾਂਗਰਸ ਅਤੇ ਔਰਤਾਂ ਲਈ ਵਿਸ਼ੇਸ ਵੂਮੈਨ ਸਾਇੰਸ ਕਾਂਗਰਸ ਦੇ ਸੈਸ਼ਨ ਵੀ ਹੋਏ। ਕਾਂਗਰਸ ਵਿੱਚ ਤਿੰਨ ਨੋਬਲ ਪੁਰਸਕਾਰ ਜੇਤੂ ਵਿਗਿਆਨੀਆਂ ਡੰਕਨ ਹਾਲਡੇਨ, ਥਾਮਸ ਸੁਡਹਾਫ ਅਤੇ ਐਵਰਮ ਹਰਸ਼ਕੋ ਸਮੇਤ ਦੇਸ਼ ਅਤੇ ਦੁਨੀਆਂ ਦੇ ਵਿਗਿਆਨ ਨਾਲ ਜੁੜੇ ਹਜ਼ਾਰਾਂ ਲੋਕਾਂ ਨੇ ਹਿੱਸਾ ਲਿਆ। ਕਾਂਗਰਸ ਦਾ ਥੀਮ "ਫਿਊਚਰ ਇੰਡੀਆ : ਸਾਇੰਸ ਐਂਡ ਟੈਕਨਾਲੋਜੀ" ਸੀ।

ਕਾਂਗਰਸ ਦੇ ਪ੍ਰਬੰਧਕ ਅਤੇ ਹਾਜ਼ਰ ਵਿਗਿਆਨੀ ਉਸ ਸਮੇਂ ਹੈਰਾਨ-ਪ੍ਰੇਸ਼ਾਨ ਹੋ ਗਏ ਜਦੋਂ ਆਂਧਰਾ ਯੂਨੀਵਰਸਿਟੀ ਦੇ ਉਪ ਕੁਲਪਤੀ ਜੀ. ਨਾਗੇਸ਼ਵਰ ਰਾਓ ਨੇ ਆਪਣੀ ਤਕਰੀਰ ਵਿੱਚ ਦਾਅਵਾ ਕੀਤਾ ਕਿ ਭਾਰਤ ਕੋਲ ਸਟੈਮ ਸੈੱਲ ਤੋਂ ਬੱਚੇ ਪੈਦਾ ਕਰਨ ਦੀ ਤਕਨੀਕ ਹਜ਼ਾਰਾਂ ਸਾਲ ਪਹਿਲਾਂ ਹੀ ਮੌਜੂਦ ਸੀ ਅਤੇ ਗੰਧਾਰੀ ਦੇ ਸੌ ਪੁੱਤਰ ਕੌਰਵ ਇਸੇ ਤਕਨੀਕ ਨਾਲ ਪੈਦਾ ਹੋਏ ਸਨ। ਰਾਓ ਨੇ ਇਹ ਵੀ ਦਾਅਵਾ ਕੀਤਾ ਕਿ ਭਾਰਤ ਕੋਲ ਨਿਰਧਾਰਤ ਨਿਸ਼ਾਨਾ ਫੁੰਡਣ ਵਾਲੀ ਮਿਜ਼ਾਈਲ ਦੀ ਤਕਨੀਕ ਹਜ਼ਾਰਾਂ ਸਾਲ ਪੁਰਾਣੀ ਹੈ ਅਤੇ ਭਗਵਾਨ ਰਾਮ ਕੋਲ ਅਜਿਹੇ ਅਸਤਰ-ਸ਼ਾਸਤਰ ਸਨ ਜੋ ਨਿਸ਼ਾਨਾ ਫੁੰਡਣ ਤੋਂ ਬਾਅਦ ਵਾਪਸ ਪਰਤ ਆਉਂਦੇ ਸਨ। ਉਹਨਾਂ ਨੇ ਰਮਾਇਣ ਦਾ ਹਵਾਲਾ ਦੇ ਕੇ ਕਿਹਾ ਕਿ ਰਾਵਣ ਕੋਲ ਪੁਸ਼ਪਕ ਵਿਮਾਨ ਤੋਂ ਬਿਨ੍ਹਾਂ ਹੋਰ ਦਰਜਨਾਂ ਜਹਾਜ਼ ਸਨ। ਉਹਨਾਂ ਦਸ ਅਵਤਾਰਾਂ ('ਭਗਵਾਨ' ਵਿਸ਼ਨੂੰ ਦੇ ਦੱਸੇ ਜਾਂਦੇ ਦਸ ਅਵਤਾਰ) ਨੂੰ ਜੀਵਾਂ ਦੇ ਵਿਕਾਸ ਦਾ ਸਿਧਾਂਤ ਪੇਸ਼ ਕਰਨ ਵਾਲੇ ਪ੍ਰਸਿੱਧ ਵਿਗਿਆਨੀ ਚਾਰਲਸ ਰਾਬਰਟ ਡਾਰਵਿਨ ਤੋਂ

***ਗੈਰ-ਵਿਗਿਆਨਕ ਗੱਲ ਕਹਿਣ 'ਤੇ ਮੰਚ ਤੋਂ ਉਤਾਰਨ ਦਾ ਮਤਾ ਪਾਸ***

*ਇਹ ਮਤਾ ਇੰਡੀਅਨ ਸਾਇੰਸ ਕਾਂਗਰਸ ਐਸੋਸੀਏਸ਼ਨ ਦੀ ਜਨਰਲ ਬਾਡੀ ਅਤੇ ਕਾਰਜਕਾਰਨੀ ਕਮੇਟੀ ਵਿੱਚ ਪਾਸ ਕੀਤਾ ਗਿਆ। ਐਸੋਸੀਏਸ਼ਨ ਦੇ ਪ੍ਰਧਾਨ ਪ੍ਰੋ. ਮਨੋਜ ਚੱਕਰਵਰਤੀ ਨੇ ਦੱਸਿਆ ਕਿ ਭਵਿੱਖ ਵਿੱਚ ਜਿਹੜੇ ਵੀ ਬੁਲਾਰੇ ਨੂੰ ਸੱਦਿਆ ਜਾਵੇਗਾ ਉਸ ਕੋਲੋਂ ਪਹਿਲਾਂ ਬੋਲਣ ਵਾਲੇ ਭਾਸ਼ਣ ਦਾ ਇੱਕ ਉਤਾਰਾ ਲਿਆ ਜਾਵੇਗਾ ਅਤੇ ਨਾਲ ਹੀ ਬੁਲਾਰੇ ਕੋਲੋਂ ਲਿਖਤੀ ਤੌਰ 'ਤੇ ਲਿਆ ਜਾਵੇਗਾ ਕਿ ਉਹ ਆਪਣੇ ਭਾਸ਼ਣ ਵਿੱਚ ਕੋਈ ਵੀ ਗੈਰ-ਵਿਗਿਆਨਕ ਗੱਲ ਨਹੀਂ ਕਹੇਗਾ। ਐਸੋਸੀਏਸ਼ਨ ਨੇ ਇਹ ਸਖ਼ਤ ਫੈਸਲਾ ਦੋ ਬੁਲਾਰਿਆਂ ਵੱਲੋਂ ਦਿੱਤੇ ਗਏ ਗੈਰ-ਵਿਗਿਆਨਕ ਭਾਸ਼ਣ ਤੋਂ ਬਾਅਦ ਲਿਆ ਹੈ। ਐਸੋਸੀਏਸ਼ਨ ਨੇ ਇਹ ਫੈਸਲਾ ਵੀ ਕੀਤਾ ਹੈ ਕਿ ਬੱਚਿਆਂ ਦੀ ਸਾਇੰਸ ਕਾਂਗਰਸ ਦੌਰਾਨ ਉੱਥੇ ਜਥੇਬੰਦੀ ਦਾ ਚੇਅਰਮੈਨ ਵੀ ਹਾਜ਼ਰ ਰਹੇਗਾ। ਜੇਕਰ ਬੁਲਾਰਿਆਂ ਵਿੱਚੋਂ ਕੋਈ ਗੈਰ-ਵਿਗਿਆਨਕ ਭਾਸ਼ਣ ਦਿੰਦਾ ਹੈ ਤਾਂ ਉਸ ਨੂੰ ਮੌਕੇ 'ਤੇ ਹੀ ਟੋਕਿਆ ਜਾਵੇਗਾ। ਇਸ ਦੇ ਬਾਵਜੂਦ ਵੀ ਜੇਕਰ ਉਹ ਆਪਣਾ ਭਾਸ਼ਣ ਜਾਰੀ ਰੱਖਦਾ ਹੈ ਤਾਂ ਉਸ ਨੂੰ ਮੰਚ ਤੋਂ ਹੇਠਾਂ ਉਤਾਰ ਦਿੱਤਾ ਜਾਵੇਗਾ।*

ਬਿਹਤਰ ਦੱਸਿਆ। ਹੈਰਾਨੀ ਦੀ ਗੱਲ ਹੈ ਕਿ ਪ੍ਰੋਫੈਸਰ ਰਾਓ ਨੇ ਆਪਣੇ ਇਹਨਾਂ ਦਾਅਵਿਆਂ ਦੀ ਪੁਸ਼ਟੀ ਲਈ ਕੋਈ ਵਿਗਿਆਨਕ ਤਰਕ ਜਾਂ ਸਬੂਤ ਦੇਣ ਦੀ ਲੋੜ ਹੀ ਨਹੀਂ ਸਮਝੀ। ਇਸ ਤੋਂ ਵੀ ਵੱਧ ਹੈਰਾਨੀ ਦੀ ਗੱਲ ਇਹ ਹੈ ਕਿ ਕਿਸੇ ਵੀ ਵਿਗਿਆਨੀ ਨੇ ਮੌਕੇ 'ਤੇ ਪ੍ਰੋਫੈਸਰ ਰਾਓ ਨੂੰ ਟੋਕਣ-ਰੋਕਣ ਦੀ ਹਿੰਮਤ ਨਹੀਂ ਦਿਖਾਈ। ਇਹ ਹੋਰ ਵੀ ਹੈਰਾਨੀ ਦੀ ਗੱਲ ਹੈ ਕਿ ਕਾਂਗਰਸ ਦੇ ਜਨਰਲ ਸਕੱਤਰ ਪ੍ਰੋਫੈਸਰ ਪ੍ਰੇਮੂਲ ਨੇ ਬਾਅਦ ਵਿੱਚ ਕਿਹਾ ਕਿ ਜੀ. ਨਾਗੇਸ਼ਵਰ ਰਾਓ ਨੂੰ ਤਾਂ ਇਸ ਮੌਕੇ ਲਈ ਬੁਲਾਇਆ ਹੀ ਨਹੀਂ ਗਿਆ ਸੀ।

ਦਰਅਸਲ ਰਾਓ ਦੀ ਪੇਸ਼ਕਾਰੀ ਆਰ.ਐਸ.ਐਸ. ਤੇ ਭਾਜਪਾ ਦੇ ਭਗਵੇ ਏਜੰਡੇ ਦੀ ਲੰਬੀ ਕੜੀ ਦਾ ਹੀ ਜਾਰੀ ਰੂਪ ਹੈ ਜਿਸ ਰਾਹੀਂ ਆਸਥਾ ਨੂੰ ਸਾਇੰਸ ਦਾ ਦਰਜਾ ਦੇਣ ਦਾ ਯਤਨ ਕੀਤਾ ਜਾ ਰਿਹਾ ਹੈ। ਇਸ ਤਰ੍ਹਾਂ ਇਤਿਹਾਸ ਨੂੰ ਮਿਥਿਹਾਸ ਅਤੇ ਮਿਥਿਹਾਸ ਨੂੰ ਇਤਿਹਾਸ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਰਾਓ ਨੇ ਵੀ ਆਪਣੇ ਭਾਸ਼ਣ ਰਾਹੀਂ ਵਿਗਿਆਨਕ ਵਿਚਾਰਾਂ ਤੇ ਸੰਕਲਪਾਂ ਦੀ ਥਾਂ ਤਰਕਹੀਣ ਆਸਥਾ ਨੂੰ ਥੋਪਣ ਦਾ ਗੈਰ-ਵਿਗਿਆਨਕ ਕਾਰਜ ਕੀਤਾ ਹੈ। ਇਸ 'ਸੁਭ ਕਾਰਜ' ਦੀ ਸ਼ੁਰੂਆਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਉਸ ਭਾਸ਼ਣ ਨੂੰ ਮੰਨਿਆ ਜਾ ਰਿਹਾ ਹੈ ਜੋ ਉਹਨਾਂ ਨੇ ਮੁੰਬਈ ਦੇ ਡਾਕਟਰਾਂ ਦੀ ਇੱਕ ਇਕੱਤਰਤਾ ਵਿੱਚ ਦਿੰਦਿਆਂ ਕਿਹਾ ਸੀ ਕਿ ਭਾਰਤ ਕੋਲ ਹਜ਼ਾਰਾਂ ਸਾਲ ਪਹਿਲਾਂ ਸਰਜਰੀ ਦੀ ਮੌਜੂਦਾ ਤਕਨੀਕ ਤੋਂ ਬਿਹਤਰ ਤਕਨੀਕ ਸੀ ਜਿਸ ਨਾਲ ਕੱਟੇ ਹੋਏ ਸਿਰ ਨੂੰ ਦੂਸਰੇ ਧੜ 'ਤੇ ਜੋੜਿਆ ਜਾ ਸਕਦਾ ਸੀ। ਬਾਅਦ ਵਿੱਚ ਮੋਦੀ ਵਜ਼ਾਰਤ ਦੇ ਉਪ ਸਿੱਖਿਆ ਮੰਤਰੀ ਸਤਿਆਪਾਲ ਸਿੰਘ ਨੇ ਪ੍ਰਸਿੱਧ ਜੀਵ ਵਿਕਾਸ ਵਿਗਿਆਨੀ ਚਾਰਲਸ ਡਾਰਵਿਨ ਦੇ ਜੀਵ ਵਿਕਾਸ ਸਿਧਾਂਤ ਨੂੰ ਰੱਦ ਕਰਦੇ ਹੋਏ ਇਹ ਕਹਿ ਕੇ ਆਪਣੀ 'ਬੌਧਿਕ' ਸਮਰੱਥਾ ਦਾ ਸਬੂਤ ਦਿੱਤਾ ਸੀ ਕਿ ਉਸ ਨੇ ਆਪਣੀ ਜ਼ਿੰਦਗੀ ਵਿੱਚ ਕਦੇ ਵੀ ਬਾਂਦਰ ਤੋਂ ਮਨੁੱਖ ਬਣਦਾ ਨਹੀਂ ਦੇਖਿਆ।

ਇਸ ਤੋਂ ਵੀ ਪਹਿਲਾਂ ਭਾਰਤ ਦੇ ਦੱਖਣੀ ਸਿਰੇ ਅਤੇ ਸ੍ਰੀਲੰਕਾ ਦੇ ਦਰਮਿਆਨ ਵੱਡੇ ਸਮੁੰਦਰੀ ਜਹਾਜ਼ਾਂ ਦੀ ਜਹਾਜ਼ਰਾਨੀ ਦੀ ਦੂਰੀ ਘਟਾ ਕੇ ਇਸ ਨੂੰ ਸਸਤਾ ਤੇ ਸੁਖਾਲਾ ਬਣਾਉਣ ਲਈ ਜਦ ਪਾਣੀ ਹੇਠਲੀਆਂ ਚੱਟਾਨਾਂ ਦੇ ਢਾਂਚੇ ਨੂੰ ਤੋੜ ਕੇ ਰਸਤਾ ਬਣਾਉਣ ਦੀ ਯੋਜਨਾ ਬਾਰੇ ਗੱਲ ਚੱਲੀ ਤਾਂ ਉਸ ਸਮੇਂ ਵੀ ਭਗਵਾਂ ਬ੍ਰਿਗੇਡ ਦੀ ਆਸਥਾ ਅੜਿੱਕਾ ਬਣ ਗਈ। ਸੁਪਰੀਮ ਕੋਰਟ ਦੇ ਇਸ ਨਿਰਣੇ : ਕਿ ਪਾਣੀ ਦੀ ਸਤਹ ਹੇਠਲੀਆਂ ਚੱਟਾਨਾਂ ਮਨੁੱਖ ਦੁਆਰਾ

***...ਬਾਕੀ ਸਫਾ 29 'ਤੇ***

### *ਹਾਲਾਤਾਂ ਨੂੰ ਬਦਲਣ ਦੀ ਲੋੜ - ਅਰਵਿੰਦ*

*ਪਿਛਲੇ ਸਾਲਾਂ ਦੌਰਾਨ ਜਿਸ ਢੰਗ ਨਾਲ ਵਿਗਿਆਨ ਕਾਂਗਰਸ ਕਰਵਾਈ ਜਾ ਰਹੀ ਹੈ, ਇਸ ਤੋਂ ਸਾਫ਼ ਜ਼ਾਹਿਰ ਹੈ ਕਿ ਵਿਗਿਆਨ ਕਾਂਗਰਸ ਆਪਣੇ ਮਕਸਦ ਤੋਂ ਭਟਕ ਚੁੱਕੀ ਹੈ। ਆਜ਼ਾਦੀ ਤੋਂ ਬਾਅਦ ਦੇ ਸਾਲਾਂ ਵਿੱਚ ਸਿਆਸੀ ਆਗੂ ਵਿਗਿਆਨ ਕਾਂਗਰਸ ਵਿੱਚ ਵਿਗਿਆਨ ਤੋਂ ਦੇਸ਼ ਲਈ ਸੇਧ ਲੈਣ ਆਉਂਦੇ ਸਨ। ਹੁਣ ਉਲਟਾ ਹੋ ਰਿਹਾ ਹੈ, ਸਿਆਸੀ ਆਗੂ ਵਿਗਿਆਨ ਨੂੰ ਪ੍ਰਭਾਵਿਤ ਕਰਨ, ਵਿਗਿਆਨ ਬਾਰੇ ਦਾਅਵੇ ਕਰਨ ਅਤੇ ਵਿਗਿਆਨੀਆਂ ਨੂੰ ਵਿਗਿਆਨ ਦਾ ਏਜੰਡਾ ਦੱਸਣ ਆਉਂਦੇ ਜਾਪਦੇ ਹਨ। ਦੂਜੇ ਪਾਸੇ ਦੇਸ਼ ਦੇ ਵਿਗਿਆਨੀ ਇਸ ਤੋਂ ਪਰ੍ਹਾਂ ਹਟਦੇ ਜਾ ਰਹੇ ਹਨ। ਬਹੁਤ ਸਾਰੇ ਵਿਗਿਆਨੀ ਤਾਂ ਇਸ ਵਿੱਚ ਸ਼ਾਮਲ ਹੋਣ ਤੋਂ ਵੀ ਕਤਰਾਉਂਦੇ ਹਨ। ਇਹ ਸਿਰਫ਼ ਇਤਫ਼ਾਕ ਨਹੀਂ ਕਿ ਭਾਰਤੀ ਮੂਲ ਦੇ ਨੋਬੇਲ ਇਨਾਮ ਵਿਜੇਤਾ ਵੈਂਕਟਾਰਾਮਨ ਰਾਮਕ੍ਰਿਸ਼ਨਨ ਨੇ ਇਸ ਕਾਂਗਰਸ ਨੂੰ ਸਰਕਸ ਕਿਹਾ ਹੈ। ਬਹੁਤੇ ਵਿਗਿਆਨੀਆਂ ਨੂੰ ਲਗਦਾ ਹੈ ਕਿ ਜਿਸ ਢੰਗ ਨਾਲ ਇਹ ਕਾਂਗਰਸ ਕਰਵਾਈ ਜਾ ਰਹੀ ਹੈ, ਉਨ੍ਹਾਂ ਲਈ ਇਸ ਨਾਲ ਅਰਥਪੂਰਵਕ ਜੁੜਨਾ ਮੁਸ਼ਕਿਲ ਹੈ ਅਤੇ ਇਹ ਕਾਂਗਰਸ ਵਿਗਿਆਨਕ ਇਕੱਠ ਹੋਣ ਦੀ ਥਾਂ ਮਹਿਜ਼ ਸਰਕਾਰੀ ਪ੍ਰਦਰਸ਼ਨੀ ਬਣ ਕੇ ਰਹਿ ਗਈ ਹੈ। ਵੈਸੇ ਵੀ ਜ਼ਿਆਦਾਤਰ ਭਾਰਤੀ ਵਿਗਿਆਨੀਆਂ ਵਿੱਚ ਆਮ ਲੋਕਾਂ ਨਾਲ ਜੁੜਨ ਦਾ ਰੁਝਾਨ ਘੱਟ ਹੈ ਅਤੇ ਉਹ ਆਪਣੇ ਵਿਸ਼ੇ ਅਤੇ ਕੈਰੀਅਰ ਵੱਲ ਵਧੇਰੇ ਕੇਂਦਰਤ ਰਹਿੰਦੇ ਹਨ। ਬਹੁਤ ਘੱਟ ਭਾਰਤੀ ਵਿਗਿਆਨੀ ਆਮ ਲੋਕਾਂ ਨਾਲ ਜੁੜ ਕੇ, ਸਮਾਜ ਵਿੱਚ ਵਿਗਿਆਨ ਤੇ ਵਿਗਿਆਨਕ ਸੋਚ ਦੇ ਪ੍ਰਚਾਰ ਦੇ ਕੰਮ ਲਈ ਸਮਾਂ ਕੱਢਣ ਲਈ ਤਿਆਰ ਹੁੰਦੇ ਹਨ। ਵਿਗਿਆਨ ਨੂੰ ਸਾਡੇ ਲਈ ਸਹੂਲਤਾਂ ਪੈਦਾ ਕਰਨ ਲਈ ਵਸਤੂਆਂ ਦੇ ਨਿਰਮਾਣ ਦੇ ਸਾਧਨ ਤੱਕ ਸੀਮਿਤ ਰੱਖ ਕੇ ਹੀ ਨਹੀਂ ਵੇਖਣਾ ਚਾਹੀਦਾ, ਸਗੋਂ ਇਸ ਨੂੰ ਸੋਚਣ ਤੇ ਜਿਉਣ ਦੇ ਤਰੀਕੇ ਦੇ ਤੌਰ 'ਤੇ ਸਮਝਣਾ ਚਾਹੀਦਾ ਹੈ। ਵਿਗਿਆਨ ਤੇ ਵਿਗਿਆਨਕ ਸੋਚ ਦੇ ਪ੍ਰਸਾਰ ਲਈ ਭਾਵੇਂ ਦੇਸ਼ ਵਿੱਚ ਸੰਸਥਾਵਾਂ ਮੌਜੂਦ ਹਨ ਤੇ ਵਿਗਿਆਨਕ ਕਾਂਗਰਸ ਵੀ ਇਸੇ ਕੜੀ ਦਾ ਹਿੱਸਾ ਹੈ, ਇਹ ਕੰਮ ਲੋੜੀਂਦੀ ਸੰਜੀਦਗੀ ਨਾਲ ਨਹੀਂ ਹੋ ਰਿਹਾ। ਦੇਸ਼ ਵਿੱਚ ਅੱਜ ਵੀ ਅੰਧ-ਵਿਸ਼ਵਾਸ ਤੇ ਗੈਰ-ਵਿਗਿਆਨਕ ਸੋਚ ਦਾ ਬੋਲਬਾਲਾ ਹੈ। ਇਨ੍ਹਾਂ ਹਾਲਾਤਾਂ ਨੂੰ ਬਦਲਣ ਦੀ ਲੋੜ ਹੈ।*



***ਭੌਤਿਕ ਵਿਗਿਆਨੀ,***
***ਆਈ.ਆਈ.ਐਸ.ਈ.ਆਰ. ਮੋਹਾਲੀ।***

## ਖਬਰ ਹੈ ਕਿ...

### ਚਰਚ ਉੱਪਰ ਸੈਕਸ ਸ਼ੋਸ਼ਣ ਦੇ ਦੋਸ਼

ਸ਼ਿਕਾਗੋ – ਅਮਰੀਕਾ ਦੇ ਸਭ ਤੋਂ ਵੱਡੇ ਪ੍ਰੋਟੈਸਟੈਂਟ ਭਾਈਚਾਰੇ ਨਾਲ ਸਬੰਧਤ ਸਾਊਦਰਨ ਬੈਪਟਿਸਟ ਚਰਚ ਸੈਕਸ ਸ਼ੋਸ਼ਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ। ਇੱਕ ਰਿਪੋਰਟ ਵਿੱਚ 1998 ਤੋਂ ਹੁਣ ਤੱਕ ਸੈਂਕੜੇ ਦੋਸ਼ੀਆਂ ਅਤੇ 700 ਤੋਂ ਵੱਧ ਪੀੜਤਾਂ ਦਾ ਖੁਲਾਸਾ ਕੀਤਾ ਗਿਆ ਹੈ। ਟੈਕਸਾਸ ਦੀਆਂ 2 ਅਖਬਾਰਾਂ ਦੀਆਂ ਰਿਪੋਰਟਾਂ ਮੁਤਾਬਕ ਲਗਭਗ 380 ਚਰਚ ਨੇਤਾਵਾਂ ਅਤੇ ਸਵੈਮ ਸੇਵਕਾਂ ਨੇ ਸੈਕਸ ਸ਼ੋਸ਼ਣ ਦੇ ਦੋਸ਼ਾਂ ਦਾ ਸਾਹਮਣਾ ਕੀਤਾ। ਇਨ੍ਹਾਂ ਵਿੱਚੋਂ ਵਧੇਰੇ ਅਪਰਾਧ ਬੱਚਿਆਂ ਨਾਲ ਹੋਏ। ਰਿਪੋਰਟ ਦੇ ਜਵਾਬ ਵਿੱਚ ਚਰਚ ਦੇ ਅਧਿਕਾਰੀਆਂ ਨੇ ਮੰਨਿਆ ਕਿ ਪੀੜਤਾਂ ਦੀ ਗਿਣਤੀ ਵੱਧ ਹੋ ਸਕਦੀ ਹੈ। ਉਨ੍ਹਾਂ ਪੀੜਤਾਂ ਨੂੰ ਸਾਹਮਣੇ ਆਉਣ ਦੀ ਬੇਨਤੀ ਕੀਤੀ।

(ਜਗ ਬਾਣੀ, 14-2-19)

### ਤਿਰੂਪਤੀ ਮੰਦਰ 'ਚੋਂ ਸੋਨੇ ਦੇ 3 ਮੁਕਟ ਗਾਇਬ

ਤਿਰੂਪਤੀ – ਤਿਰੂਪਤੀ ਦੇ ਗੋਵਿੰਦਰਾਜ ਸਵਾਮੀ ਮੰਦਰ ਵਿੱਚੋਂ ਸੋਨੇ ਦੇ 3 ਮੁਕਟ ਗਾਇਬ ਹੋ ਜਾਣ ਦੀ ਖਬਰ ਹੈ। ਇਹ ਲਗਭਗ 1.3 ਕਿ.ਗ੍ਰਾ. ਦੇ ਸਨ। ਤਿਰੁਮਾਲਾ ਤਿਰੂਪਤੀ ਦੇਵਸਥਾਨਮ ਦੇ ਸੁਰੱਖਿਆ ਅਧਿਕਾਰੀ ਨੇ ਦੱਸਿਆ ਕਿ ਇਸ ਪ੍ਰਾਚੀਨ ਮੰਦਰ ਵਿੱਚ ਭਗਵਾਨ ਵੈਂਕਟੇਸ਼ਵਰ, ਲਕਸ਼ਮੀ ਅਤੇ ਪਦਮਾਵਤੀ ਦੀਆਂ ਮੂਰਤੀਆਂ 'ਤੇ ਇਹ ਮੁਕਟ ਪਾਏ ਹੋਏ ਸਨ। ਦੋਸ਼ੀਆਂ ਦਾ ਪਤਾ ਲਾਉਣ ਲਈ ਸੀ.ਸੀ.ਟੀ.ਵੀ. ਕੈਮਰੇ ਦੀ ਫੁਟੇਜ਼ ਨੂੰ ਖੰਗਾਲਿਆ ਜਾ ਰਿਹਾ ਹੈ। ਪੁਲਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

(ਜਗ ਬਾਣੀ, 4-2-19)

### ਮਹਾਰਾਸ਼ਟਰ ਦੀ ਸਰਕਾਰ ਨੇ ਸਾਈਂ ਬਾਬਾ ਮੰਦਿਰ ਤੋਂ ਲਿਆ ਕਰਜ਼ਾ

ਮਹਾਰਾਸ਼ਟਰ ਦੀ ਸਰਕਾਰ ਨੇ ਸਾਈਂ ਬਾਬਾ ਮੰਦਿਰ ਤੋਂ 500 ਕਰੋੜ ਰੁਪਏ ਦਾ ਕਰਜ਼ਾ ਲਿਆ ਹੈ। ਅੱਜ ਧਾਰਮਿਕ ਸਥਾਨ ਇੱਕ ਕਾਰੋਬਾਰ ਬਣ ਚੁੱਕੇ ਹਨ। ਇਹਨਾਂ 'ਚ ਆਉਣ ਵਾਲਾ ਚੜ੍ਹਾਵਾ ਭਾਰਤ ਦੇ ਬਜਟ ਦੇ ਕੁੱਲ ਯੋਜਨਾ ਖਰਚੇ ਦੇ ਬਰਾਬਰ ਹੈ। 100 ਪ੍ਰਮੁੱਖ ਮੰਦਿਰਾਂ ਕੋਲ ਕਰੀਬ 3600 ਅਰਬ ਰੁਪਏ ਦਾ ਸੋਨਾ ਹੈ। ਧਾਰਮਿਕ ਸਥਾਨਾਂ ਦੇ ਤਹਿਖਾਨਿਆਂ ਵਿੱਚ ਕੁੰਡਲੀ ਮਾਰੀ ਬੈਠੇ 'ਰੱਬ' ਜੀ ਕਰੋੜਾਂ ਲੋਕਾਂ ਨੂੰ ਭੁੱਖ, ਗਰੀਬੀ ਅਤੇ ਬਿਮਾਰੀਆਂ ਨਾਲ ਮਰਦੇ ਵੇਖ ਰਹੇ ਹਨ। ਧਾਰਮਿਕ ਆਸਥਾ ਹਕੂਮਤ ਕਰ ਰਹੀਆਂ ਲੋਕ ਵਿਰੋਧੀ ਜਮਾਤਾਂ ਦੇ ਹੱਥ ਲੋਕਾਂ ਨੂੰ ਗੁਲਾਮ ਬਣਾਈ ਰੱਖਣ ਦਾ ਹਥਿਆਰ ਰਹੀ ਹੈ ਅਤੇ ਹੈ। ਪਰ ਹੁਣ ਇਹ ਲੋਕਾਂ ਦੀਆਂ ਜੇਬਾਂ ਛਿੱਲ ਮੋਟੀ ਕਮਾਈ ਕਰਨ ਦਾ ਕਾਰੋਬਾਰ ਵੀ ਬਣ ਚੁੱਕਾ ਹੈ।

### ਜਾਦੂ ਟੂਣੇ ਦੇ ਚੱਕਰ 'ਚ ਪੰਜ ਜੀਆਂ ਦੀ ਹੱਤਿਆ

ਰੁੜਕੇਲਾ – ਓਡੀਸ਼ਾ ਦੇ ਸੁੰਦਰਗੜ੍ਹ ਜ਼ਿਲ੍ਹੇ ਦੇ ਇੰਦੂਪੁਰ 'ਚ ਇੱਕ ਹੀ ਪਰਿਵਾਰ ਦੇ ਪੰਜ ਜੀਆਂ ਦੀ ਹੱਤਿਆ ਕਰ ਦਿੱਤੀ ਗਈ। ਇਨ੍ਹਾਂ ਵਿੱਚ ਮਾਂ ਤੇ ਚਾਰ ਬੱਚੇ ਸ਼ਾਮਲ ਹਨ। ਇਸ ਸਿਲਸਿਲੇ 'ਚ ਪੁਲਿਸ ਨੇ ਤਾਂਤਰਿਕ ਸਮੇਤ ਛੇ ਗੁਆਂਢੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਤੋਂ ਪੁਛਗਿੱਛ 'ਚ ਪਰਦਾਫਾਸ਼ ਹੋਇਆ ਹੈ ਕਿ ਹੱਤਿਆ ਜਾਦੂ-ਟੂਣੇ ਦੇ ਚੱਕਰ ਵਿੱਚ ਕੀਤੀ ਗਈ ਹੈ।

(ਪੰਜਾਬੀ ਜਾਗਰਣ, 28-1-19)

### ਕੁਰੀਅਨ ਦੀ ਬੇਟੀ ਨੇ ਕੀਤਾ ਪਿਤਾ 'ਤੇ ਲੱਗੇ ਧਰਮ-ਪਰਿਵਰਤਨ ਦੇ ਦੋਸ਼ਾਂ ਨੂੰ ਖਾਰਜ

ਆਨੰਦ – ਭਾਰਤ ਵਿੱਚ ਚਿੱਟੀ ਕ੍ਰਾਂਤੀ ਦੇ ਜਨਮਦਾਤਾ ਡਾ. ਵਰਗੀਸ ਕੁਰੀਅਨ ਦੀ ਬੇਟੀ ਨੇ ਗੁਜਰਾਤ ਦੇ ਸਾਬਕਾ ਮੰਤਰੀ ਦਲੀਪ ਸੰਘਾਨੀ ਦੇ ਉਨ੍ਹਾਂ ਦਾਅਵਿਆਂ ਨੂੰ ਖਾਰਜ ਕਰ ਦਿੱਤਾ ਜਿਸ ਵਿੱਚ ਉਨ੍ਹਾਂ ਦੋਸ਼ ਲਾਇਆ ਸੀ ਕਿ ਕੌਮੀ ਡੇਅਰੀ ਵਿਕਾਸ ਬੋਰਡ ਦੇ ਬਾਨੀ ਪ੍ਰਧਾਨ ਗੁਜਰਾਤ ਕੋ-ਆਪਰੇਟਿਵ ਮਿਲਕ ਮਾਰਕੀਟ ਫੈਡਰੇਸ਼ਨ ਅਮੁੱਲ ਦੇ ਮੁਨਾਫ਼ੇ ਵਿੱਚੋਂ ਇਸਾਈ ਮਿਸ਼ਨਰੀਆਂ ਨੂੰ ਧਰਮ ਪਰਿਵਰਤਨ ਲਈ ਧਨ ਦਿੰਦੇ ਸਨ। ਆਪਣੇ ਪਿਤਾ ਦੀ ਬਰਸੀ ਮੌਕੇ ਨਿਰਮਲਾ ਕੁਰੀਅਨ ਨੇ ਕਿਹਾ ਕਿ ਅਜਿਹੇ ਬਿਆਨਾਂ ਨੂੰ ਅਣ-ਸੁਣਿਆ ਕਰ ਦੇਣਾ ਚਾਹੀਦਾ ਹੈ। ਡਾ. ਕੁਰੀਅਨ ਦੀ ਬਰਸੀ ਮੌਕੇ ਬੋਰਡ ਦੇ ਇੱਕ ਪ੍ਰੋਗਰਾਮ ਮਗਰੋਂ ਨਿਰਮਲਾ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਨਾਸਤਕ (ਇਸਾਈ ਹੋਣ ਦੇ ਬਾਵਜੂਦ) ਸਨ ਅਤੇ ਉਨ੍ਹਾਂ ਦੀ ਇੱਛਾ ਅਨੁਸਾਰ ਅੰਤਿਮ ਸੰਸਕਾਰ ਕੀਤਾ ਗਿਆ। ਉਸੇ ਤਰ੍ਹਾਂ ਉਨ੍ਹਾਂ ਦੀ ਮਾਂ ਦਾ ਵੀ ਅੰਤਿਮ ਸੰਸਕਾਰ ਕੀਤਾ ਗਿਆ। ਸੰਘਾਨੀ ਦੇ ਦੋਸ਼ 'ਤੇ ਪ੍ਰਤੀਕਿਰਿਆ ਦਿੰਦਿਆਂ ਅਮੁੱਲ ਦੇ ਪ੍ਰਬੰਧ ਨਿਰਦੇਸ਼ਕ ਡਾ. ਆਰ. ਐੱਸ. ਸੋਢੀ ਨੇ ਕਿਹਾ ਕਿ ਡਾ. ਕੁਰੀਅਨ ਦਾ ਉਹ ਧਰਮ ਸੀ ਜੋ ਦੇਸ਼ ਦੇ ਸਾਰੇ ਕਿਸਾਨਾਂ ਦਾ ਹੈ।

(ਸਪੋਕਸਮੈਨ, 27-11-18)

## ਖੋਜ਼ ਖਬਰ

### ਮੌਸਮ ਅਨੁਕੂਲ ਕੱਪੜੇ ਦੀ ਖੋਜ਼

ਅਮਰੀਕਾ ਦੀ ਮੈਰੀਲੈਂਡ ਯੂਨੀਵਰਸਿਟੀ ਦੇ ਵਿਗਿਆਨਕਾਂ ਦੀ ਟੀਮ ਨੇ ਅਜਿਹਾ ਕੱਪੜਾ ਬਣਾਇਆ ਹੈ ਜੋ ਸਰੀਰ ਦੇ ਤਾਪਮਾਨ ਨੂੰ ਸੰਤੁਲਿਤ ਕਰਨ 'ਚ ਮਦਦ ਕਰੇਗਾ। ਇਹ ਕੱਪੜਾ ਦੇਖਣ 'ਚ ਉੱਨ ਦੇ ਸਾਧਾਰਨ ਕੱਪੜੇ ਦੀ ਤਰ੍ਹਾਂ ਲੱਗਦਾ ਹੈ ਪਰ ਇਸ 'ਚ ਨੈਨੋਟਿਊਬ ਲੱਗੇ ਹੋਏ ਹਨ। ਇਸ ਨੂੰ ਬਣਾਉਣ ਵਾਲੀ ਟੀਮ ਦਾ ਕਹਿਣਾ ਹੈ ਕਿ ਇਸ ਕੱਪੜੇ ਦੀ ਮਦਦ ਨਾਲ ਲੋਕਾਂ ਨੂੰ ਸਰਦੀਆਂ ਅਤੇ ਗਰਮੀਆਂ 'ਚ ਅਲੱਗ ਅਲੱਗ ਕੱਪੜੇ ਚੁਣਨ ਦੀ ਜ਼ਰੂਰਤ ਨਹੀਂ ਹੋਵੇਗੀ, ਕਿਉਂਕਿ ਇਹ ਕੱਪੜਾ ਸਰੀਰ ਦੇ ਤਾਪਮਾਨ ਦੇ ਹਿਸਾਬ ਨਾਲ ਢਲ ਜਾਵੇਗਾ। ਇਸ ਕੱਪੜੇ ਨੂੰ ਪਹਿਨਣ 'ਤੇ ਜਦੋਂ ਸਰੀਰ ਦਾ ਤਾਪਮਾਨ ਗਰਮ ਹੋਵੇਗਾ ਤਾਂ ਇਸ ਦੇ ਨੈਨੋਟਿਊਬ ਸੁੰਗੜ ਜਾਣਗੇ ਪਰ ਜਦੋਂ ਸਰੀਰ ਦਾ ਤਾਪਮਾਨ ਠੰਡਾ ਹੋਵੇਗਾ ਤਾਂ ਇਸ ਦੇ ਨੈਨੋਟਿਊਬ ਫੈਲ ਜਾਣਗੇ।

### ਦੁਨੀਆਂ ਦਾ ਪਹਿਲਾ ਫੁੱਲ ਬਾਡੀ ਮੈਡੀਕਲ ਸਕੈਨਰ

10 ਸਾਲਾਂ ਦੀ ਸਖਤ ਮਿਹਨਤ ਪਿੱਛੋਂ ਆਖਰ ਦੁਨੀਆਂ ਦਾ ਪਹਿਲਾ ਫੁੱਲ ਬਾਡੀ ਮੈਡੀਕਲ ਸਕੈਨਰ ਤਿਆਰ ਕਰ ਲਿਆ ਗਿਆ ਹੈ। ਇਸ ਤਕਨੀਕ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਹੈ ਕਿ ਇਹ ਇੱਕੋ ਵਾਰ ਵਿੱਚ ਮਰੀਜ ਦੇ ਪੂਰੇ ਸਰੀਰ ਦੀ 3ਡੀ ਇਮੇਜ਼ ਵਿਕਸਤ ਕਰਦਾ ਹੈ। ਇਸ ਵਿੱਚ ਸਰੀਰ ਦੀ ਜਿਆਦਾ ਡੂੰਘਾਈ ਤੋਂ ਜਾਣਕਾਰੀ ਦੇਖਣ ਨੂੰ ਮਿਲੇਗੀ। ਇਹ ਤਕਨੀਕ ਮੌਜੂਦਾ PET ਸਕੈਨਸ ਤੋਂ 40 ਗੁਣਾ ਤੇਜ਼ੀ ਨਾਲ ਕੰਮ ਕਰਦੀ, ਜਿਸ ਨਾਲ ਬਹੁਤ ਘੱਟ ਸਮੇਂ ਵਿੱਚ ਮਤਲਬ 20 ਤੋਂ 30 ਸੈਕੰਡਸ ਵਿੱਚ ਹੀ ਮਰੀਜ਼ ਦੀ ਰਿਪੋਰਟ ਦੇਖੀ ਜਾ ਸਕੇਗੀ। ਇਸ ਨੂੰ ਯੂਨੀਵਰਸਿਟੀ ਆਫ ਕੈਲੀਫੋਰਨੀਆ, ਡੈਵਿਸ ਦੇ ਵਿਗਿਆਨੀਆਂ ਤੇ ਚੀਨ ਦੀ ਸ਼ੰਘਾਈ ਵਿੱਚ ਸਥਿਤ ਮੈਡੀਕਲ ਪ੍ਰੋਡਕਟ ਨਿਰਮਾਤਾ ਕੰਪਨੀ ਯੂਨਾਈਟਿਡ ਇਮੇਜਿੰਗ ਹੈਲਥਕੇਅਰ ਨੇ ਇਕੱਠੇ ਮਿਲ ਕੇ ਤਿਆਰ ਕੀਤਾ ਹੈ।

### ਪਹਿਲੀ ਵਾਰ ਮ੍ਰਿਤਕ ਦੀ ਟਰਾਂਸਪਲਾਂਟ ਕੁੱਖੋਂ ਹੋਇਆ ਸਿਹਤਮੰਦ ਬੱਚੇ ਦਾ ਜਨਮ

ਸਾਇੰਸ ਦੀ ਬਦੌਲਤ ਪਹਿਲੀ ਵਾਰ ਇੱਕ ਮਿਤ੍ਰਕ ਦੀ ਟਰਾਂਸਪਲਾਂਟ ਕੁੱਖ ਤੋਂ ਬੱਚੇ ਦਾ ਜਨਮ ਹੋਇਆ ਹੈ। ਇੱਕ 40 ਸਾਲਾ ਔਰਤ ਦੀ ਮੌਤ ਤੋਂ ਬਾਅਦ ਉਸ ਦੀ ਕੁੱਖ ਇੱਕ ਹੋਰ ਔਰਤ ਨੂੰ ਦਿੱਤੀ ਗਈ ਸੀ, ਜਿਸ ਦਾ ਜਨਮ ਬਿਨ੍ਹਾਂ ਕੁੱਖ ਤੋਂ ਹੋਇਆ ਸੀ। ਦੱਸਣਯੋਗ ਹੈ ਕਿ ਹੁਣ ਤੱਕ 30 ਜਿਉਂਦੀਆਂ ਔਰਤਾਂ ਦੀਆਂ ਕੁੱਖਾਂ ਨੂੰ ਦੂਜੀਆਂ ਔਰਤਾਂ 'ਚ ਟਰਾਂਸਪਲਾਂਟ ਕੀਤਾ ਜਾ ਚੁੱਕਾ ਹੈ ਅਤੇ ਉਨ੍ਹਾਂ 'ਚੋਂ 11 ਔਰਤਾਂ ਨੇ ਬੱਚਿਆਂ ਨੂੰ ਜਨਮ ਵੀ ਦਿੱਤਾ ਹੈ, ਪਰ ਇਹ ਪਹਿਲੀ ਵਾਰ ਹੋਇਆ ਜਦੋਂ ਕਿਸੇ ਮ੍ਰਿਤਕ ਔਰਤ ਦੀ ਬੱਚੇਦਾਨੀ ਨੂੰ ਕਿਸੇ ਹੋਰ ਲੋੜਵੰਦ ਔਰਤ 'ਚ ਟਰਾਂਸਪਲਾਂਟ ਕੀਤਾ ਗਿਆ ਸੀ। ਬ੍ਰਾਜੀਲ ਦੇ ਸਾਓ ਪਾਉਲੋ 'ਚ ਸਾਲ 2016 ਵਿੱਚ 10 ਘੰਟੇ ਦੇ ਆਪਰੇਸ਼ਨ ਰਾਹੀਂ ਇਹ ਕੁੱਖ ਦੂਸਰੀ ਔਰਤ 'ਚ ਟਰਾਂਸਪਲਾਂਟ ਕੀਤੀ ਗਈ ਸੀ। ਜਿਸ ਤੋਂ ਬਾਅਦ ਜਣਨ ਪ੍ਰਕਿਰਿਆ ਲਈ ਡਾਕਟਰੀ ਇਲਾਜ ਸ਼ੁਰੂ ਕੀਤਾ ਗਿਆ ਸੀ। ਇੱਥੇ ਇਹ ਵੀ ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਮ੍ਰਿਤਕ ਦਾਨੀਆਂ ਦੀਆਂ ਕੁੱਖਾਂ ਦੇ 10 ਹੋਰ ਕੇਸ ਸਾਹਮਣੇ ਆਏ ਸਨ, ਪਰ ਉਨ੍ਹਾਂ ਤੋਂ ਬੱਚੇ ਦਾ ਜਨਮ ਹੋਣਾ ਸੰਭਵ ਨਹੀਂ ਹੋਇਆ ਸੀ। ਖਬਰਾਂ ਅਨੁਸਾਰ ਕੁੱਖ ਦਾਨ ਕਰਨ ਵਾਲੀ ਮ੍ਰਿਤਕ ਔਰਤ 3 ਬੱਚਿਆਂ ਦੀ ਮਾਂ ਸੀ, ਜਿਸ ਦੀ ਦਿਮਾਗ 'ਚੋਂ ਖ਼ੂਨ ਬਹਿ ਜਾਣ ਕਾਰਨ ਮੌਤ ਹੋ ਗਈ ਸੀ। ਲੰਡਨ ਦੇ ਇੰਪੀਰੀਅਲ ਕਾਲਜ ਦੇ ਡਾ. ਸਰਵਜਾਨ ਸਾਂਸ ਨੇ ਦੱਸਿਆ ਕਿ ਉਹ ਇਸ ਨਤੀਜੇ ਤੋਂ ਬਹੁਤ ਉਤਸ਼ਾਹਿਤ ਹਨ।

### ਆਰਡਰ 'ਤੇ ਲੈਬ 'ਚ ਤਿਆਰ ਹੋਵੇਗੀ ਕਿਡਨੀ

ਕਿਡਨੀ ਟਰਾਂਸਪਲਾਂਟ ਲਈ ਕਿਡਨੀ ਦੀ ਕਮੀ ਨਾਲ ਜੂਝ ਰਹੇ ਰੋਗੀਆਂ ਲਈ ਚੰਗੀ ਖਬਰ ਹੈ। ਉਹ ਦਿਨ ਦੂਰ ਨਹੀਂ ਜਦੋਂ ਅਜਿਹੇ ਰੋਗੀਆਂ ਲਈ ਲੈਬ ਵਿੱਚ ਕਿਡਨੀ ਤਿਆਰ ਹੋ ਸਕੇਗੀ। ਇਸ ਦਿਸ਼ਾ ਵਿੱਚ ਵਿਗਿਆਨਕਾਂ ਨੂੰ ਵੱਡੀ ਸਫਲਤਾ ਮਿਲੀ ਹੈ। ਉਨ੍ਹਾਂ ਨੇ ਦਾਨਕਰਤਾ ਦੇ ਮਹਿਜ ਕੁਝ ਸਟੈਮ ਸੈਲਸ ਦੀ ਵਰਤੋਂ ਨਾਲ ਸਫਲਤਾ ਪੂਰਵਕ ਚੂਹਿਆਂ ਵਿੱਚ ਕਿਡਨੀ ਵਿਕਸਿਤ ਕੀਤੀ ਹੈ। ਜਾਪਾਨ ਦੀ ਨੈਸ਼ਨਲ ਇੰਸਟੀਚਿਊਟ ਫਾਰ ਫਿਜ਼ੀਓਲਾਜੀਕਲ ਸਾਇੰਸਜ਼ ਦੇ ਖੋਜਕਾਰਾਂ ਅਨੁਸਾਰ ਕਿਡਨੀ ਖਰਾਬ ਹੋਣ ਕਾਰਨ ਰੋਗੀਆਂ ਨੂੰ ਕਿਡਨੀ ਟਰਾਂਸਪਲਾਂਟ ਕਰਨ ਦੀ ਲੋੜ ਪੈਂਦੀ ਹੈ। ਪ੍ਰੰਤੂ ਦਾਨਕਰਤਾਵਾਂ ਦੀ ਕਮੀ ਕਾਰਨ ਰੋਗੀਆਂ ਵਿੱਚ ਕਿਡਨੀ ਕਿਡਨੀ ਟਰਾਂਸਪਲਾਂਟ ਨਹੀਂ ਹੋ ਸਕਦੀ। ਅਜਿਹੀ ਸਥਿਤੀ ਨਾਲ ਨਿਪਟਨ ਲਈ ਖੋਜਕਰਤਾ ਮਨੁੱਖੀ ਸਰੀਰ ਤੋਂ ਬਾਹਰ ਸਿਹਤਮੰਦ ਅੰਗ ਤਿਆਰ ਕਰਨ ਦੀਆਂ ਵਿਧੀਆਂ 'ਤੇ ਕੰਮ ਕਰ ਰਹੇ ਹਨ। ਇਨ੍ਹਾਂ ਵਿਧੀਆਂ ਵਿੱਚ ਇੱਕ ਬਲਾਸਟੋਸਿਸਟ ਕੰਪਲੇਮੈਂਟੇਸ਼ਨ ਹੈ ਜਿਸ ਦਾ ਨਤੀਜਾ ਉਤਸ਼ਾਹਜਨਕ ਪਾਇਆ ਗਿਆ ਹੈ। ਮੁੱਖ ਖੋਜਕਰਤਾ ਗੋਟੋ ਨੇ ਕਿਹਾ ਕਿ ਅਸੀਂ ਇਸ ਤੋਂ ਪਹਿਲੇ ਬਲਾਸਟੋਸਿਸਟ ਕੰਪਲੇਮੈਂਟੇਸ਼ਨ ਦੀ ਵਰਤੋਂ ਨਾਲ ਚੂਹੇ ਵਿੱਚ ਪੈਨਕ੍ਰਿਆਜ ਦੀ ਉਤਪਤੀ ਕੀਤੀ ਸੀ। ਅਸੀਂ ਇਹ ਪਰਖਣ ਦੀ ਖੋਜ਼ ਕੀਤੀ ਕਿ ਇਸ ਵਿਧੀ ਨਾਲ ਕੰਮ ਕਰਨ ਵਿੱਚ ਸਮਰੱਥ ਕਿਡਨੀ ਤਿਆਰ ਕੀਤੀ ਜਾ ਸਕਦੀ ਹੈ।

ਸਵੈ-ਕਥਨ

# ਨਾਸਤਿਕ ਹਾਂ ਕਿਉਂਕਿ...



**ਹਿਮਾਂਸ਼ੂ ਕੁਮਾਰ**

ਮੈਂ ਜਨਮ ਤੋਂ ਹੀ ਆਸਤਿਕ ਸਾਂ ਅਤੇ ਹਰ ਮੰਗਲਵਾਰ ਦਾ ਵਰਤ ਰਖਦਾ ਸਾਂ। ਹਨੂੰਮਾਨ ਚਾਲੀਸਾ ਪੜ੍ਹਦਾ ਸਾਂ। ਮੰਦਰ ਜਾਂਦਾ ਸਾਂ। ਮੂਰਤੀ ਸਾਹਮਣੇ ਡੰਡਾਉਤ ਕਰਦਾ ਸਾਂ। ਮੈਂ ਤੇ ਮੇਰੀ ਪਤਨੀ ਵਿਆਹ ਤੋਂ 20 ਦਿਨਾਂ ਬਾਅਦ ਹੀ ਆਦਿ ਵਾਸੀਆਂ ਦੀ ਸੇਵਾ ਕਰਨ ਦੇ ਮਕਸਦ ਨਾਲ ਦਿੱਲੀ ਛੱਡ ਕੇ ਬਸਤਰ ਦੇ ਜੰਗਲਾਂ ਵਿਚ ਝੌਂਪੜੀ ਬਣਾ ਕੇ ਰਹਿਣ ਲੱਗ ਪਏ ਸੀ। ਅਸੀਂ ਉਨ੍ਹਾਂ ਦੀ ਸਿਹਤ ਸਿੱਖਿਆ ਤੇ ਰੁਜ਼ਗਾਰ ਵਾਸਤੇ 18 ਸਾਲ ਕੰਮ ਕੀਤਾ। ਹੌਲੀ ਹੌਲੀ ਸਾਡੀ ਸੰਸਥਾ ਵਧਦੀ ਗਈ ਤੇ ਇਸ ਵਿਚ ਕੰਮ ਕਰਨ ਵਾਲੇ ਵਰਕਰਾਂ ਦੀ ਗਿਣਤੀ 250 ਤੱਕ ਪਹੁੰਚ ਗਈ। ਇਸੇ ਦੌਰਾਨ ਨਿੱਜੀਕਰਨ, ਉਦਾਰੀਕਰਨ, ਵਿਸ਼ਵੀਕਰਨ ਦਾ ਦੌਰ ਸ਼ੁਰੂ ਹੋ ਗਿਆ। ਵਿਸ਼ਵ ਦੇ ਅਮੀਰ ਦੇਸ਼ਾਂ ਦੀ ਪੂੰਜੀ ਗਰੀਬ ਦੇਸ਼ਾਂ ਦੇ ਖਣਿਜ ਪਦਾਰਥਾਂ ਨੂੰ ਲੁੱਟਣ ਲਈ ਟੁੱਟ ਪਈ। ਗਰੀਬ ਦੇਸ਼ਾਂ ਦੇ ਭ੍ਰਿਸ਼ਟ ਨੇਤਾ ਤੇ ਅਫ਼ਸਰ ਪੈਸਿਆਂ ਦੇ ਲਾਲਚ ਵਿਚ ਆ ਕੇ ਆਪਣੇ ਦੇਸ਼ ਦੀਆਂ ਬੇਸ਼ਕੀਮਤੀ ਜ਼ਮੀਨਾਂ,ਜੰਗਲ, ਖਣਿਜ ਤੇ ਸਮੰਦਰੀ ਤੱਟ ਕੰਪਨੀਆਂ ਨੂੰ ਸੌਂਪਣ ਲੱਗੇ।ਆਪਣੀਆਂ ਜਮੀਨਾਂ ਦੀ ਲੁੱਟ ਦਾ ਵਿਰੋਧ ਕਰਨ ਵਾਲੇ ਆਦਿ ਵਾਸੀਆਂ ਤੇ ਕਿਸਾਨਾਂ ਉਪਰ ਪੁਲਿਸ ਤੇ ਸੁਰਖਿਆ ਬਲਾਂ ਵੱਲੋਂ ਗੋਲੀਆਂ ਚਲਾਉਣ ਤੇ ਉਨ੍ਹਾਂ ਦੀਆਂ ਔਰਤਾਂ ਨਾਲ ਬਲਾਤਕਰ ਕਰਨ ਦਾ ਕੰਮ ਹੋਣ ਲੱਗਾ। ਅਸੀਂ ਜਿੱਥੇ ਕੰਮ ਕਰ ਰਹੇ ਸਾਂ ਉੱਥੇ ਆਦਿ ਵਾਸੀਆਂ ਦੀਆਂ ਜਮੀਨਾਂ ਖੋਹਣ ਲਈ ਸਰਕਾਰ ਨੇ ਉਨ੍ਹਾਂ ਦੇ 650 ਪਿੰਡ ਜਲਾ ਦਿੱਤੇ। ਹਜ਼ਾਰਾਂ ਨੌਜਵਾਨਾਂ ਦਾ ਕਤਲ ਕੀਤਾ ਗਿਆ ਤੇ ਨਿਰਦੋਸ਼ ਆਦਿ ਵਾਸੀਆਂ ਤੇ ਮਨੁੱਖੀ ਹੱਕਾਂ ਲਈ ਕੰਮ ਕਰਦੇ ਵਰਕਰਾਂ ਨੂੰ ਜੇਲ੍ਹਾਂ ਵਿਚ ਸੁੱਟ ਦਿੱਤਾ ਗਿਆ। ਮੈਨੂੰ ਉਦੋਂ ਪ੍ਰਮਾਤਮਾ ਤੇ ਸ਼ੱਕ ਹੋਣ ਲੱਗਾ। ਮੈਂ ਵੇਖਿਆ ਕਿ ਜਾਲਮ ਜਿਤਦਾ ਹੈ ਤੇ ਬੇਕਸੂਰ ਮਾਰਿਆ ਜਾਂਦਾ ਹੈ। ਬੇਕਸੂਰ ਦੀ ਕੋਈ ਪੂਜਾ ਪ੍ਰਾਥਨਾਂ ਸੁਣਨ ਵਾਲਾ ਵੀ ਨਹੀਂ ਹੈ। ਮੈਂ ਤੇ ਮੇਰੀ ਪਤਨੀ ਇਨ੍ਹਾਂ ਆਦਿ ਵਾਸੀਆਂ ਨੂੰ ਬਚਾਉਣ ਲਈ ਜੂਝਦੇ ਰਹੇ। ਅਸੀਂ ਰਾਸ਼ਟਰੀ ਮਨੁੱਖੀ ਅਧਿਕਾਰ ਸੰਗਠਨ ਤੇ ਸਰਵ ਉਚ ਅਦਾਲਤ ਨੂੰ ਲਿਖਦੇ ਰਹੇ। ਸਰਕਾਰ ਨੇ ਸਾਡੇ ਖਿਲਾਫ ਮੁਕੱਦਮੇ ਕਰਨੇ ਸ਼ੁਰੂ ਕਰ ਦਿੱਤੇ। ਸਰਕਾਰ ਦੇ ਜ਼ੁਲਮਾਂ ਦਾ ਵਿਰੋਧ ਕਾਰਨ ਸਰਕਾਰ ਨੇ ਸਾਡੀ ਆਰਥਿਕ ਮਦਦ ਰੁਕਵਾ ਦਿੱਤੀ ਤੇ ਸਾਡੇ ਸਾਥੀਆਂ ਨੂੰ ਫੜ੍ਹ ਕੇ ਜੇਲ੍ਹਾਂ ਵਿਚ ਸੁੱਟਣਾ ਸ਼ੁਰੂ ਕਰ ਦਿੱਤਾ। ਅਖੀਰ ਵਿਚ ਭਾਜਪਾ ਸਰਕਾਰ ਨੇ ਸਾਡੇ ਸੱਤ ਏਕੜ ਵਿੱਚ ਫੈਲੇ ਆਸ਼ਰਮ ਵਿਚ ਬਲਡੋਜ਼ਰ ਫਿਰਵਾ ਦਿੱਤਾ ਤੇ ਮੈਨੂੰ ਪੰਜ ਵਾਰ ਮਾਰਨ ਦੀ ਅਸਫ਼ਲ ਕੋਸ਼ਿਸ਼ ਕੀਤੀ। ਆਖਿਰ ਜਿਸ ਰਾਤ ਪੁਲਿਸ ਮੇਰੇ ਘਰ ਵੜ ਕੇ ਮੈਨੂੰ ਮਾਰਨ ਵਾਲੀ ਸੀ, ਮੈਨੂੰ ਆਪਣਾ ਸੰਘਰਸ਼ ਜਾਰੀ ਰਖਣ ਲਈ ਛੱਤੀਸਗੜ੍ਹ ਛਡਣਾ ਪਿਆ। ਇਸ ਤੋਂ ਬਾਅਦ ਮੈਂ ਕੁਝ ਸਮਾਂ ਦਿੱਲੀ ਰਿਹਾ ਤੇ ਹਿਮਾਚਲ ਆ ਕੇ ਰਹਿਣ ਲੱਗਾ। ਇਸ ਤਰ੍ਹਾਂ ਮੇਰਾ ਪ੍ਰਮਾਤਮਾ ਤੋਂ ਪੂਰੀ ਤਰ੍ਹਾਂ ਯਕੀਨ ਉਠ ਗਿਆ। ਇਸ ਦੌਰਾਨ ਮੈਨੂੰ ਕ੍ਰਿਸ਼ਨਾਮੂਰਤੀ ਨੂੰ ਪੜ੍ਹਨ ਦਾ ਮੌਕਾ ਮਿਲ ਗਿਆ। ਮੈਂ ਆਪਣੀਆਂ ਧਾਰਨਾਵਾਂ ਤੇ ਦਿਮਾਗ ਦੇ ਸੋਚਣ ਢੰਗ ਨੂੰ ਠੀਕ ਤਰ੍ਹਾਂ ਸਮਝ ਗਿਆ। ਅੱਜ ਮੇਰੀਆਂ ਦੋਵੇਂ ਬੇਟੀਆਂ ਤੇ ਪਤਨੀ ਸਮੇਤ ਕਿਸੇ ਦਾ ਵੀ ਧਰਮ ਤੇ ਪ੍ਰਮਾਤਮਾ ਵਿਚ ਕੋਈ ਯਕੀਨ ਨਹੀਂ ਹੈ। ਸਾਡੇ ਘਰ ਵਿਚ ਕੋਈ ਵੀ ਧਾਰਮਿਕ ਮੂਰਤੀ, ਕੈਲੰਡਰ ਨਹੀਂ ਹੈ।ਸਾਡਾ ਪਰਿਵਾਰ ਹੁਣ ਅੰਧਵਿਸ਼ਾਵਸ ਤੋਂ ਆਜ਼ਾਦ ਹੈ। ਅਸੀਂ ਹੁਣ ਆਤਮਾ, ਰੂਹ, ਭੂਤ ਜਿੰਨ ਚੁੜੇਲ ਤੇ ਸੁਭ ਅਸ਼ੁਭ ਜਿਹੀ ਸੋਚ ਤੋਂ ਮੁਕਤ ਹੋ ਗਏ ਹਾਂ। ਕੁਝ ਲੋਕਾਂ ਦਾ ਕਹਿਣਾ ਹੈ ਕਿ ਨਾਸਤਿਕ ਲੋਕ ਦੁਸ਼ਟ ਤੇ ਪਾਪੀ ਹੁੰਦੇ ਹਨ। ਮੈਂ ਤੇ ਮੇਰੀ ਪਤਨੀ ਨੇ ਪੂਰਾ ਜੀਵਨ ਸਮਾਜ ਲਈ ਲਾਇਆ ਹੈ ਤੇ ਕੋਈ ਪੈਸਾ ਨਹੀਂ ਕਮਾਇਆ ਤੇ ਕੋਈ ਘਰ ਜਮੀਨ ਨਹੀ ਖਰੀਦੀ। ਅੱਜ ਵੀ ਅਸੀਂ ਕਿਰਾਏ ਦੇ ਮਕਾਨ ਵਿਚ ਰਹਿ ਰਹੇ ਹਾਂ।

ਨਾਸਤਿਕ ਤਰਕਸ਼ੀਲ ਹੁੰਦਾ ਹੈ। ਕਿਸੇ ਵੀ ਗੱਲ ਨੂੰ ਮੰਨਣ ਤੋਂ ਪਹਿਲਾਂ ਬੁੱਧੀ, ਵਿਵੇਕ ਤੇ ਅਨੁਭਵ ਤੋਂ ਕੰਮ ਲੈਂਦਾ ਹੈ। ਅਜਿਹਾ ਨਹੀਂ ਕਿ ਉਹ ਕਿਸੇ ਦੇ ਕਹਿਣ ਤੇ ਹੀ ਮੰਨ ਲੈਂਦਾ ਹੈ। ਉਹ ਕਿਸੇ ਗੱਲ/ਘਟਨਾ ਨੂੰ ਇਸ ਲਈ ਵੀ ਨਹੀਂ ਮੰਨਦਾ ਕਿ ਬਹੁਗਿਣਤੀ ਲੋਕ ਉਸ ਨੂੰ ਮੰਨ ਰਹੇ ਹਨ। ਮਤਲਬ ਉਹ ਭੇਡ ਚਾਲ ਵਿੱਚ ਯਕੀਨ ਨਹੀਂ ਰੱਖਦਾ। ਉਹ ਇਹ ਮੰਨਣ ਦੀ ਹਿੰਮਤ ਵੀ ਰੱਖਦਾ ਹੈ ਕਿ ਕਈ ਵਾਰ ਬਹੁਗਿਣਤੀ ਲੋਕ ਵੀ ਗਲਤ ਹੋ ਸਕਦੇ ਹਨ।

ਨਾਸਤਿਕ ਕਿਸੇ ਗੱਲ/ਵਿਚਾਰ,ਸੰਸਕਾਰ ਪ੍ਰਤੀ ਚਲਦੀਆਂ ਧਾਰਨਾਵਾਂ ਅਨੁਸਾਰ ਨਹੀਂ ਸੋਚਦਾ। ਜਿਹੜਾ ਵਿਸ਼ਾ ਉਹਦੀ ਸਮਝ, ਅਨੁਭਵ ਵਿੱਚ ਆ ਜਾਂਦਾ ਹੈ, ਉਸਨੂੰ ਸਵੀਕਾਰ ਕਰ ਲੈਂਦਾ ਹੈ। ਅਜਿਹਾ ਨਹੀਂ ਸੋਚਦਾ ਕਿ ਲੋਕ ਕੀ ਕਹਿਣਗੇ। ਉਹ ਵਿਅਕਤੀ, ਸਮਾਜ ਤੇ ਦੁਨੀਆਂ ਪ੍ਰਤੀ ਆਲੋਚਨਾਤਮਕ ਰਵੱਈਆ ਰਖਦਾ ਹੈ। ਕਿਸੇ ਵਸਤੂ, ਵਿਵਹਾਰ, ਵਿਅਕਤੀ, ਪਰੰਪਰਾ ਆਦਿ ਲਈ ਜਿੱਥੋਂ ਤੱਕ ਸੰਭਵ ਹੋਵੇ ਤੱਥ ਜੁਟਾਉਂਦਾ

ਹੈ। ਪਰਖ ਪੜਤਾਲ ਉਪਰੰਤ ਕੋਈ ਫੈਸਲਾ ਲੈਂਦਾ ਹੈ। ਨਾਸਤਿਕ ਆਪਣੀ ਨੈਤਿਕਤਾ ਨੂੰ ਕਿਸੇ ਧਰਮ ਗ੍ਰੰਥ, ਕਿਸੇ ਭਗਵਾਨ, ਅੱਲ੍ਹਾ, ਗੌਡ ਆਦਿ ਨੂੰ ਗਹਿਣੇ ਨਹੀਂ ਰਖਦਾ। ਉਸਦੀ ਨੈਤਿਕਤਾ ਇਨਸਾਨੀਅਤ ਦੀ ਪਰਵਾਹ ਕਰਨ ਕਰਕੇ ਹੁੰਦੀ ਹੈ। ਇਸ ਲਈ ਨਹੀਂ ਅਖੌਤੀ ਬਾਬੇ, ਪੁਜਾਰੀ, ਸਮਾਜ, ਧਰਮ ਗ੍ਰੰਥ ਤੇ ਪਰੰਪਰਾ ਆਦਿ ਉਸ ਕੀ ਕਹਿੰਦੇ ਹਨ। ਇਸ ਲਈ ਉਹ ਬੇਕਾਰ ਤੇ ਪੁਰਾਣੀ ਨੈਤਿਕਤਾ ਦਾ ਤਿਆਗ ਵੀ ਕਰ ਸਕਦਾ ਹੈ ਅਤੇ ਆਪਣੀ ਸਮਝ ਤੇ ਵਿਵੇਕ ਨਾਲ ਨੈਤਿਕਤਾ ਦੀਆਂ ਕਦਰਾਂ ਬਦਲ ਵੀ ਸਕਦਾ ਹੈ।

ਨਾਸਤਿਕ ਸਮਾਜ ਨੂੰ ਬੁਰੇ ਰੁਖ਼ ਪ੍ਰਭਾਵਿਤ ਕਰਨ ਵਾਲੀਆਂ ਜਾਤ ਪਾਤ, ਬਾਲ ਵਿਆਹ, ਸਤੀ ਪ੍ਰਥਾ, ਅੰਧ ਸ਼ਰਧਾ ਆਦਿ ਸਮਾਜਿਕ ਬੁਰਾਈਆਂ ਦਾ ਵੀ ਵਿਰੋਧ ਕਰਦਾ ਹੈ, ਕਿਉਂਕਿ ਉਹ ਜਾਣਦਾ ਹੈ ਕਿ ਇਹ ਬੁਰਾਈਆਂ ਸਮਾਜ ਤੇ ਮਾਨਵਤਾ ਲਈ ਖਤਰਨਾਕ ਹਨ।

ਨਾਸਤਿਕ ਕੰਮ ਕਰਨ ਵਿੱਚ ਵਿਸ਼ਵਾਸ ਰੱਖਦਾ ਹੈ। ਕਿਸਮਤ, ਪੁੰਨ-ਪਾਪ, ਸਵਰਗ-ਨਰਕ, ਪੁਨਰਜਨਮ, ਯਮਰਾਜ, ਈਸ਼ਵਰਵਾਦ ਤੇ ਅਵਤਾਰਵਾਦ ਵਿੱਚ ਉਸਦਾ ਯਕੀਨ ਨਹੀਂ ਹੁੰਦਾ। ਇਹ ਇਸ ਲਈ ਕਿ ਇਹਨਾਂ ਦੀ ਹੋਂਦ ਬਾਰੇ ਕੋਈ ਪ੍ਰਮਾਣ ਨਹੀਂ ਹੈ। ਬਿਨਾਂ ਤਰਕ ਤੋਂ ਉਹ ਸੰਤੁਸ਼ਟ ਨਹੀਂ ਹੁੰਦਾ। ਨਾਸਤਿਕ ਵਿਅਕਤੀ ਵਿਗਿਆਨ, ਇਨਸਾਨੀਅਤ, ਮਨੁੱਖੀ ਬਰਾਬਰੀ, ਨਿੱਜਤਾ ਤੇ ਮਾਨਵੀ ਅਧਿਕਾਰਾਂ ਦੀ ਕਦਰ ਕਰਦਾ ਹੈ। ਇਹ ਇਸ ਲਈ ਕਿ ਉਸ ਨੇ ਕਿਸੇ ਪ੍ਰਮਾਤਮਾ ਨੂੰ ਖੁਸ਼ ਨਹੀਂ ਕਰਨਾ ਹੁੰਦਾ। ਉਸ ਲਈ ਤਾਂ ਇਨਸਾਨ, ਜੀਵ ਤੇ ਦੁਨੀਆਂ ਹੀ ਸੱਚ ਹੁੰਦੇ ਹਨ। ਉਹ ਕਿਸੇ ਪਰਲੋਕ ਵਿੱਚ ਯਕੀਨ ਨਹੀਂ ਰੱਖਦਾ। ਉਹ ਗਿਆਨ ਤੇ ਵਿਗਿਆਨ ਦੇ ਪ੍ਰਚਾਰ ਪਸਾਰ ਵਿੱਚ ਯਕੀਨ ਰਖਦਾ ਹੈ। ਉਹ ਗਿਆਨ ਨੂੰ ਸਾਰੀ ਮਾਨਵਤਾ ਦਾ ਖਜ਼ਾਨਾ ਮੰਨਦਾ ਹੈ। ਇਸ ਉੱਪਰ ਕਬਜ਼ਾ ਕਰਨਾ ਤੇ ਇਸ ਨੂੰ ਛੁਪਾਉਣਾ ਉਸਨੂੰ ਮਾਨਵਤਾ ਨਾਲ ਅਨਿਆਂ ਕਰਨਾ ਤੇ ਅਨੈਤਿਕ ਲਗਦਾ ਹੈ। ਨਾਸਤਿਕ ਚਰਚਾ ਤੇ ਬਹਿਸ ਤੋਂ ਨਹੀਂ ਡਰਦਾ। ਉਹ ਇਸਨੂੰ ਹਾਰ ਜਿੱਤ ਵਾਂਗ ਨਹੀਂ ਵੇਖਦਾ। ਸੰਵਾਦ ਨੂੰ ਉਹ ਗਿਆਨ ਲਈ ਜਰੂਰੀ ਸਮਝਦਾ ਹੈ। ਨਾਸਤਿਕ ਦੇਸ਼, ਸਮਾਜ ਬਾਰੇ ਫ਼ਿਕਰ ਹੀ ਨਹੀਂ ਕਰਦਾ, ਸਗੋਂ ਉਸਨੂੰ ਬੇਹਤਰ ਬਣਾਉਣ ਲਈ ਕਦਮ ਵੀ ਉਠਾਉਂਦਾ ਹੈ। ਉਹ ਵਿਦਿਆਰਥੀ ਹੋ ਸਕਦਾ ਹੈ, ਵਿਗਿਆਨਕ, ਕਿਸਾਨ, ਵਾਤਾਵਰਨ ਪ੍ਰੇਮੀ, ਡਾਕਟਰ, ਵਕੀਲ, ਅਧਿਆਪਕ, ਰਾਜਨੇਤਾ ਆਦਿ ਕੁਝ ਵੀ ਹੋ ਸਕਦਾ ਹੈ ਪਰ ਉਹ ਝਾੜ ਫ਼ੂਕ ਕਰਨ ਵਾਲਾ, ਪੁਰੋਹਿਤ, ਮੁੱਲਾਂ, ਪਾਦਰੀ, ਗ੍ਰੰਥੀ ਆਦਿ ਨਹੀਂ ਹੋ ਸਕਦਾ।

# ਅਲਵਿਦਾ ਪਾਪਾ

ਪਾਪਾ ਦੀਆਂ ਦੋਵੇਂ ਅੱਖਾਂ ਸਫ਼ੈਦ ਗੋਲੀ ਵਰਗੀਆਂ ਲੱਗ ਰਹੀਆਂ ਸਨ। ਮਹਿਲਾ ਡਾਕਟਰ ਨੇ ਪਾਪਾ ਦੀਆਂ ਦੋਵੇਂ ਅੱਖਾਂ ਕੱਢ ਕੇ ਨਾਲ ਲਿਆਂਦੇ ਡੱਬੇ ਵਿੱਚ ਰੱਖ ਲਈਆਂ। ਡਾਕਟਰ ਬੋਲੀ, ਕੱਲ੍ਹ ਤੱਕ ਤੁਹਾਡੇ ਪਾਪਾ ਦੀਆਂ ਦੋਵੇਂ ਅੱਖਾਂ ਦੋ ਵਿਅਕਤੀਆਂ ਨੂੰ ਲਗਾ ਦਿੱਤੀਆਂ ਜਾਣਗੀਆਂ। ਪਾਪਾ ਦਾ ਪੂਰਾ ਸਰੀਰ ਮੈਡੀਕਲ ਕਾਲਜ ਨੂੰ ਖੋਜ ਕਾਰਜਾਂ ਲਈ ਦੇ ਦਿੱਤਾ ਗਿਆ। ਕੋਈ ਪੰਡਿਤ ਨਹੀਂ, ਕੋਈ ਆਡੰਬਰ ਨਹੀਂ। ਮਾਂ ਤੇ ਭੈਣਾਂ ਪਾਪਾ ਦੇ ਸਰੀਰ ਦਾਨ ਦੇ ਫੈਸਲੇ ਨਾਲ ਸਹਿਮਤ ਸਨ। ਵਿਚਕਾਰਲੀ ਭੈਣ ਦਾ ਕਰਮਕਾਂਡੀ ਪਰਿਵਾਰ ਹੈ। ਉਹਨਾਂ ਕਿਹਾ ਕਿ ਆਤਮਾ ਨੂੰ ਸ਼ਾਂਤੀ ਨਹੀਂ ਮਿਲੇਗੀ। ਮੈਂ ਉਹਨਾਂ ਨੂੰ ਸਮਝਾਇਆ ਕਿ ਆਤਮਾ, ਰੂਹ ਵਗੈਰਾ ਸਭ ਵਹਿਮ ਹਨ।

1942 ਦੇ ਭਾਰਤ ਛੱਡੋ ਅੰਦੋਲਨ ਵਿੱਚ ਜਦ ਗਾਂਧੀ ਜੀ ਨੇ ਕਰੋ ਜਾਂ ਮਰੋ ਦਾ ਨਾਅਰਾ ਦਿੱਤਾ ਤਾਂ ਪਾਪਾ ਨੇ ਮੁਜ਼ੱਫਰ ਨਗਰ ਰੇਲਵੇ ਸਟੇਸ਼ਨ ਨੂੰ ਅੱਗ ਲਗਾ ਦਿੱਤੀ। ਫਿਰ ਫ਼ਰਾਰ ਹੋ ਕੇ ਆਗਰਾ, ਇਲਾਹਾਬਾਦ ਤੇ ਬਨਾਰਸ ਵਿੱਚ ਭੂਮੀਗਤ ਰਹੇ। ਪੁਲਿਸ ਘਰ ਛਾਪੇ ਮਾਰਦੀ ਰਹੀ। ਉਹਨਾਂ ਆਪਣੇ ਨਾਂ ਨਾਲੋਂ ਜਾਤ ਦਾ ਨਾਮ ਉਡਾ ਦਿੱਤਾ। ਵਿਨੋਬਾ ਭਾਵੇ ਦੇ ਭੂ ਦਾਨ ਅੰਦੋਲਨ ਵਿੱਚ ਪਹਿਲੀ ਕਤਾਰ ਦੇ ਵਰਕਰ ਬਣੇ।ਪ੍ਰਭਾਵਸ਼ਾਲੀ ਲੇਖਕ, ਚੰਗੇ ਵਕਤਾ, ਵਿਚਾਰਕ, ਸਿਦਕਵਾਨ ਕਾਮੇ।ਉਹ ਚਲਦਾ ਫਿਰਦਾ ਗਿਆਨ ਕੋਸ਼ ਸਨ। ਕੋਈ ਵੀ ਪ੍ਰਸ਼ਨ ਪੁੱਛਣ ਤੇ ਉੱਤਰ ਤੁਰੰਤ ਹਾਜ਼ਰ। ਦੇਸ਼ ਦਾ ਕੋਈ ਵੀ ਇਲਾਕਾ ਅਜਿਹਾ ਨਹੀਂ ਸੀ, ਜਿਥੇ ਪਾਪਾ ਲੋਕਾਂ ਨੂੰ ਨਾ ਜਾਣਦੇ ਹੋਣ।

ਆਜ਼ਾਦੀ ਤੋਂ ਬਾਅਦ ਉੱਤਰ ਪ੍ਰਦੇਸ਼ ਵਿੱਚ ਮੰਤਰੀ ਦਾ ਅਹੁਦਾ ਮਿਲਿਆ। ਜ਼ਮੀਨ ਵੰਡਣ ਦਾ ਮਹਿਕਮਾ ਮਿਲਿਆ, ਪਰ ਉਹ ਖੁਦ ਭੂਮੀਹੀਣ ਬਣੇ ਰਹੇ। ਜੀਵਨ ਵਿੱਚ ਆਪਣਾ ਮਕਾਨ ਨਹੀਂ ਬਣਾਇਆ। ਨਾ ਬੈਂਕ ਖਾਤਾ, ਨਾ ਕੋਈ ਪੈਸਾ। ਇੱਕ ਚਰਖਾ, ਕੁਸ਼ ਆਪਣੇ ਹੱਥੀਂ ਕੱਤਿਆ ਸੂਤ ਤੇ ਕੁਝ ਕਿਤਾਬਾਂ ਛੱਡ ਕੇ ਪਾਪਾ ਜਿਨ੍ਹਾਂ ਨੂੰ ਸਭ ਪ੍ਰਕਾਸ਼ ਭਾਈ ਦੇ ਨਾਂ ਨਾਲ ਜਾਣਦੇ ਸਨ,ਚਲੇ ਗਏ। ਜਾਣ ਤੋਂ ਪਹਿਲਾਂ, ਉਹ ਕਹਿ ਗਏ ਸਨ ਕਿ ਮਰਨ ਉਪਰੰਤ ਸਰੀਰ ਮੈਡੀਕਲ ਕਾਲਜ ਨੂੰ ਦੇ ਦੇਣਾ।

ਅਲਵਿਦਾ ਪਾਪਾ।



# ਤਰਕਸ਼ੀਲਤਾ - ਮਨੁੱਖ ਦਾ ਕੁਦਰਤੀ ਗੁਣ

**ਡਾ. ਸ਼ਿਆਮ ਸੁੰਦਰ ਦੀਪਤੀ**

ਹਰ ਇੱਕ ਵਿਅਕਤੀ ਵਧੀਆ, ਸੁਖਾਵੀਂ, ਤਣਾਅ ਰਹਿਤ ਜ਼ਿੰਦਗੀ ਜੀਣਾ ਚਾਹੁੰਦਾ ਹੈ। ਪਰ ਦੇਖਦੇ ਹਾਂ ਕਿ ਉਹ ਆਪਣੀ ਬਦਹਾਲ ਜ਼ਿੰਦਗੀ ਲਈ ਕੋਸ਼ਦਾ ਹੈ ਕਿਸਮਤ ਨੂੰ, ਬੁਰੇ ਕਰਮਾਂ ਨੂੰ, ਪੁਰਾਣੇ ਜਨਮਾਂ ਨੂੰ, ਰੱਬ ਦੀ ਸਵੱਲੀ ਨਜ਼ਰ ਨੂੰ ਜਾਂ ਮੌਜੂਦਾ ਵਿਵਸਥਾ ਅਤੇ ਇਸ ਦੇ ਭ੍ਰਿਸ਼ਟ ਆਗੂਆਂ ਤੇ ਅਫਸਰਾਂ ਨੂੰ। ਮਤਲਬ ਇਹ ਹੋਇਆ ਕਿ ਉਸ ਨੂੰ ਆਪਣੀ ਨਾਖੁਸ਼ ਜ਼ਿੰਦਗੀ ਲਈ ਇਹੀ ਕਾਰਨ ਨਜ਼ਰ ਆਉਂਦੇ ਹਨ।

ਹੁਣ ਜੇਕਰ ਕੋਈ ਕਹੇ ਕਿ ਉਸ ਨੂੰ ਇਸ ਤਰ੍ਹਾਂ ਦੀ ਜ਼ਿੰਦਗੀ ਤੋਂ ਛੁਟਕਾਰਾ ਮਿਲੇ, ਜੋ ਕਿ ਉਸਦੀ ਚਾਹ ਵੀ ਹੁੰਦੀ ਹੈ ਤਾਂ ਉਸ ਨੂੰ ਕੀ ਰਾਹ ਨਜ਼ਰ ਆਵੇਗੀ? ਇਹੀ ਕਿ ਇਨ੍ਹਾਂ ਕਾਰਨਾਂ ਨੂੰ ਦੂਰ ਕੀਤਾ ਜਾਵੇ। ਫਿਰ ਉਹ ਇਸ ਦਿਸ਼ਾ ਵੱਲ ਕਾਰਜਸ਼ੀਲ ਹੋ ਜਾਂਦਾ ਹੈ। ਸੋਚਦਾ ਹੈ ਕਿਸਮਤ ਕਿਵੇਂ ਠੀਕ ਕਰਾਂ, ਭੈੜੇ ਕਰਮਾਂ ਤੋਂ ਛੁਟਕਾਰਾ ਕਿਵੇਂ ਮਿਲੇ? ਰੱਬ ਦੀ ਦਇਆ-ਦ੍ਰਿਸ਼ਟੀ ਕਿਵੇਂ ਪਵੇ? ਜਾਂ ਇਸ ਵਿਵਸਥਾ ਨੂੰ ਤਬਦੀਲ ਕੀਤਾ ਜਾਵੇ, ਜੋ ਕਿ ਉਹ ਕਰਦਾ ਹੈ, ਵੋਟਾਂ ਪਾਉਂਦਾ ਹੈ ਤੇ ਸਰਕਾਰਾਂ ਬਦਲਦੀਆਂ ਹੋਈਆਂ ਵੀ ਦੇਖਦਾ ਹੈ। ਕਿਸਮਤ ਠੀਕ ਕਰਨ ਜਾਂ ਰੱਬ ਨੂੰ ਖੁਸ਼ ਕਰਨ ਲਈ ਉਨ੍ਹਾਂ ਨੂੰ ਦੱਸ ਪੈਂਦੀ ਹੈ ਕਿਸੇ ਕਿਸਮਤ-ਮਾਹਿਰ ਦੀ। ਉਨ੍ਹਾਂ ਦੇ ਕੇਂਦਰ ਨੇ ਬਾਬੇ, ਡੇਰੇ, ਜੋਤਿਸ਼ੀ, ਤਾਂਤਰਿਕ। ਫਿਰ ਉਹ ਉਨ੍ਹਾਂ ਤੱਕ ਪਹੁੰਚ ਕਰਦਾ ਹੈ। ਹੱਥ-ਪੈਰ ਮਾਰਦਾ ਹੈ ਤੇ ਅੰਤ ਬੇਚੈਨੀ ਅਤੇ ਭਟਕਾਅ ਹੀ ਪੱਲੇ ਪੈਂਦਾ ਹੈ।

ਜੇਕਰ ਇਸ ਸਥਿਤੀ ਦਾ ਜਾਇਜ਼ਾ ਲਈਏ ਤਾਂ ਨਤੀਜਾ ਇਹ ਹੈ ਕਿ ਉਸ ਵਿਅਕਤੀ ਨੇ ਆਪਣੀ ਜ਼ਿੰਦਗੀ ਦੀ ਬਦਹਾਲੀ ਦਾ ਕਾਰਨ ਹੀ ਗਲਤ ਲੱਭਿਆ ਹੈ। ਤਾਂ ਇਸ ਦਾ ਮਤਲਬ ਹੈ ਕਿ ਜੇਕਰ ਅਸੀਂ ਆਪਣੀ ਜ਼ਿੰਦਗੀ ਦੀਆਂ ਸਮੱਸਿਆਵਾਂ ਹੱਲ ਕਰਨ ਦੇ ਚਾਹਵਾਨ ਹਾਂ ਤਾਂ ਇਲਾਜ ਤੋਂ ਪਹਿਲਾਂ ਜਾਂ ਹੱਲ ਤੋਂ ਵੀ ਜ਼ਿਆਦਾ ਜ਼ਰੂਰੀ ਹੈ - ਸਹੀ ਕਾਰਨ ਦੀ ਤਲਾਸ਼। ਵਰਨਾ ਗਲਤ ਕਾਰਨ ਸਮੱਸਿਆ ਨੂੰ ਸੁਲਝਾਉਣ ਦੀ ਬਜਾਏ ਉਲਝਾਉਂਦੇ ਵੱਧ ਹਨ ਤੇ ਸਮੇਂ ਅਤੇ ਪੈਸੇ ਦੀ ਬਰਬਾਦੀ ਵੱਧ ਹੁੰਦੀ ਹੈ। ਇਸੇ ਤਰ੍ਹਾਂ ਭਾਵੇਂ ਸਿਆਸੀ ਆਗੂਆਂ, ਅਫਸਰਾਂ ਕੋਲ ਜਾਂਦੇ ਹਨ ਤਾਂ ਉੱਥੋਂ ਵੀ ਨਿਰਾਸ਼ਾ ਵੱਧ ਮਿਲਦੀ ਹੈ। ਉੱਥੇ ਵੀ ਮਹਿਸੂਸ ਹੁੰਦਾ ਹੈ ਕਿ ਨੇਤਾ ਗਲਤ ਚੁਣ ਲਿਆ ਹੈ।

ਹੁਣ ਇੱਥੇ ਇੱਕ ਹੋਰ ਸਵਾਲ ਪੈਦਾ ਹੁੰਦਾ ਹੈ ਕਿ ਇਨ੍ਹਾਂ ਮੰਦਹਾਲੀ ਵਾਲੀਆਂ ਹਾਲਤਾਂ ਲਈ, ਉੱਪਰ ਦੱਸੇ ਕਾਰਨਾਂ ਬਾਰੇ ਕੌਣ ਜਾਣੂ ਕਰਵਾਉਂਦਾ ਹੈ? ਕੋਈ ਬਿਮਾਰ ਹੋਵੇ ਤਾਂ ਕੋਈ ਵੀ ਸਲਾਹ ਦੇਣ ਵਾਲਾ ਕਹੇਗਾ ਕਿ ਇਸ ਦੇ ਲਈ ਕਿਸੇ ਮਾਹਿਰ ਹਸਪਤਾਲ ਜਾਂ ਕੋਈ ਕਹੇਗਾ, ਆਜਾ ਤੈਨੂੰ ਮੈਂ ਡੇਰੇ ਵਾਲੇ ਬਾਬੇ ਕੋਲ ਲੈ ਚਲਦਾ ਹਾਂ। ਹੁਣ ਦੇਖਣਾ ਇਹ ਹੈ ਕਿ ਇਹ ਰਾਹ ਪਾਉਣ ਵਾਲਾ ਕੌਣ ਹੈ ਤੇ ਨਾਲ ਹੀ ਅਜਿਹੇ ਰਾਹ ਦੀ ਦੱਸ ਪਾਈ ਕਿਸ ਵਿਅਕਤੀ ਨੂੰ ਜਾ ਰਹੀ ਹੈ। ਦੋਹਾਂ ਹਾਲਤਾਂ ਵਿੱਚ ਹੀ, ਇਹ ਏਜੰਟ ਹੁੰਦੇ ਹਨ। ਭਾਵੇਂ ਉਹ ਡੇਰੇ ਨੇ ਛੱਡੇ ਹੋਣ ਜਾਂ ਅਜੋਕੇ ਸੰਦਰਭ ਵਿੱਚ ਨਿੱਜੀ ਹਸਪਤਾਲਾਂ ਨੇ। ਪਰ ਫਿਰ ਵੀ ਇੱਕ ਫ਼ਰਕ ਹੈ ਕਿ ਇੱਕ ਥਾਂ 'ਤੇ ਭਟਕਣ ਹੀ ਭਟਕਣ ਹੈ ਤੇ ਦੂਸਰੇ ਪਾਸੇ ਭਟਕਣ ਦੇ ਨਾਲ ਥੋੜ੍ਹਾ-ਬਹੁਤ ਫਾਇਦਾ ਵੀ ਹੈ।

ਪਰ ਇੱਥੇ ਸਵਾਲ, ਫਿਲਹਾਲ ਇਸ ਸਥਿਤੀ ਨੂੰ ਸਮਝਣ ਦਾ ਹੈ ਕਿ ਕਿਸਮਤ ਮਾਹਿਰ ਕੋਲ ਪਹੁੰਚਾਉਣ ਵਾਲਾ ਵਿਅਕਤੀ ਕੀ ਦੱਸ ਕੇ ਬੇਵਕੂਫ ਬਣਾਉਂਦਾ ਹੈ ਜਾਂ ਆਪਣੇ ਜਾਲ ਵਿੱਚ ਫਸਾਉਂਦਾ ਹੈ? ਕਿਵੇਂ ਉਹ ਪ੍ਰਭਾਵਿਤ ਕਰਦਾ ਹੈ ਕਿ ਤੇਰੇ ਮਗਰ ਸ਼ੈਅ ਪਈ ਹੈ ਜਾਂ ਕਿਸੇ ਨੇ ਤੈਨੂੰ ਨਜ਼ਰ ਲਾਈ ਹੈ ਜਾਂ ਕਿਸੇ ਭੈੜੀ ਛਾਇਆ ਕਰਕੇ ਤੂੰ ਦੁਖੀ ਹੈਂ ਜਾਂ ਇਸੇ ਤਰ੍ਹਾਂ ਦਾ ਹੋਰ ਗ੍ਰਹਿ-ਚੱਕਰ ਆਦਿ?

ਇਹ ਸਾਰੇ ਢੰਗ-ਤਰੀਕੇ, ਕਾਰ-ਵਿਹਾਰ ਆਮ ਹਨ। ਡੇਰੇ-ਬਾਬੇ ਖੁਸ਼ਹਾਲ ਹੋ ਰਹੇ ਹਨ। ਭੀੜਾਂ ਵਧ ਰਹੀਆਂ ਹਨ, ਪਰ ਲੋਕਾਂ ਦੀਆਂ ਸਮੱਸਿਆਵਾਂ ਹੱਲ ਨਹੀਂ ਹੋ ਰਹੀਆਂ, ਸਗੋਂ ਉਨ੍ਹਾਂ ਦੀ ਸੂਚੀ ਦਿਨ-ਪ੍ਰਤੀ-ਦਿਨ ਵਧਦੀ ਜਾਂਦੀ ਹੈ। ਇਸ ਤਰ੍ਹਾਂ ਦੇ ਉਪਰਾਲਿਆ ਤੋਂ ਬਾਅਦ, ਜਦੋਂ ਜ਼ਿੰਦਗੀ ਸਾਵੀਂ ਨਹੀਂ ਹੁੰਦੀ ਤਾਂ ਬੇਚੈਨੀ ਹੋਣੀ ਹੈ। ਸਵਾਲ ਵੀ ਉਠਦੇ ਹਨ, ਪਰ ਹੁਣ ਹੋਰ ਤਰ੍ਹਾਂ ਦੇ ਹੁੰਦੇ ਨੇ, ਮੈਂ ਕੀ ਰੱਬ ਦੇ ਮਾਂਹ ਮਾਰੇ ਨੇ, ਮੇਰੇ ਨਾਲ ਹੀ ਅਜਿਹਾ ਕਿਉਂ? ਮੈਂ ਕੀ ਮਾੜਾ ਕੀਤਾ ਹੈ? ਹੁਣ ਵੀ ਸਾਰਾ ਦਿਨ ਲੱਗਿਆ ਰਹਿਣਾ ਵਗੈਰਾ। ਪਰ ਇਹ ਸਵਾਲ ਹੁਣ ਅਸੀਂ ਕਿਸੇ ਨਾਲ ਸਾਂਝਾ ਨਹੀਂ ਕਰਦੇ, ਅੰਦਰ ਹੀ ਅੰਦਰ ਖਿਝਦੇ ਰਹਿੰਦੇ ਹਾਂ ਤੇ ਨਿਰਾਸ਼-ਉਦਾਸ ਹੋ ਜਾਂਦੇ ਹਾਂ। ਇੰਝ ਲਗਦਾ ਹੈ ਕਿ ਇਸ ਮੰਦਹਾਲੀ ਦਾ ਕੋਈ ਹੱਲ ਨਹੀਂ ਹੈ। ਇਹੀ ਅਵਸਥਾ, ਅਗਲੇ ਪੜਾਅ ਵਿੱਚ 'ਏਜੰਟ' ਲੋਕਾਂ ਨੂੰ ਇਹ ਮੌਕਾ

ਦਿੰਦੀ ਹੈ ਕਿ ਇਸ ਨੂੰ ਕਿਤੇ ਲੈ ਕੇ ਜਾਈਏ। ਉਹ ਕਹਿੰਦਾ ਹੈ, 'ਇੱਕ ਵਾਰੀ ਚੱਲ ਤਾਂ ਸਹੀ, ਦੇਖ ਮੇਰੇ ਨਾਲ ਜਾ ਕੇ, ਯਕੀਨ ਕਰ ਮੇਰੇ 'ਤੇ। 'ਤੇ ਆਸ ਰੱਖ ਕੇ ਵਿਅਕਤੀ ਤੁਰ ਹੀ ਪੈਂਦਾ ਹੈ। ਤੇ ਇਹ ਚੱਕਰ ਇਸ ਤਰ੍ਹਾਂ ਤੁਰਿਆ ਰਹਿੰਦਾ ਹੈ। ਇਸ ਅਵਸਥਾ ਤੋਂ ਇੱਕ ਕੇਂਦਰੀ ਬਿੰਦੂ ਹੈ ਕਿ ਅਸੀਂ ਦੂਸਰੇ 'ਤੇ ਹੀ ਯਕੀਨ ਕਰਦੇ ਹਾਂ, ਆਪ ਉਚੇਚੇ ਤੌਰ 'ਤੇ ਹੱਲ ਨਹੀਂ ਲੱਭਦੇ। ਕਿਤੋਂ ਪੜ੍ਹ ਲਿਆ ਜਾਂ ਕਿਸੇ ਨੇ ਦੱਸ ਦਿੱਤਾ, ਬਸ। ਇਸ ਤੋਂ ਅਗਲੀ ਗੱਲ ਹੁੰਦੀ ਹੈ - ਕਿਸੇ ਹੱਲ ਨੂੰ ਅਪਣਾਉਣ ਤੋਂ ਪਹਿਲਾਂ - ਪਰਖ। ਪਰਖ ਵੀ ਦੋਹਾਂ ਪੱਖਾਂ ਤੋਂ ਜ਼ਰੂਰੀ ਹੈ ਕਿ ਜੋ ਬਿਮਾਰੀ ਦਾ ਕਾਰਨ ਦੱਸਿਆ ਜਾ ਰਿਹਾ ਹੈ, ਕੀ ਉਹ ਸਚਮੁੱਚ ਕਾਰਨ ਹੋ ਸਕਦਾ ਹੈ ਜਾਂ ਜੋ ਹੱਲ ਦੱਸਿਆ ਜਾ ਰਿਹਾ ਹੈ, ਉਸ ਨਾਲ ਸਮੱਸਿਆ ਹੱਲ ਹੋਵੇਗੀ।

ਇਸ ਸਾਰੀ ਸਥਿਤੀ ਨੂੰ ਜਾਨਣ ਦਾ ਮਕਸਦ ਹੈ :-

- ਸਵਾਲ ਉੱਠਣਾ ਤੇ ਖਾਸ ਕਰਕੇ ਬਦਹਾਲੀ, ਬੀਮਾਰ ਤੇ ਦੁਖਦਾਈ ਜ਼ਿੰਦਗੀ ਪ੍ਰਤੀ, ਇਹ ਮਨੁੱਖੀ ਕੁਦਰਤੀ ਗੁਣ ਹੈ, ਮਨੁੱਖੀ ਸਰੀਰ ਦਾ ਹਿੱਸਾ।
- ਦੂਸਰਾ ਨੁਕਤਾ ਹੈ ਕਿ ਕਾਰਨ ਉਹੀ ਦਰੁਸਤ ਮੰਨਿਆ ਜਾਵੇ ਜਾਂ ਤਲਾਸ਼ ਹੋਵੇ ਜੋ ਇਲਾਜ ਦੀ ਰਾਹ 'ਤੇ ਪਾਵੇ। ਭਾਵ ਇਲਾਜ ਤੇ ਕਾਰਨ ਆਪ ਵਿੱਚ ਮੇਲ ਖਾਂਦੇ ਹੋਣ।

ਸਵਾਲ ਅਤੇ ਜਵਾਬ (ਮਤਲਬ ਕਾਰਨ ਜਾਂ ਹੱਲ) ਦੇ ਸਹੀ-ਗਲਤ ਹੋਣ ਵਿੱਚ ਇੱਕ ਪੱਖ। ਤਰੀਕਾ ਹੈ - ਤਰਕਸ਼ੀਲਤਾ ਜਾਂ ਵਿਗਿਆਨਕ ਨਜ਼ਰੀਆ।

ਕਿਤੋਂ ਵੀ ਪੜ੍ਹਿਆ ਜਾਂ ਕਿਸੇ ਦਾ ਵੀ ਦੱਸਿਆ, ਹੂਬਹੂ ਅੱਖਾਂ ਮੀਚ ਕੇ ਜਾਂ ਕਿਸੇ 'ਤੇ ਵਿਸ਼ਵਾਸ ਕਰਕੇ ਮੰਨ ਲੈਣਾ, ਸਿਆਣਪ ਨਹੀਂ ਹੈ। ਕਿਸੇ ਵੀ ਗੱਲ ਨੂੰ ਪਰਖ ਕੇ ਅੱਗੇ ਵਧਣ ਵਾਲੇ ਨੂੰ ਹੀ ਸਿਆਣਾ ਕਿਹਾ ਜਾਂਦਾ ਹੈ, ਵਰਨਾ ਉਹ ਪਿਛਲੱਗੂ ਹੈ ਜਾਂ ਅੰਧ-ਵਿਸ਼ਵਾਸੀ।

ਸਭ ਤੋਂ ਅਹਿਮ ਗੱਲ ਹੈ ਕਿ ਪਰਖ ਕਰਨ ਦਾ ਗੁਣ ਸਾਡੇ ਕੋਲ ਹੈ, ਕਰਨਾ ਇਹ ਹੈ ਕਿ ਇਸ ਤਰੀਕੇ ਦੀ ਵਰਤੋਂ ਕੀਤੀ ਜਾਵੇ, ਜੋ ਕਿ ਅਕਸਰ ਨਹੀਂ ਕੀਤੀ ਜਾਂਦੀ। ਜੋ ਆਪਾਂ ਗੱਲ ਕੀਤੀ ਹੈ ਕਿ ਕੌਣ ਲੋਕ ਹਨ ਜੋ ਵਹਿਮਾਂ-ਭਰਮਾਂ ਅਤੇ ਅੰਧ-ਵਿਸ਼ਵਾਸੀ ਕਾਰਨਾਂ ਨੂੰ ਪ੍ਰਚਾਰਦੇ ਹਨ ਤੇ ਕਿਸ ਤਰ੍ਹਾਂ ਦੇ ਲੋਕ ਹੁੰਦੇ ਹਨ, ਜਿੰਨ੍ਹਾਂ ਨੂੰ ਫਸਾਉਣਾ ਜਾਂ ਪਿੱਛੇ ਲਗਾਉਣਾ ਸੌਖਾ ਹੁੰਦਾ ਹੈ। ਇਸ ਗੱਲ ਦੀ ਪੁਸ਼ਟੀ ਇਸ ਗੱਲ ਤੋਂ ਹੁੰਦੀ ਹੈ ਕਿ ਅਕਸਰ ਹੀ ਲੋਕ ਕਿਸੇ ਕਾਰਨ ਜਾਂ ਹੱਲ ਬਾਰੇ ਸੁਣ ਕੇ, ਸ਼ੰਕਾ ਜਤਾਉਂਦੇ ਹਨ, ਆਪਣੀ ਅਸਹਿਮਤੀ ਵੀ ਜਾਹਿਰ ਕਰਦੇ ਹਨ, ਪਰ ਫਸਾਉਣ ਵਾਲਾ ਏਨਾ ਸ਼ਾਤਿਰ ਹੁੰਦਾ ਹੈ ਕਿ ਉਹ ਆਪਣੇ ਨਵੇਂ ਪੈਂਤੜੇ ਨਾਲ ਗੱਲ ਨੂੰ ਪੇਸ਼ ਕਰਦਾ ਹੈ ਤੇ ਅੰਤ ਵਿਸ਼ਵਾਸ ਦਾ ਵਾਸਤਾ ਪਾਉਂਦਾ ਹੈ।

ਪਰਖ ਖ਼ੁਦ ਵੀ ਕਰਨੀ ਚਾਹੀਦੀ ਹੈ ਤੇ ਅਜਿਹੇ ਲੋਕਾਂ ਨੂੰ ਵੀ ਮਿਲਣਾ ਚਾਹੀਦਾ ਹੈ ਜਿੰਨ੍ਹਾਂ ਨੂੰ ਵੀ ਤੁਹਾਡੇ ਵਰਗੀਆਂ ਸਮੱਸਿਆਵਾਂ ਲਈ ਇਹੀ ਕਾਰਨ ਦੱਸ ਕੇ ਭੰਬਲ-ਭੂਸੇ ਵਾਲੇ ਇਲਾਜ ਦੱਸੇ ਗਏ ਹੋਣ। ਫਿਰ ਪਤਾ ਚੱਲੇਗਾ ਕਿ ਹੱਲ ਹੋਇਆ ਕਿ ਨਹੀਂ। ਫਿਰ ਸਵਾਲ ਖੜ੍ਹੇ ਕਰਨੇ ਚਾਹੀਦੇ ਹਨ ਕਿ ਤੁਹਾਡਾ ਦੱਸਿਆ ਕਾਰਨ ਗਲਤ ਹੈ ਜਾਂ ਤੁਹਾਡਾ ਦੱਸਿਆ ਇਲਾਜ ਕਾਰਗਰ ਸਾਬਿਤ ਨਹੀਂ ਹੋਵੇਗਾ।

ਤਰਕਸ਼ੀਲਤਾ ਹੈ :

- ਜੋ ਨਜ਼ਰ ਆ ਰਿਹਾ ਹੈ, ਜਿਸ ਨੂੰ ਪਰਖਿਆ ਜਾ ਸਕਦਾ ਹੈ, ਉਸ ਨੂੰ ਮੰਨਣਾ।
- ਦੱਸੇ ਗਏ ਕਾਰਨ ਦਾ, ਸਮੱਸਿਆ ਨੂੰ ਸੁਲਝਾ ਸਕਣ ਦੀ ਵਿਆਖਿਆ ਕਰਨ ਦੇ ਯੋਗ ਹੋਣਾ।
- ਉਹੀ ਕਾਰਨ ਕਰਕੇ, ਵੈਸੀ ਹੀ ਸਮੱਸਿਆ ਹੋਰ ਕਿਤੇ ਪੈਦਾ ਹੋ ਰਹੀ ਹੋਣਾ ਤੇ ਉਸੇ ਤਰ੍ਹਾਂ ਦੇ ਹੱਲ ਨਾਲ ਸਮੱਸਿਆ ਸੁਲਝਾਈ ਗਈ ਹੋਣਾ।

ਭਾਵੇਂ ਕਿ ਇਨ੍ਹਾਂ ਅੰਧ-ਵਿਸ਼ਵਾਸੀ ਰਾਹਾਂ 'ਤੇ ਲੈ ਜਾਣ ਵਾਲੇ ਲੋਕ (ਏਜੰਟ) ਦਾਅਵਾ ਕਰਦੇ ਹਨ ਕਿ ਇਸ ਤਰ੍ਹਾਂ ਕਰਨ ਨਾਲ ਬਹੁਤ ਬੰਦੇ ਠੀਕ ਹੋਏ ਹਨ, ਪਰ ਫਿਰ ਵੀ ਆਪਣੀ ਬੁੱਧੀ ਦੇ ਸਹਾਰੇ ਪਰਖ ਕਰਨਾ ਲਾਜ਼ਮੀ ਸ਼ਰਤ ਹੈ ਤਾਂ ਜੋ ਤੁਸੀਂ ਅੰਧ-ਵਿਸ਼ਵਾਸ ਦੇ ਰਾਹ 'ਤੇ ਪੈਣ ਤੋਂ ਬਚ ਸਕੋ।

ਤਰਕ ਮਨੁੱਖੀ ਸ਼ਖ਼ਸੀਅਤ ਦਾ ਅਹਿਮ ਹਿੱਸਾ ਹੈ। ਜਿਵੇਂ ਕਿ ਆਪਾਂ ਜਾਣਿਆ ਹੈ ਕਿ ਸਵਾਲ ਹਰ ਇੱਕ ਦੇ ਮਨ ਵਿੱਚ ਉੱਠਦੇ ਹਨ। ਸਵਾਲ ਉੱਠਣਾ ਸਾਡੀ ਜਿਗਿਆਸੂ ਸਰੀਰਕ ਪ੍ਰਵਿਰਤੀ ਹੈ ਜੋ ਕਿ ਸਾਡੇ ਸਰੀਰ ਦੇ ਮਹੱਤਵਪੂਰਨ ਦਿਮਾਗ ਦਾ ਹਿੱਸਾ ਹੈ। ਤੁਸੀਂ ਬੱਚੇ ਵੱਲ ਦੇਖੋ। ਉਸ ਦੇ ਬੋਲਣਾ ਸ਼ੁਰੂ ਕਰਨ ਦੀ ਦੇਰ ਹੈ। ਬੱਚਾ ਸਵਾਲ ਹੀ ਸਵਾਲ ਕਰਦਾ ਹੈ, ਇਹ ਕੀ, ਉਹ ਕੀ ਹੈ, ਇਹ ਕਿਵੇਂ ਹੈ, ਉਹ ਕਿਉਂ ਹੈ ਆਦਿ। ਕਿਉਂ ਜੋ ਉਸ ਦੇ ਲਈ ਸਭ ਕੁੱਝ ਨਵਾਂ ਹੁੰਦਾ ਹੈ।

ਇਹ ਸਵਾਲ ਕਰਨਾ ਜਾਂ ਜਿਗਿਆਸੂ ਹੋਣਾ ਕਿਸੇ ਨਿੱਜੀ ਸਮੱਸਿਆ ਨਾਲ ਹੀ ਸਬੰਧਿਤ ਨਹੀਂ ਹੈ। ਇਹ ਸਾਡੇ ਪੂਰੇ ਆਲੇ-ਦੁਆਲੇ ਬਾਰੇ ਹੈ, ਜਿੱਥੋਂ ਤੱਕ ਮਨੁੱਖ ਦੀ ਨਜ਼ਰ ਜਾਂਦੀ ਹੈ। ਜਦੋਂ ਮਨੁੱਖ ਵਿਕਾਸ ਕਰ ਰਿਹਾ ਸੀ, ਕੁਦਰਤ ਵੱਲ ਦੇਖਦਾ ਤੇ ਹੈਰਾਨ ਹੁੰਦਾ। ਬੁੱਧੀ ਦੇ ਵਿਕਾਸ ਨਾਲ, ਸਿਆਣੇ ਹੋਣ ਨਾਲ ਉਹ ਸੋਚਣ ਲੱਗਿਆ, ਸੂਰਜ ਕਿੱਥੇ ਚਲਾ ਜਾਂਦਾ ਹੈ, ਮੀਂਹ ਕਿਵੇਂ ਪੈਂਦਾ ਹੈ, ਦਰੱਖਤਾਂ 'ਤੇ ਫ਼ਲ ਕਿਵੇਂ ਲਗਦੇ ਨੇ। ਇਹ ਪਹਿਲਾਂ ਸਵਾਲ ਉੱਠੇ, ਫਿਰ ਦੂਸਰੇ ਦੌਰ ਨੇ ਇਨ੍ਹਾਂ ਦੇ ਜਵਾਬ ਲੱਭੇ। ਇਸੇ ਜਿਗਿਆਸੂ ਅਤੇ ਖੋਜੀ

ਗੁਣ ਨੇ ਮਨੁੱਖ ਨੂੰ ਕੁਦਰਤ ਬਾਰੇ ਜਾਨਣ ਦੇ ਰਾਹ ਪਾਇਆ ਤੇ ਮਨੁੱਖ ਕੁਦਰਤ ਦੇ ਅਨੇਕਾਂ ਭੇਤਾਂ ਤੋਂ ਜਾਣੂ ਹੋਇਆ। ਇਸ ਦੇ ਕਈ ਪੜਾਅ ਹੋਏ:

- ਸਾਰੇ ਭੇਤ ਇੱਕ ਹੀ ਦਿਨ ਵਿੱਚ ਪਤਾ ਨਹੀਂ ਚੱਲੇ।
- ਸਾਰੇ ਭੇਤ ਇੱਕੋਦਮ, ਸਹੀ ਕਾਰਨਾਂ ਤੱਕ ਨਹੀਂ ਪਹੁੰਚੇ। ਇਹ ਲੋਕਾਂ ਨੇ ਮਿਲ ਕੇ ਵਿਚਾਰੇ।
- ਇਹ ਗਿਆਨ, ਤਜ਼ਰਬਾ, ਆਪਣਾ ਅੰਦਾਜ਼ਾ ਇੱਕ ਨੇ ਦੂਸਰੇ ਨੂੰ ਦੱਸਿਆ ਤੇ ਫਿਰ ਤੀਸਰੇ-ਚੌਥੇ ਨਾਲ ਮਿਲ ਕੇ ਇੱਕ ਸਾਂਝੀ ਵਿਆਖਿਆ ਬਣਾਈ।
- ਨਵੇਂ ਤੋਂ ਨਵੇਂ ਸ਼ੰਕੇ, ਅੰਦਾਜ਼ੇ ਤੇ ਵਿਚਾਰ-ਵਟਾਂਦਰੇ ਨੇ ਹੋਰ ਨਵੇਂ ਰਾਹ ਖੋਲ੍ਹੇ।
- ਇੱਕ ਪੀੜ੍ਹੀ ਤੋਂ ਅੱਗੇ ਦੂਸਰੀ ਪੀੜ੍ਹੀ, ਇਸ ਵਿੱਚ ਆਪਣਾ ਹਿੱਸਾ ਪਾਉਂਦੀ ਰਹੀ।
- ਗਲਤ ਧਾਰਨਾਵਾਂ ਨੂੰ ਨਿਰੰਤਰ ਦਰੁਸਤ ਕੀਤਾ ਗਿਆ। ਇਸ ਤਰ੍ਹਾਂ ਦਾ ਸਿਲਸ਼ਿਲਾ ਨਿਰੰਤਰ ਜਾਰੀ ਹੈ।

ਕਿਸੇ ਵੇਲੇ ਸੂਰਜ ਘੁੰਮਦਾ ਸੀ, ਫਿਰ ਨਵੇਂ ਸੱਚ ਦੇ ਤਹਿਤ ਸਾਹਮਣੇ ਆਇਆ ਕਿ ਧਰਤੀ ਘੁੰਮਦੀ ਹੈ। ਇਸੇ ਤਰ੍ਹਾਂ ਗ੍ਰਹਿਣ ਬਾਰੇ ਕਈ ਕਥਾਂ-ਕਹਾਣੀਆਂ ਰਾਹੀਂ ਪ੍ਰਚਾਰਿਆ ਤੇ ਇਸ ਦਾ ਸੱਚ ਉਜਾਗਰ ਹੋਇਆ।

ਇਹੀ ਤਰੀਕਾ ਸਮਾਜਿਕ ਵਰਤਾਰਿਆਂ ਨੂੰ ਸਮਝਣ ਦਾ ਹੈ। ਕਿਉਂ ਜੋ ਮਨੁੱਖ ਕੁਦਰਤੀ ਅਤੇ ਸਮਾਜਿਕ ਪ੍ਰਬੰਧ ਰਾਹੀਂ ਕਾਰਜਸ਼ੀਲ ਹੁੰਦਾ ਹੈ। ਪਹਿਲਾਂ ਇਹਨਾਂ ਸਮਾਜਿਕ ਵਰਤਾਰਿਆਂ, ਨੇਮਾਂ, ਆਪਸੀ ਰਿਸ਼ਤਿਆਂ ਨੂੰ ਦਰਸ਼ਨ ਰਾਹੀਂ ਸਮਝਿਆ ਗਿਆ ਤੇ ਫਿਰ ਵਿਕਾਸ ਦੇ ਨਾਲ ਸਮਾਜ ਵਿਗਿਆਨ, ਮਨੋ-ਵਿਗਿਆਨ, ਅਰਥ ਸ਼ਾਸਤਰ, ਰਾਜਨੀਤੀ ਦੇ ਗਿਆਨ ਨੇ ਵੱਖ-ਵੱਖ ਪੱਖਾਂ ਨੂੰ ਜਾਨਣ ਦੀ ਕੋਸ਼ਿਸ਼ ਕੀਤੀ ਤੇ ਵਿਆਖਿਆ ਕੀਤੀ। ਇੱਕ ਵਿਗਿਆਨਕ ਨਜ਼ਰੀਆ ਤਲਾਸ਼ਿਆ ਗਿਆ ਕਿ ਮਨੁੱਖੀ ਸਵਾਲ ਕਰਨ ਦੀ ਤਾਕਤ ਵਿੱਚ ਕਈ ਤਰ੍ਹਾਂ ਦੇ ਪ੍ਰਸ਼ਨ ਹਨ :-

ਕੀ ਵਾਪਰ ਰਿਹਾ ਹੈ?
ਕਿੱਥੇ ਵਾਪਰ ਰਿਹਾ ਹੈ?
ਕਿਵੇਂ ਵਾਪਰ ਰਿਹਾ ਹੈ?
ਕਿਸ ਨਾਲ ਵਾਪਰ ਰਿਹਾ ਹੈ?

ਤੇ ਫਿਰ ਅੰਤਿਮ ਅਹਿਮ ਸਵਾਲ ਹੈ - ਕਿਉਂ ਵਾਪਰ ਰਿਹਾ ਹੈ?

ਅਸੀਂ ਅਜੋਕੇ ਸਮੇਂ ਵਿੱਚ ਭੁੱਖ, ਗਰੀਬੀ, ਬਿਮਾਰੀ, ਵਿਤਕਰੇ ਨੂੰ ਸਮਝਣ ਲਈ ਇਸ ਢੰਗ-ਤਰੀਕੇ ਨੂੰ ਹੀ ਕਾਰਗਰ ਸਮਝਦੇ ਹਾਂ।

ਇੱਕ ਉਦਾਹਰਣ ਵਜੋਂ : ਇਹ ਕੀ ਵਾਪਰ ਰਿਹਾ ਹੈ - ਮਲੇਰੀਆ। ਕਿੱਥੇ ਵਾਪਰ ਰਿਹਾ ਹੈ - ਸ਼ਹਿਰ ਦੀ ਇੱਕ ਖਾਸ ਬਸਤੀ ਵਿੱਚ। ਕਿਵੇਂ ਵਾਪਰ ਰਿਹਾ ਹੈ - ਮੱਛਰਾਂ ਰਾਹੀਂ। ਕਿਸ ਨਾਲ ਵਾਪਰ ਰਿਹਾ ਹੈ - ਜੋ ਗਰੀਬ ਹਨ, ਕੱਚੇ ਘਰਾਂ ਵਿੱਚ ਰਹਿੰਦੇ ਹਨ। ਤੇ ਫਿਰ ਇਨ੍ਹਾਂ ਦੇ ਆਧਾਰ 'ਤੇ ਕਿਉਂ ਦਾ ਜਵਾਬ ਆਉਂਦਾ ਹੈ - ਉੱਥੇ ਪਾਣੀ ਦੇ ਟੋਭੇ ਹਨ, ਉੱਥੇ ਗੰਦੇ ਪਾਣੀ ਦੇ ਨਿਕਾਸ ਦੀ ਵਿਵਸਥਾ ਨਹੀਂ ਹੈ। ਘਰ ਕੱਚੇ ਹਨ ਕਿਉਂ ਜੋ ਲੋਕ ਗਰੀਬ ਹਨ। ਫਿਰ ਕਿੰਨੇ ਹੀ ਸਵਾਲ ਹੋਰ ਕਿ ਲੋਕ ਗਰੀਬ ਕਿਉਂ ਹਨ? ਆਦਿ।

ਇਸ ਨਜ਼ਰੀਏ ਦਾ ਜੋ ਵਿਗਿਆਨਕ ਫਾਇਦਾ ਹੈ ਉਹ ਇਹ ਕਿ ਜੇਕਰ ਹੁਣ ਹੱਲ ਕਰਨ ਦੀ ਮੰਸ਼ਾ ਹੈ ਤਾਂ ਹੱਲ ਨਿਕਲ ਸਕਦਾ ਹੈ।

ਤਰਕਸ਼ੀਲਤਾ ਜਾਂ ਵਿਗਿਆਨਕ ਦ੍ਰਿਸ਼ਟੀਕੋਣ, ਸਾਡੇ ਜੀਵਨ ਦਾ ਹਿੱਸਾ ਹੈ। ਇਹ ਕੁਦਰਤ ਦੀ ਦੇਣ ਹੈ, ਸਾਡੇ ਸਰੀਰ ਵਿੱਚ ਮੌਜੂਦ। ਦਰਅਸਲ ਹੁੰਦਾ ਕੀ ਹੈ ਕਿ ਇਸ ਗੁਣ ਨੂੰ ਘਟਾਉਣ ਜਾਂ ਨਾ ਵਰਤਣ 'ਤੇ ਵੱਧ ਜ਼ੋਰ ਲਗਾਇਆ ਜਾਂਦਾ ਹੈ। ਅਸੀਂ ਆਸ-ਪਾਸ ਜੋ ਵੀ ਵਾਪਰਦਾ ਦੇਖਦੇ ਹਾਂ ਜਿਵੇਂ ਧਰਮ, ਰਾਜਨੀਤੀ, ਆਰਥਿਕ ਪੂੰਜੀਵਾਦੀ ਵਿਵਸਥਾ, ਪ੍ਰਸ਼ਾਸਨ ਆਦਿ ਸਭ ਇਸ ਨੂੰ ਵਿਕਸਿਤ ਨਾ ਹੋਣ ਦੇਣ ਦੇ ਚਾਹਵਾਨ ਰਹਿੰਦੇ ਹਨ। ਮਨੁੱਖ ਦੇ ਇਸ ਅਨੋਖੇ ਅਤੇ ਲਾਜਵਾਬ ਗੁਣ ਨੂੰ ਦਬਾਉਣ ਦੀ ਪੂਰੀ ਵਿਉਂਤਬੰਦੀ ਰਹਿੰਦੀ ਹੈ। ਪਰ ਨਾਲ ਹੀ ਅਜਿਹੇ ਅਣਸੁਖਾਵੇਂ ਹਾਲਾਤ ਹੀ ਲੋਕਾਂ ਨੂੰ ਉਕਸਾਉਂਦੇ ਹਨ ਤੇ ਸੂਝਵਾਨ ਲੋਕ ਵੀ ਪੈਦਾ ਹੁੰਦੇ ਹਨ।

**98158-08506**

***ਸਫਾ 52 ਦਾ ਬਾਕੀ...***

'ਤੇ ਛਿੜਕਣ ਦਾ ਕੀ ਫਾਇਦਾ? ਸਿੱਖਿਆ ਦੇ ਅਫਸਰ ਨੂੰ ਪੁੱਛੋ, ਮੰਤਰੀ ਨੂੰ ਪੁੱਛੋ ਕਿ ਕੀ ਉਹ ਆਪਣੇ ਮਹਿਕਮੇ ਦੀ ਕਾਰਗੁਜ਼ਾਰੀ 'ਤੇ ਭਰੋਸਾ ਕਰਕੇ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਪੜ੍ਹਾਉਣਗੇ? ਸਿਹਤ ਮੰਤਰੀ ਤੇ ਅਫਸਰ ਨੂੰ ਪੁੱਛੋ ਕਿ ਉਹ ਆਪਣੀ ਬਿਮਾਰੀ ਲਈ ਸਰਕਾਰੀ ਹਸਪਤਾਲ ਕਿਉਂ ਨਹੀਂ ਜਾਂਦੇ? ਪਹਿਲਾ ਸੁਆਲ ਸਿਸਟਮ 'ਤੇ ਉਠਾਓ।

ਜੇ ਮੈਂ ਸੁਆਲ ਕਰਨਾ ਹੋਵੇ ਤਾਂ ਪ੍ਰਧਾਨ ਮੰਤਰੀ ਨੂੰ ਪੁੱਛਾਂਗਾ ਕਿ LPG ਦੀ ਜਗ੍ਹਾ Gutter Gas ਲੋਕਾਂ ਦੀ ਰਸੋਈ ਤੱਕ ਕਦੋਂ ਪਹੁੰਚ ਜਾਵੇਗੀ? ਇਹ ਮਜ਼ਾਕ ਨਹੀਂ, ਗੰਭੀਰ ਸੁਆਲ ਹੈ।

ਆਪਣੇ ਆਪ ਨੂੰ ਪੁੱਛੋ ਕਿ ਤੁਸੀਂ ਇਸ ਸਿਸਟਮ ਨੂੰ ਕਿਹੜਾ ਸੁਆਲ ਪੁੱਛਣਾ ਚਾਹੋਗੇ?

**- ਜਸਵੰਤ ਮੋਹਾਲੀ**

*ਵਿਗਿਆਨ ਦੇ ਸਦਕੇ*

## ਨਿੱਕੀ ਬੱਚੀ ਨੇ ਦੋ ਵਾਰ ਜਨਮ ਲਿਆ

ਟੈਕਸਸ (ਅਮਰੀਕਾ) ਦੀ ਗਰਭਵਤੀ ਮਾਰਗਰੇਟ ਬੂਮਰ 12ਵੇਂ ਹਫਤੇ ਚੈੱਕ ਅੱਪ ਕਰਵਾਉਣ ਗਈ ਤਾਂ ਪਤਾ ਲੱਗਾ ਕਿ ਉਸਦੇ ਪੇਟ ਵਿੱਚ ਪਲ ਰਹੀ ਬੱਚੀ ਸੇਕਰੋਕੇਕਸੀਜਿਅਲ



ਟੇਰਾਟੋਮਾ ਟਿਊਮਰ ਦਾ ਸ਼ਿਕਾਰ ਹੋ ਰਹੀ ਹੈ। ਡਾਕਟਰਾਂ ਦੀ ਸਲਾਹ ਨਾਲ ਪਹਿਲਾਂ 22 ਵੇਂ ਹਫ਼ਤੇ ਬੱਚੀ ਨੂੰ ਮਾਂ ਦੇ ਪੇਟ ਵਿੱਚੋਂ ਕੱਢ ਕੇ ਉਸਦਾ ਇਲਾਜ ਕੀਤਾ ਗਿਆ। ਠੀਕ ਹੋਣ ਉਪਰੰਤ ਉਸਨੂੰ ਮੁੜ ਮਾਂ ਦੇ ਪੇਟ ਵਿੱਚ ਰੱਖਿਆ ਗਿਆ। ਮੁੜ 9 ਮਹੀਨਿਆਂ ਬਾਅਦ ਉਸ ਬੱਚੀ ਨੂੰ ਮੁੜ ਤੰਦਰੁਸਤ ਰੂਪ ਚ ਜਨਮ ਦਿੱਤਾ ਗਿਆ।

ਇਹ ਸੁਖਦ ਖ਼ਬਰ ਵਿਗਿਆਨੀਆਂ ਲਈ ਮੁਬਾਰਕਬਾਦ ਦੀ ਪ੍ਰਤੀਕ ਹੈ, ਉੱਥੇ ਜੋਤਿਸ਼ ਜਿਹੇ ਗੈਰਵਿਗਿਆਨਕ ਧੰਦੇ ਲਈ ਇੱਕ ਚੁਣੌਤੀ ਵੀ ਹੈ ਕਿ ਵਿਗਿਆਨ ਦੀ ਮੱਦਦ ਨਾਲ ਦੋ ਵਾਰ ਜਨਮੀ ਬੱਚੀ ਦਾ ਟੇਵਾ ਤੇ ਜਨਮ ਪੱਤਰੀ ਕਿਵੇਂ ਤਿਆਰ ਕਰਨਗੇ। ਉਂਝ ਵਿਗਿਆਨ ਨਾਲ ਡਾਕਟਰਾਂ ਵੱਲੋਂ ਕੀਤਾ ਗਿਆ ਇਹ ਕਾਰਜ ਜੋਤਿਸ਼ ਦੇ ਝੂਠ ਨੂੰ ਨੰਗਾ ਕਰਦਾ ਹੈ। ਵਿਗਿਆਨ ਦੀਆਂ ਲੱਭਤਾਂ ਤੇ ਡਾਕਟਰਾਂ ਦੀ ਸੁਹਿਰਦਤਾ ਨੂੰ ਸਲਾਮ ਹੈ।

### ਇਤਿਹਾਸ ਦਾ ਅਧਿਐਨ

ਇਤਿਹਾਸ ਦੇ ਸਹੀ ਅਧਿਐਨ ਬਾਰੇ ਜਾਣਕਾਰੀ ਬਹੁਤ ਜਰੂਰੀ ਹੈ। ਇਹ ਉਸ ਤਿੱਖੇ ਬਲੇਡ ਜਿਹਾ ਹੁੰਦਾ ਹੈ, ਜਿਸਦੀ ਸੁਹੱਪਣ ਲਈ ਸਹੀ ਵਰਤੋਂ ਹੋ ਸਕਦੀ ਹੈ ਪਰ ਦੁਰਵਰਤੋਂ ਲਹੂ ਲੁਹਾਣ ਕਰ ਸਕਦੀ ਹੈ। ਸਾਰੇ ਪੁਜਾਰੀ, ਸਵਾਰਥੀ ਰਾਜਨੀਤਿਕ ਲੋਕ,ਫਿਰਕਾਪ੍ਰਸਤ, ਅੰਧ ਰਾਸ਼ਟਰੀਏ ਆਦਿ ਇਸ ਦੀ ਦੁਰਵਰਤੋਂ ਕਰਕੇ ਛੋਟੇ/ਵੱਡਿਆਂ ਨੂੰ ਫਿਰਕਾਪ੍ਰਸਤ/ਅੰਧਵਿਸ਼ਵਾਸ਼ੀ ਬਣਾਉਂਦੇ ਹਨ।

ਇਤਿਹਾਸ ਵਿੱਚ ਇਖ਼ਲਾਕ ਨੂੰ ਬਣਾਉਣ ਤੇ ਵਿਗਾੜਨ ਦੀ ਐਨੀ ਸ਼ਕਤੀ ਹੈ ਕਿ ਇਹ ਤੁਹਾਡੇ ਲਈ ਵਰਦਾਨ ਵੀ ਬਣ ਸਕਦਾ ਹੈ ਤੇ ਸਰਾਪ ਵੀ।

**ਲਾਲਾ ਹਰਦਿਆਲ**

ਇਨਸਾਨੀਅਤ- ਜ਼ਿੰਦਾਬਾਦ

## ਸਨੇਹਾ ਬਣੀ ਪਹਿਲੀ ਇਨਸਾਨ

*ਜਿਸਦੀ ਨਾ ਕੋਈ ਜਾਤ ਨਾ ਧਰਮ*



ਤਾਮਿਲਨਾਡੂ ਦੇ ਵੇਲੋਰ ਜਿਲ੍ਹੇ ਦੇ ਤਿਰੁਪਤੂਰ ਪਿੰਡ ਦੀ ਸਨੇਹਾ 9 ਸਾਲ ਦਾ ਲੰਬਾ ਸੰਘਰਸ਼ ਕਰਨ ਮਗਰੋਂ ਭਾਰਤ ਦੀ ਪਹਿਲੀ ਅਜਿਹੀ ਮਹਿਲਾ ਬਣ ਗਈ ਹੈ, ਜਿਸਦੀ ਨਾਂ ਕੋਈ ਜਾਤੀ ਹੈ ਤੇ ਨਾ ਹੀ ਧਰਮ। ਸਨੇਹਾ ਨੇ 9 ਸਾਲ ਪਹਿਲਾਂ ਨੋ ਕਾਸਟ, ਨੋ ਰਿਲੀਜਨ ਸਰਟੀਫਿਕੇਟ ਲੈਣ ਲਈ ਅਰਜ਼ੀ ਦਿੱਤੀ ਸੀ, ਕਾਫ਼ੀ ਮੁਸ਼ਕਲਾਂ ਝੇਲਣ ਮਗਰੋਂ 5 ਫਰਵਰੀ 2019 ਨੂੰ ਉਸਨੂੰ ਇਹ ਸਰਟੀਫਿਕੇਟ ਮਿਲਿਆ ਹੈ। ਜਿਹੜਾ ਕੋਈ ਜਾਤ ਤੇ ਧਰਮ ਨਾ ਹੋਣ ਦਾ ਪ੍ਰਮਾਣ ਪੱਤਰ ਹੈ।

*ਮਿੰਨੀ ਕਹਾਣੀ*

### ਮੁਹਤਬਰ

ਗਰਮੀ ਤੋਂ ਰਾਹਤ ਪਾਉਣ ਲਈ ਪਿੰਡ ਦੇ ਲੋਕ ਗੜ੍ਹੇ ਪਵਾਉਣ ਲਈ ਟੂਣਾ ਕਰਵਾਉਣ ਵਾਸਤੇ ਪੈਸੇ ਦਾਣੇ ਇੱਕੱਠੇ ਕਰ ਰਹੇ ਸਨ। ਪਿੰਡ ਦੇ ਦੋ ਚਾਰ ਮੋਹਤਬਰ ਇਸ ਕੰਮ ਵਿੱਚ ਮੋਹਰੀ ਸਨ। ਇੱਕ ਦੁਕਾਨ ਤੇ ਜਾ ਇੱਕ ਜਣਾ ਬੋਲਿਆ, ਇਹ ਤਰਕਸ਼ੀਲ ਵਿਚਾਰਾਂ ਵਾਲੇ ਬਾਈ ਦੀ ਦੁਕਾਨ ਹੈ। ਇਹ ਟੂਣੇ ਟਾਮਣਾਂ ਤੇ ਸਾਧ ਸਿਆਣਿਆਂ ਨੂੰ ਨਹੀਂ ਮੰਨਦਾ। ਨਾ ਹੀ ਇਹਨੇ ਆਪਾਂ ਨੂੰ ਕੋਈ ਪੈਸਾ ਟਕਾ ਦੇਣਾ। ਇੱਥੇ ਖੜ੍ਹਨ ਦਾ ਕੋਈ ਫਾਇਦਾ ਨਹੀਂ। ਦੂਸਰਾ ਬੋਲਿਆ, ਠੀਕ ਏ, ਤੇਰੀ ਗੱਲ। ਪਰ ਇਹ ਆਪਾਂ ਨੂੰ ਤਾਂ ਮੰਨਦਾ ਏ ਨਾ। ਇਹ ਆਖਦਿਆਂ ਉਹਨਾਂ ਦੁਕਾਨ ਤੋਂ ਠੰਢੇ ਚੁੱਕੇ ਤੇ ਪੀਣ ਲੱਗ ਪਏ। ਦੁਕਾਨ ਤੇ ਖੜ੍ਹਾ ਇੱਕ ਬਜ਼ੁਰਗ ਕਹਿਣ ਲੱਗਾ, ਟੂਣਿਆਂ ਨਾਲ ਤੁਸੀਂ ਪਤਾ ਨਹੀਂ ਕਿਹੜਾ ਚੰਨ ਚਾੜ੍ਹਨਾ। ਆਪ ਵਿਹਲੇ ਫਿਰਦੇ, ਅਗਲਿਆਂ ਦਾ ਨੁਕਸਾਨ ਕਰਦੇ ਹੋ। ਜੇ ਆਪ ਨਹੀਂ ਕੁਸ਼ ਪਤਾ ਤਾਂ ਜ਼ਮਾਨੇ ਵੱਲ ਹੀ ਵੇਖ ਲਵੋ। ਲੋਕੀਂ ਚੰਨ ਤੇ ਪਲਾਟ ਕੱਟਣ ਨੂੰ ਫਿਰਦੇ ਆ, ਤੁਸੀਂ ਅਜੇ ਟੂਣਿਆਂ ਵਿੱਚੋਂ ਨਹੀਂ ਨਿਕਲੇ। ਲਾਜੁਆਬ ਹੋਏ ਮੁਹਤਬਰ ਪਿੰਡ ਵੱਲ ਨੂੰ ਹੋ ਤੁਰੇ।

**ਅਮਰਜੀਤ ਸ਼ਰਮਾ, ਆਸਾ ਬੁੱਟਰ**

# ਜਿਹੜੇ 'ਕੰਡੇ' ਏਧਰ ਵੀ ਨੇ, ਓਧਰ ਵੀ।' ...ਬਾਬਾ ਨਜ਼ਮੀ

## ਸੁਲਘਦੇ ਬੋਲ



ਪ੍ਰੋ. ਗੌਹਰ ਰਜ਼ਾ ਸਾਡੇ ਸਮਿਆਂ ਦੀ ਬਹੁ-ਪਰਤੀ ਸਖਸ਼ੀਅਤ ਹੈ। ਤੇਜ ਬੁੱਧੀ ਦਾ ਮਾਲਕ ਉਹ ਵਿਗਿਆਨੀ ਵੀ ਹੈ, ਉਰਦੂ ਕਵੀ, ਲੇਖਕ, ਸਮਾਜਿਕ-ਕਾਰਕੁੰਨ, ਫਿਲਮ-ਮੇਕਰ, ਵਕਤਾ ਆਦਿ ਵੀ ਹੈ। ਇਹ ਬੇਹੱਦ ਕੀਮਤੀ ਹਸਤੀਆਂ, ਸਾਡੀਆਂ ਅਜਿਹੀਆਂ ਅੱਖਾਂ ਹੁੰਦੀਆਂ ਹਨ ਜਿਨ੍ਹਾਂ ਦੁਆਰਾ ਅਸੀਂ, ਸਮੇਂ ਦੀ ਤਸਵੀਰ ਨੂੰ ਵੇਖ ਸਕਦੇ ਹਾਂ। ਦਿੱਲੀ ਦੇ ਤਖ਼ਤ ਤੇ ਕਾਬਜ਼ ਲੋਕਾਂ ਦੀ ਜ਼ਹਿਨੀਅਤ ਜਾਨਣ ਲਈ ਉਹਨਾਂ ਦੀ ਕਵਿਤਾ ਦਾ ਇੱਕ ਬੰਦ ਪੇਸ਼ ਹੈ:

ਜਰਮਨੀ ਮੇਂ ਤੁਮਹਾਰੇ ਕਦਮ ਜਬ ਪੜੇ  
ਤਬ ਕਿਤਾਬੋਂ ਕੀ ਹੋਲੀ ਜਲਾਈ ਗਈ  
ਵੋਹ ਚਿੱਲੀ ਮੇਂ ਕਿਆਮਤ ਕੇ ਦਿਨ ਯਾਦ ਹੈ'  
ਦਰਸਗਾਹੋਂ ਪੇ ਤੀਰੋਂ ਕੀ ਬੌਛਾਰ ਬੀ  
ਤੁਮ ਹੀ ਹੋ ਤਾਲਿਬਾਨ, ਤੁਮ ਹੋ ਬੋਕੋਹਰਾਮ  
ਤੁਮ ਨੇ ਰੋਂਦਾ ਹੈ ਸਦੀਓਂ ਸੇ ਇਲਮ-ਓ-ਹੁਨਰ  
ਹਮ ਕੋ ਤਾਰੀਖ ਕਾ ਹਰ ਸਫ਼ਾ ਯਾਦ ਹੈ।

## ਰਾਜ ਦਾ ਧਰਮ

ਰਾਜ ਦਾ ਕੋਈ ਧਰਮ ਨਹੀਂ ਹੁੰਦਾ। ਪਰ ਹੁਣ ਹੈ। ਕਹਿਣ ਨੂੰ ਭਾਵੇਂ ਅਸੀਂ ਧਰਮ ਨਿਰਪੱਖ ਦੇਸ਼ ਦੇ ਬਾਸ਼ਿੰਦੇ ਹਾਂ ਪਰ ਰਾਜ ਚਲਾ ਰਹੀ ਸਰਕਾਰ ਦੀ ਸਿਆਸਤ ਹੀ ਧਰਮ ਹੈ। ਉਹ ਵਿਗਿਆਨ ਦੀ ਬਜਾਏ ਧਾਰਮਿਕ ਮਾਨਤਾਵਾਂ ਤੇ ਪਹਿਰਾ ਦੇ ਰਹੀ ਹੈ। ਵਿਗਿਆਨਕ ਦ੍ਰਿਸ਼ਟੀਕੋਣ ਦੇ ਪ੍ਰਚਾਰ ਪਸਾਰ ਦਾ ਹਰੇਕ ਨਾਗਰਿਕ ਦਾ ਕਰਤੱਵ ਸਰਕਾਰ ਤੇ ਲਾਗੂ ਨਹੀਂ ਹੁੰਦਾ। ਉਸ ਦਾ ਸਾਰਾ ਜ਼ੋਰ ਅਗਿਆਨਤਾ ਤੇ ਅੰਧਵਿਸ਼ਵਾਸਾਂ ਦੇ ਪ੍ਰਚਾਰ ਚ ਲੱਗਾ ਹੋਇਆ ਹੈ। ਦੇਸ਼ ਦਾ ਪ੍ਰਧਾਨ ਮੰਤਰੀ ਘੰਟਿਆਂ ਬੱਧੀ ਖ਼ੁਦ ਪੂਜਾ ਪਾਠ ਕਰਕੇ, ਭਾਸ਼ਣਾਂ ਵਿੱਚ ਗ਼ੈਰਵਿਗਿਆਨਕ ਗੱਲਾਂ ਕਰਕੇ ਦੁਨੀਆਂ ਭਰ ਵਿੱਚ ਦੇਸ਼ ਦੀ ਸ਼ਾਖ ਨੂੰ ਖੋਰਾ ਲਾ ਰਿਹਾ ਹੈ। ਧਰਮ ਦੇ ਨਾਂ ਤੇ ਕਰੋੜਾਂ ਰੁਪਏ ਲੁਟਾਏ ਜਾ ਰਹੇ ਹਨ, ਜਦਕਿ ਦੇਸ਼ ਦੇ ਬਹੁਗਿਣਤੀ ਲੋਕ ਜਿਉਣ ਦੀਆਂ ਮੁਢਲੀਆਂ ਸਹੂਲਤਾਂ ਤੋਂ ਵੀ ਵਾਂਝੇ ਹਨ। ਸਾਨੂੰ ਕਿੱਧਰ ਲਿਜਾਇਆ ਜਾ ਰਿਹਾ ਹੈ...? ਇਹ ਵਿਚਾਰ, ਸੁਆਲ, ਫ਼ਿਕਰਮੰਦੀ ਘਰ, ਸਕੂਲ, ਦਫ਼ਤਰ, ਬੈਂਕ, ਸੱਥ ਵਿੱਚ ਚਰਚਾ ਦਾ ਵਿਸ਼ਾ ਬਣਨੀ ਚਾਹੀਦੀ ਹੈ।

## ਸਮਝ ਤੇ ਸਿਰ ਦਾ ਸੁਮੇਲ

ਆਪਣੇ ਮਨ ਨੂੰ ਸਿੱਖਿਅਤ ਕਰਨਾ ਅਤੇ ਵੱਧ ਤੋਂ ਵੱਧ ਗਿਆਨ ਪ੍ਰਾਪਤ ਕਰਨਾ ਤੁਹਾਡਾ ਫਰਜ਼ ਹੈ। ਗਿਆਨ ਡੂੰਘੇ ਖੂਹ ਵਾਂਗ ਹੁੰਦਾ ਹੈ, ਜਿਹੜਾ ਅਮੁੱਕ ਚਸ਼ਮਿਆਂ ਦੁਆਰਾ ਭਰਦਾ ਰਹਿੰਦਾ ਹੈ।

ਤੁਹਾਡਾ ਮਨ ਇੱਕ ਛੋਟੀ ਬਾਲਟੀ ਵਾਂਗ ਹੈ, ਤੁਸੀਂ ਉਤਨਾ ਗਿਆਨ ਹੀ ਪ੍ਰਾਪਤ ਕਰ ਸਕਦੇ ਹੋ, ਜਿੰਨੀ ਇਸ ਬਾਲਟੀ ਦੀ ਸਮਰੱਥਾ ਹੈ। ਦਿਮਾਗ ਮਨੁੱਖੀ ਸਰੀਰ ਦਾ ਅਜਿਹਾ ਅੰਗ ਹੈ ਇਸ ਬ੍ਰਹਿਮੰਡ ਵਿੱਚ ਹੋਏ, ਕਰੋੜਾਂ ਵਰ੍ਹਿਆਂ ਦੇ ਮਨੁੱਖੀ ਸਹਿਜ ਵਿਕਾਸ ਦਾ ਫਲ ਹੈ।

**(ਸਵੈ ਵਿਕਾਸ ਦਾ ਮਾਰਗ ਚੋਂ)**

## ਨਸ਼ਤਰਾਂ

ਵੋਟਾਂ ਆਈਆਂ, ਚਰਨ ਧੋਣ ਲੱਗ ਗੇ  
ਦਲਿਤਾਂ ਦਾ ਹੁਣ ਹੇਜ ਜਾਗਿਆ।

***

ਤੈਨੂੰ ਧੱਕੇ ਨਾਲ ਵਸਾਉਣਾ ਘਰ ਆਪਣੇ  
ਜੰਮੂ ਕਸ਼ਮੀਰ ਦੀ ਤਰ੍ਹਾਂ।

***

ਗਊ ਰੱਖਿਆ ਕਰਨ ਸਰਕਾਰਾਂ  
ਧੀਆਂ ਭੈਣਾਂ ਰਹਿਣ ਬਚ ਕੇ।

***

ਸਾਡੇ ਦਾਭੋਲਕਰ,ਕੁਲਬਰਗੀ ਖੋਹੇ,  
ਚੌਕੀਦਾਰ ਮੌਨ ਵੱਟਿਆ।

***

ਖੇਤ ਚੁਗ ਗਏ ਵਲੈਤੀ ਚੁੰਝਾਂ ਵਾਲੇ,  
ਚਿੱਟੇ ਨੇ ਜੁਆਨੀ ਚੂਪ ਲਈ।

***

ਅਸੀਂ ਸਿੱਖ ਗਏ ਗੱਪਾਂ ਦੀ ਖੱਟੀ ਖਾਣੀ  
ਗੁਟਕੇ ਤੇ ਹੱਥ ਰੱਖ ਕੇ

***



ਪੰਜੇ, ਤੱਕੜੀ ਦੀ ਤੈਅ ਪੂਰੀ ਬੈਠ ਗਈ  
ਦੋਹਾਂ ਦਾ ਸਾਂਝਾ ਵਿੱਤ ਮੰਤਰੀ

**ਜਗਸੀਰ ਜੀਦਾ (94173-33203)**

# ਅਸੀਂ ਚੁੱਪ ਕਿਉਂ ਹਾਂ ?
# ਮੈਂ ਚੁੱਪ ਨਹੀਂ ਰਹਾਂਗਾ : ਅਮੋਲ ਪਾਲੇਕਰ



ਮੁੰਬਈ ਵਿੱਚ ਨੈਸ਼ਨਲ ਗੈਲਰੀ ਆਫ ਮਾਡਰਨ ਆਰਟਸ (ਐੱਨ.ਜੀ.ਐੱਮ.ਏ.) ਵਿੱਚ ਮਰਹੂਮ ਮਹਾਰਾਸ਼ਟਰੀ ਚਿੱਤਰਕਾਰ ਪ੍ਰਭਾਕਰ ਬਾਰਵੇ ਦੀ ਯਾਦ ਵਿੱਚ ਉਨ੍ਹਾਂ ਦੇ ਚਿੱਤਰਾਂ ਦੀ ਨੁਮਾਇਸ਼ 'ਇਨਸਾਈਡ ਦਿ ਐਂਪਟੀ ਬਾਕਸ' ਦੇ ਉਦਘਾਟਨੀ ਸਮਾਰੋਹ ਵਿੱਚ ਬੋਲ ਰਹੇ ਮਸ਼ਹੂਰ ਫਿਲਮੀ ਅਦਾਕਾਰ ਤੇ ਨਾਟਕਰਮੀ ਅਮੋਲ ਪਾਲੇਕਰ ਨੂੰ ਉਨ੍ਹਾਂ ਦੇ ਭਾਸ਼ਣ ਦੌਰਾਨ ਵਾਰ-ਵਾਰ ਟੋਕਿਆ ਗਿਆ। ਸਮਾਰੋਹ ਵਿੱਚ ਬੋਲਦਿਆਂ ਅਮੋਲ ਪਾਲੇਕਰ ਨੇ ਨੈਸ਼ਨਲ ਗੈਲਰੀ ਆਫ ਮਾਡਰਨ ਆਰਟਸ ਦੇ ਖੇਤਰੀ ਕੇਂਦਰਾਂ ਮੁੰਬਈ ਤੇ ਬੰਗਲੌਰ ਦੀਆਂ ਸਲਾਹਕਾਰ ਕਮੇਟੀਆਂ ਨੂੰ ਕੇਂਦਰ ਸਰਕਾਰ ਵੱਲੋਂ ਖਤਮ ਕਰਨ ਸਬੰਧੀ ਜ਼ਿਕਰ ਕੀਤਾ। ਉਸ ਨੇ ਕਿਹਾ ਕਿ ਇਸ ਸਮਾਰੋਹ ਵਿੱਚ ਸ਼ਾਮਲ ਬਹੁਤੇ ਲੋਕਾਂ ਨੂੰ ਸ਼ਾਇਦ ਇਹ ਪਤਾ ਨਹੀਂ ਹੈ ਕਿ ਪ੍ਰਭਾਕਰ ਬਾਰਵੇ ਵਾਲਾ ਸਮਾਗਮ ਉਹ ਆਖਰੀ ਸਮਾਗਮ ਹੈ ਜੋ ਸਥਾਨਕ ਕਲਾਕਾਰਾਂ ਦੀ ਸਲਾਹਕਾਰ ਕਮੇਟੀ ਦੀ ਸਿਫ਼ਾਰਸ਼ 'ਤੇ ਕੀਤਾ ਜਾ ਰਿਹਾ ਸੀ। ਉਸ ਦੇ ਇਹ ਕਹਿਣ 'ਤੇ ਐੱਨ.ਜੀ.ਐੱਮ.ਏ. ਦੀ ਮੁੰਬਈ ਕੇਂਦਰ ਦੀ ਡਾਇਰੈਕਟਰ ਅਨੀਤਾ ਰੂਪਾਵਰਤਮ ਨੇ ਅਮੋਲ ਪਾਲੇਕਰ ਨੂੰ ਟੋਕਿਆ ਤੇ ਕਿਹਾ ਕਿ ਉਹ ਆਪਣਾ ਭਾਸ਼ਣ ਬਾਰਵੇ ਤੇ ਸਮਾਰੋਹ ਬਾਰੇ ਹੀ ਸੀਮਤ ਰੱਖੇ। ਇਸ ਦੇ ਜਵਾਬ ਵਿੱਚ ਪਾਲੇਕਰ ਨੇ ਕਿਹਾ ਕਿ ਉਹ ਸਮਾਗਮ ਬਾਰੇ ਹੀ ਗੱਲਬਾਤ ਕਰਨ ਜਾ ਰਹੇ ਹਨ ਅਤੇ ਕੀ ਡਾਇਰੈਕਟਰ ਉਸ 'ਤੇ ਸੈਂਸਰਸ਼ਿਪ ਲਾਗੂ ਕਰ ਰਹੀ ਹੈ?

ਜਦ ਪਾਲੇਕਰ ਨੇ ਸਲਾਹਕਾਰ ਕਮੇਟੀਆਂ ਭੰਗ ਕਰਨ ਦੀ ਗੱਲ ਕੀਤੀ ਤਾਂ ਇੱਕ ਹੋਰ ਮਹਿਲਾ ਮੈਂਬਰ ਨੇ ਉਸ ਨੂੰ ਟੋਕਿਆ। ਪਾਲੇਕਰ ਨੇ ਬੋਲਣਾ ਜਾਰੀ ਰੱਖਿਆ ਤੇ ਕਿਹਾ ਕਿ ਐੱਨ.ਜੀ.ਐੱਮ.ਏ. ਕਲਾ ਦੇ ਪ੍ਰਦਰਸ਼ਨ ਕਰਨ ਦਾ ਮਹੱਤਵਪੂਰਨ ਸਥਾਨ ਹੈ, ਪਰ ਜਿਸ ਤਰ੍ਹਾਂ ਦਾ ਜ਼ਾਬਤਾ ਲਾਗੂ ਕਰਨ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ, ਉਹ ਸਾਡਾ ਸਭ ਤੋਂ ਵੱਡਾ ਦੁਖਾਂਤ ਹੈ। ਪਾਲੇਕਰ ਨੇ ਆਪਣੀ ਚਿੰਤਾ ਇਸ ਤਰ੍ਹਾਂ ਦੱਸੀ "ਮੈਂ ਇਸ ਤੋਂ ਬਹੁਤ ਪ੍ਰੇਸ਼ਾਨ ਅਤੇ ਹੁਣ ਹੋਰ ਜ਼ਿਆਦਾ ਪ੍ਰੇਸ਼ਾਨ ਹੋਇਆ ਹਾਂ। ਇਹ ਸਭ ਕੁੱਝ ਕਦੋਂ ਰੁਕੇਗਾ? ਆਜ਼ਾਦੀ ਦਾ ਸਾਗਰ ਸਿਮਟ ਰਿਹਾ ਹੈ, ਹੌਲੀ-ਹੌਲੀ ਪਰ ਲਗਾਤਾਰ, ਅਸੀਂ ਚੁੱਪ ਕਿਉਂ ਹਾਂ?" ਪਾਲੇਕਰ ਨੂੰ ਵਾਰ-ਵਾਰ ਟੋਕਿਆ ਗਿਆ ਪਰ ਉਸ ਨੇ ਬੋਲਣਾ ਜਾਰੀ ਰੱਖਿਆ ਤੇ ਨਾਲ ਹੀ ਇਹ ਵੀ ਜ਼ਿਕਰ ਕੀਤਾ ਕਿ ਪਿਛਲੇ ਦਿਨੀਂ ਮਰਾਠੀ ਸਾਹਿਤ ਸੰਮੇਲਨ ਵਿੱਚ ਮਸ਼ਹੂਰ ਅੰਗਰੇਜ਼ੀ ਸਾਹਿਤਕਾਰ ਨਯਨਤਾਰਾ ਸਹਿਗਲ ਨੂੰ ਆਉਣ ਤੋਂ ਮਨ੍ਹਾਂ ਕਰ ਦਿੱਤਾ ਗਿਆ। ਇੱਥੇ ਯਾਦ ਰੱਖਣ ਵਾਲੀ ਗੱਲ ਹੈ ਕਿ ਬੁੱਧੀਜੀਵੀਆਂ, ਤਰਕਸ਼ੀਲਾਂ ਅਤੇ ਘੱਟ ਗਿਣਤੀ ਦੇ ਲੋਕਾਂ ਨੂੰ ਨਿਸ਼ਾਨਾ ਬਣਾਏ ਜਾਣ ਦੇ ਵਿਰੋਧ ਵਿੱਚ ਛੇੜੀ ਗਈ ਮੁਹਿੰਮ ਵਿੱਚ ਨਯਨਤਾਰਾ ਸਹਿਗਲ ਉਹ ਪਹਿਲੀ ਸਾਹਿਤਕਾਰ ਸੀ ਜਿਸ ਨੇ ਆਪਣਾ ਸਾਹਿਤ ਅਕਾਦਮੀ ਦਾ ਇਨਾਮ ਵਾਪਸ ਕੀਤਾ ਸੀ ਅਤੇ ਉਸ ਤੋਂ ਬਾਅਦ ਬਹੁਤ ਸਾਰੇ ਸਾਹਿਤਕਾਰਾਂ ਨੇ ਆਪਣੇ ਇਨਾਮ ਵਾਪਸ ਕੀਤੇ ਸਨ। ਕੇਂਦਰ ਸਰਕਾਰ ਦੇ ਪ੍ਰਮੁੱਖ ਮੰਤਰੀ ਨੇ ਉਸ ਮੁਹਿੰਮ ਨੂੰ 'ਮਸਨੂਈ ਵਿਰੋਧ' ਕਿਹਾ ਸੀ ਤੇ ਸੱਤਾਧਾਰੀ ਪਾਰਟੀ ਦੇ ਕਈ ਨੇਤਾਵਾਂ ਨੇ ਉਨ੍ਹਾਂ ਲੇਖਕਾਂ ਤੇ ਕਲਾਕਾਰਾਂ ਦੀ ਨਿਖੇਧੀ ਕੀਤੀ ਸੀ ਜਿਨ੍ਹਾਂ ਨੇ

***ਅਮੋਲ ਪਾਲੇਕਰ ਅਤੇ ਭਾਅ ਗੁਰਸ਼ਰਨ ਸਿੰਘ ਦੀ ਨਾਟ ਮੰਡਲੀ***

*ਅਮੋਲ ਪਾਲੇਕਰ ਸਮਾਜਿਕ ਤੌਰ 'ਤੇ ਵੀ ਸਜੱਗ ਕਲਾਕਾਰ ਹੈ। ਉਹ ਬਾਕੀ ਪ੍ਰਦੇਸ਼ਾਂ ਦੀਆਂ ਨਾਟ-ਮੰਡਲੀਆਂ ਨਾਲ ਸੰਪਰਕ ਰੱਖਦਾ ਹੈ। ਇੱਥੇ ਪੰਜਾਬੀ ਨਾਟ-ਸੰਸਾਰ ਨਾਲ ਸਬੰਧਤ ਇੱਕ ਘਟਨਾ ਨੂੰ ਯਾਦ ਕਰਨਾ ਬਣਦਾ ਹੈ। ਇਹ ਗੱਲ ਸੰਨ '84 ਦੀ ਹੈ ਜਦ ਤਤਕਾਲੀਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦੇਸ਼ ਵਿੱਚ ਸਿੱਖਾਂ ਵਿਰੁੱਧ ਹਿੰਸਾ ਦਾ ਦੌਰ ਚੱਲ ਰਿਹਾ ਸੀ। ਉਸ ਵੇਲੇ ਭਾਅ ਜੀ ਗੁਰਸ਼ਰਨ ਸਿੰਘ ਦੀ ਨਾਟ-ਮੰਡਲੀ ਮੁੰਬਈ ਵਿੱਚ ਨਾਟਕ ਕਰ ਰਹੀ ਸੀ। ਜਦ ਉਹ ਸਟੂਡੀਓ ਵਿੱਚ ਇਨਕਲਾਬੀ ਗੀਤ ਰਿਕਾਰਡ ਕਰ ਰਹੇ ਸਨ ਤਾਂ ਕਿਸੇ ਨੇ ਉੱਥੇ 'ਅਤਿਵਾਦੀ', 'ਸ਼ੱਕੀ ਬੰਦੇ' ਹੋਣ ਦੀ ਖ਼ਬਰ ਦਿੱਤੀ ਤੇ ਪੁਲਿਸ ਭਾਅ ਜੀ ਗੁਰਸ਼ਰਨ ਸਿੰਘ, ਕੇਵਲ ਧਾਲੀਵਾਲ ਅਤੇ ਹੋਰ ਕਲਾਕਾਰਾਂ ਨੂੰ ਫੜ ਕੇ ਥਾਣੇ ਲੈ ਗਈ, ਪੁੱਛਗਿੱਛ ਸ਼ੁਰੂ ਕੀਤੀ ਗਈ। ਖ਼ਬਰ ਮਿਲਣ 'ਤੇ ਅਮੋਲ ਪਾਲੇਕਰ, ਸਾਗਰ ਸਰਹੱਦੀ, ਸ਼ਬਾਨਾ ਆਜ਼ਮੀ, ਰੋਹਿਨੀ ਹਤੰਗੜੀ ਤੇ ਹੋਰ ਫਿਲਮੀ ਤੇ ਰੰਗਮੰਚ ਦੇ ਕਲਾਕਾਰ ਪੁਲਿਸ ਸਟੇਸ਼ਨ ਆਏ ਤੇ ਪੁਲਿਸ ਨੂੰ ਭਾਅ ਜੀ ਗੁਰਸ਼ਰਨ ਸਿੰਘ ਤੇ ਉਨ੍ਹਾਂ ਦੀ ਨਾਟ-ਮੰਡਲੀ ਬਾਰੇ ਦੱਸਿਆ ਤੇ ਰਿਹਾਅ ਕਰਾਇਆ।*

ਆਪਣੇ ਇਨਾਮ ਵਾਪਸ ਕੀਤੇ ਸਨ। ਬਾਅਦ ਵਿੱਚ ਪੱਤਰਕਾਰਾਂ ਸਾਹਮਣੇ ਬੋਲਦਿਆਂ ਅਮੋਲ ਪਾਲੇਕਰ ਨੇ ਕਿਹਾ ਕਿ ਉਸ ਨੂੰ ਸੈਂਸਰਸ਼ਿਪ ਦਾ ਸਾਹਮਣਾ ਕਰਨਾ ਪਿਆ ਹੈ ਅਤੇ ਸਾਡੇ ਦੇਸ਼ ਵਿੱਚ ਇਹ ਯਤਨ ਕੀਤੇ ਜਾ ਰਹੇ ਹਨ ਕਿ ਸਾਰੇ ਲੋਕ ਇੱਕ ਹੀ ਤਰੀਕੇ ਨਾਲ ਬੋਲਣ ਤੇ ਸੋਚਣ।

ਸਮਾਗਮ ਦੇ ਪ੍ਰਬੰਧਕਾਂ ਦਾ ਕਹਿਣਾ ਹੈ ਕਿ ਉਹ ਅਮੋਲ ਪਾਲੇਕਰ ਦੇ ਬੋਲਣ ਦੀ ਆਜ਼ਾਦੀ 'ਤੇ ਰੋਕ ਨਹੀਂ ਸੀ ਲਾਉਣੀ ਚਾਹੁੰਦੇ, ਉਨ੍ਹਾਂ ਦੀ ਮਨਸ਼ਾ ਸਿਰਫ਼ ਇਹੀ ਸੀ ਕਿ ਇਹ ਸ਼ਾਮ ਪ੍ਰਭਾਕਰ ਬਾਰਵੇ ਦੇ ਨਾਮ ਹੈ ਤੇ ਉਸ ਬਾਰੇ ਹੀ ਗੱਲਬਾਤ ਹੋਣੀ ਚਾਹੀਦੀ ਹੈ। ਇੱਥੇ ਇਹ ਸਵਾਲ ਉੱਠਦਾ ਹੈ ਕਿ ਕੀ ਸਾਰੇ ਸਮਾਰੋਹਾਂ ਵਿੱਚ ਏਦਾਂ ਹੀ ਹੁੰਦਾ ਹੈ ? ਜਦੋਂ ਅਸੀਂ ਕਿਸੇ ਕਲਾਕਾਰ, ਲੇਖਕ ਜਾਂ ਚਿੰਤਕ ਨੂੰ ਯਾਦ ਕਰਨ ਲਈ ਜੁੜ ਬੈਠਦੇ ਹਾਂ ਤਾਂ ਕੀ ਸਿਰਫ਼ ਉਸ ਬਾਰੇ ਹੀ ਗੱਲ ਕਰਦੇ ਹਾਂ ? ਕੋਈ ਵੀ ਸਾਹਿਤਕਾਰ, ਦਾਨਿਸ਼ਵਰ ਜਾਂ ਚਿੱਤਰਕਾਰ ਆਪਣੇ ਤੱਕ ਸੀਮਤ ਨਹੀਂ ਹੁੰਦਾ। ਉਹ ਸਮਾਜ ਨਾਲ ਜੁੜਿਆ ਹੁੰਦਾ ਹੈ ਤੇ ਜਦੋਂ ਉਸ ਬਾਰੇ ਗੱਲ ਕਰਾਂਗੇ ਤਾਂ ਨਿਸ਼ਚੇ ਹੀ ਅਸੀਂ ਵੇਲੇ ਦੇ ਸਮਾਜਿਕ ਤੇ ਸਿਆਸੀ ਹਾਲਾਤ ਬਾਰੇ ਵੀ ਗੱਲ ਕਰਾਂਗੇ।

> ਉਹ ਇਹ ਨਹੀਂ ਕਹਿਣਗੇ ਕਿ
> ਉਸ ਸਮੇਂ ਹਨੇਰ੍ਹਾ ਸੀ
> ਉਹ ਪੁੱਛਣਗੇ
> ਕਿ ਉਸ ਸਮੇਂ ਦੇ ਕਵੀ
> ਚੁੱਪ ਕਿਉਂ ਸਨ ?
> **- ਬ੍ਰਤੋਲਤ ਬ੍ਰੈਖਤ**

ਇਹ ਕੋਈ ਪਹਿਲੀ ਘਟਨਾ ਨਹੀਂ ਹੈ। ਕਾਫੀ ਦੇਰ ਤੋਂ ਹਿੰਦੋਸਤਾਨ ਵਿੱਚ ਇਸ ਤਰ੍ਹਾਂ ਦੀ ਸੋਚ-ਸਮਝ ਦਾ ਸੰਚਾਰ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ ਕਿ ਕਿਸੇ ਨੂੰ ਵੀ ਸੱਤਾਧਾਰੀ ਪਾਰਟੀ ਤੇ ਉਸ ਦੀ ਵਿਚਾਰਧਾਰਾ ਨਾਲ ਅਸਹਿਮਤੀ ਜ਼ਾਹਿਰ ਨਹੀਂ ਕਰਨੀ ਚਾਹੀਦੀ। ਅਸਹਿਮਤੀ ਜ਼ਾਹਿਰ ਕਰਨ ਵਾਲਿਆਂ ਨੂੰ ਦੇਸ਼-ਧ੍ਰੋਹੀ, ਅਰਬਨ ਨਕਸਲਾਈਟ ਤੇ ਕਈ ਇਹੋ ਜਿਹੇ ਹੋਰ ਸ਼ਬਦਾਂ ਨਾਲ ਸੰਬੋਧਿਤ ਕੀਤਾ ਜਾਂਦਾ ਹੈ ਅਤੇ ਕਈਆਂ ਨੂੰ ਇਹ ਕਿਹਾ ਜਾਂਦਾ ਹੈ ਕਿ ਜੇ ਉਹ ਇਸ ਦੇਸ਼ ਵਿੱਚ ਖ਼ੁਸ਼ ਨਹੀਂ ਤਾਂ ਗੁਆਂਢੀ ਦੇਸ਼ ਚਲੇ ਜਾਣ। ਜਮਹੂਰੀ ਅਧਿਕਾਰਾਂ ਤੇ ਵਿਦਿਆਰਥੀ ਕਾਰਕੁੰਨਾਂ 'ਤੇ ਦੇਸ਼-ਧ੍ਰੋਹ ਦੇ ਮੁਕੱਦਮੇ ਦਰਜ ਕੀਤੇ ਗਏ ਹਨ। ਜਿਸ ਦੇਸ਼ ਵਿੱਚ ਬੋਲਣ ਦੀ ਆਜ਼ਾਦੀ 'ਤੇ ਪਾਬੰਦੀ ਲਾਉਣ ਦੇ ਯਤਨ ਕੀਤੇ ਜਾਣ ਜਾਂ ਇਹੋ ਜਿਹਾ ਮਾਹੌਲ ਪੈਦਾ ਕੀਤਾ ਜਾਏ ਜਿਸ ਵਿੱਚ ਸੱਤਾਧਾਰੀਆਂ ਨਾਲ ਅਸਹਿਮਤੀ ਰੱਖਣੀ ਮੁਸ਼ਕਿਲ ਬਣ ਜਾਏ, ਉਸ ਦੇਸ਼ ਦਾ ਬੌਧਿਕ ਵਿਕਾਸ ਹੋਣਾ ਬਹੁਤ ਮੁਸ਼ਕਿਲ ਹੈ। ਉਸ ਦਾ ਭਵਿੱਖ ਧੁੰਦਲਾ ਹੋਵੇਗਾ।

**- ਸਵਰਾਜਬੀਰ (ਸੰਪਾਦਕ ਪੰਜਾਬੀ ਟ੍ਰਿਬਿਊਨ)**

***ਸਫਾ 18 ਦਾ ਬਾਕੀ...***

ਸਿਰਜਿਆ ਢਾਂਚਾ ਨਹੀਂ, ਸਗੋਂ ਕੁਦਰਤੀ ਬਣਤਰ ਹਨ-ਦੇ ਬਾਵਜੂਦ ਇਹ ਕਹਿ ਕੇ ਵਿਰੋਧ ਜਾਰੀ ਰੱਖਿਆ ਕਿ ਇਹ ਚੱਟਾਨਾਂ ਭਗਵਾਨ ਰਾਮ ਵੱਲੋਂ ਸ੍ਰੀਲੰਕਾ ਉੱਪਰ ਚੜ੍ਹਾਈ ਸਮੇਂ ਉਸਾਰੇ ਗਏ ਰਾਮਸੇਤੂ ਪੁਲ ਦੇ ਅਵਸ਼ੇਸ ਹਨ। ਅਜਿਹੀ ਆਸਥਾ ਦਾ ਝਲਕਾਰਾ ਬਾਬਰੀ ਮਸਜਿਦ-ਰਾਮ ਮੰਦਰ ਦੇ ਮਸਲੇ ਵਿੱਚ ਵੀ ਦਿਖਾਈ ਦੇ ਰਿਹਾ ਹੈ।

ਇੰਨਾ ਹੀ ਨਹੀਂ, ਇਸ ਵਿਚਾਰਧਾਰਾ ਦੇ ਸਿਆਸੀ ਆਗੂਆਂ ਵੱਲੋਂ ਗਊ ਨੂੰ ਪੂਜਣਯੋਗ ਪਸ਼ੂ ਦਾ ਦਰਜਾ ਦੇ ਕੇ ਇਸ ਨੂੰ ਮਾਰਨ ਦੀ ਮਨਾਹੀ ਕੀਤੀ ਗਈ ਹੈ ਅਤੇ ਭਗਵਾਂ ਬ੍ਰਿਗੇਡ ਵੱਲੋਂ ਗਊ ਹੱਤਿਆ ਦੇ ਬਹਾਨੇ ਘੱਟ ਗਿਣਤੀ ਫਿਰਕੇ ਦੇ ਬੇ-ਕਸੂਰ ਲੋਕਾਂ ਦੀ ਹਜੂਮੀ ਹਿੰਸਾ ਦੁਆਰਾ ਹੱਤਿਆ ਤੱਕ ਕੀਤੀ ਜਾ ਰਹੀ ਹੈ। ਇਸ ਤੋਂ ਵੀ ਅੱਗੇ ਇਸ ਪਸ਼ੂ ਦੇ ਪਿਸ਼ਾਬ ਨੂੰ ਉੱਤਮ 'ਟਾਨਿਕ' ਤੇ 'ਦਵਾਈ' ਦੇ ਤੌਰ 'ਤੇ ਵਰਤਣ ਦਾ ਗੈਰ-ਵਿਗਿਆਨਕ ਪ੍ਰਚਾਰ ਕੀਤਾ ਜਾ ਰਿਹਾ ਹੈ। ਭਗਵਾਂ ਵਿਚਾਰਧਾਰਾ ਦੇ ਹਾਮੀਆਂ ਨੇ ਇਤਿਹਾਸ ਦੇ ਨਕਸ਼ ਵਿਗਾੜਨ ਦੀਆਂ ਕੋਸ਼ਿਸ਼ਾਂ ਵੀ ਲਗਾਤਾਰ ਜਾਰੀ ਰੱਖੀਆਂ ਹੋਈਆਂ ਹਨ। ਰਾਜਪੂਤ ਰਾਜੇ ਮਹਾਰਾਣਾ ਪ੍ਰਤਾਪ ਨੂੰ ਮਿਲੀਆਂ ਹਾਰਾਂ ਨੂੰ ਜਿੱਤਾਂ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਦੂਜੇ ਪਾਸੇ ਬਰਤਾਨਵੀ ਬਸਤੀਵਾਦੀਆਂ ਨਾਲ ਟੱਕਰ ਲੈਂਦੇ ਹੋਏ ਜਾਨ ਕੁਰਬਾਨ ਕਰਨ ਵਾਲੇ ਮੈਸੂਰ ਰਿਆਸਤ ਦੇ ਸ਼ਾਸਕ ਟੀਪੂ ਸੁਲਤਾਨ ਨੂੰ (ਮੁਸਲਮਾਨ ਹੋਣ ਕਰਕੇ) ਜ਼ਾਲਮ ਰਾਜੇ ਵਜੋਂ ਪ੍ਰਚਾਰਿਆ ਜਾ ਰਿਹਾ ਹੈ। ਇਸੇ ਤਰ੍ਹਾਂ ਅੰਡੇਮਾਨ ਨਿਕੋਬਾਰ (ਕਾਲੇ ਪਾਣੀ) ਦੇ ਟਾਪੂਆਂ ਉੱਪਰ ਸਥਿਤ ਸੈਲੂਲਰ ਜੇਲ੍ਹ ਵਿੱਚ ਅੰਤਾਂ ਦੇ ਤਸੀਹੇ ਝੱਲਣ ਵਾਲੇ ਪੰਜਾਬੀ ਤੇ ਬੰਗਾਲੀ ਦੇਸ਼ ਭਗਤਾਂ ਨੂੰ ਨਜ਼ਰਅੰਦਾਜ਼ ਕਰਕੇ ਇੱਕ ਅਜਿਹੇ ਸਖਸ਼ ਨੂੰ ਹੀਰੋ ਵਜੋਂ ਪ੍ਰਚਾਰਿਆ ਜਾ ਰਿਹਾ ਹੈ ਜਿਸ ਨੇ ਜੇਲ੍ਹ ਤੋਂ ਛੁਟਕਾਰਾ ਪਾਉਣ ਲਈ ਬਰਤਾਨਵੀ ਬਸਤੀਵਾਦੀ ਸਰਕਾਰ ਨੂੰ ਤਿੰਨ ਵਾਰ ਮੁਆਫੀਨਾਮਾ ਲਿਖ ਕੇ ਦਿੱਤਾ।

ਉਪਰੋਕਤ ਤੱਥ ਤਾਂ ਭਗਵਾਂ ਵਿਚਾਰਧਾਰਕਾਂ ਵੱਲੋਂ ਪਕਾਈ ਜਾ ਰਹੀ ਖਿਚੜੀ ਦੇ ਕੁੱਝ ਦਾਣੇ ਹੀ ਹਨ। ਇਸ ਤੋਂ ਬਿਨ੍ਹਾਂ ਵੀ ਬਹੁਤ ਕੁੱਝ ਹੋ ਰਿਹਾ ਹੈ। ਤਰਕ ਤੇ ਵਿਗਿਆਨਕ ਵਿਚਾਰਾਂ ਨੂੰ ਪ੍ਰਣਾਏ ਬੁੱਧੀਜੀਵੀਆਂ ਤੇ ਲੋਕਾਂ ਦੇ ਸਿਰ ਜ਼ਿੰਮੇਵਾਰੀ ਹੈ ਕਿ ਉਹ ਗੈਰ-ਵਿਗਿਆਨਕ ਵਿਚਾਰਾਂ ਦੇ ਧੁੰਦਲਕੇ ਵਿੱਚੋਂ ਵਿਗਿਆਨਕ ਸੱਚ ਨੂੰ ਸਾਹਮਣੇ ਲਿਆਉਣ। ਵਿਗਿਆਨ ਕਿਸੇ ਤਰਕਹੀਣ ਆਸਥਾ ਦਾ ਮੁਥਾਜ ਨਹੀਂ ਹੈ ਬਲਕਿ ਇਹ ਤਾਂ ਵਾਰ-ਵਾਰ ਪਰਖ ਰਾਹੀਂ ਮਿਲੇ ਸਬੂਤਾਂ 'ਤੇ ਅਧਾਰਿਤ ਗਿਆਨ ਦੀ ਜਗਦੀ ਜੋਤ ਹੈ ਜਿਸ ਨੂੰ ਜਗਾਈ ਰੱਖਣਾ ਵਿਗਿਆਨਕ ਵਿਚਾਰਾਂ ਦੇ ਹਰ ਦਾਅਵੇਦਾਰ ਦਾ ਫਰਜ਼ ਹੈ।

**98556-56156**

*ਚਿੰਤਨ*

# ਦੋ ਦ੍ਰਿਸ਼ਟੀਕੋਣ



ਗੁਰਮੇਲ ਲੁਧਿਆਣਾ

ਅਸੀਂ ਇਸ ਲੇਖ ਵਿੱਚ ਬ੍ਰਹਿਮੰਡ ਦੇ ਬਣਨ, ਇਸ ਦੇ ਚੱਲਣ, ਜੀਵ ਦੀ ਉਤਪਤੀ, ਸਮਾਜਿਕ ਵਿਕਾਸ, ਹੋਰ ਕੁਦਰਤੀ, ਆਰਥਿਕ ਤੇ ਰਾਜਨੀਤਕ ਵਰਤਾਰਿਆਂ ਨੂੰ ਸਮਝਣ ਲਈ ਅਪਣਾਏ ਜਾਂਦੇ ਦ੍ਰਿਸ਼ਟੀਕੋਣਾਂ ਬਾਰੇ ਗੱਲ ਕਰਾਂਗੇ। ਪਹਿਲਾ ਦ੍ਰਿਸ਼ਟੀਕੋਣ ਜਾਂ ਫਲਸਫ਼ਾ ਹੈ ਵਿਚਾਰਵਾਦੀ ਫਲਸਫ਼ਾ ਜਿਹੜਾ ਇਨ੍ਹਾਂ ਦੀ ਵਿਆਖਿਆ ਇਸ ਤਰ੍ਹਾਂ ਕਰਦਾ ਹੈ ਕਿ ਚੇਤਨਾ ਯਾਨੀ ਕਿ ਇੱਕ 'ਸਰਬਸ਼ਕਤੀਮਾਨ' ਭਾਵ 'ਰੱਬ' ਪਹਿਲਾਂ ਹੀ ਮੌਜੂਦ ਸੀ ਜਿਸ ਨੇ ਇਸ ਬ੍ਰਹਿਮੰਡ ਤੇ ਸਾਰੀ ਕਾਇਨਾਤ ਨੂੰ ਬਣਾਇਆ ਹੈ। ਸੂਰਜ, ਚੰਦ, ਧਰਤੀ, ਤਾਰੇ ਵਗੈਰਾ ਸਾਰੀਆਂ ਪੁਲਾੜੀ ਵਸਤਾਂ ਉਸ ਦੇ ਹੁਕਮ ਨਾਲ ਹੀ ਚੱਲ ਰਹੀਆਂ ਹਨ। ਧਰਤੀ 'ਤੇ ਹਰ ਤਰ੍ਹਾਂ ਦਾ ਜੀਵ-ਜੰਤੂ, ਪੇੜ, ਪੌਦੇ, ਬਨਸਪਤੀ ਆਦਿ ਸਭ ਉਸ ਦੇ ਪੈਦਾ ਕੀਤੇ ਹੋਏ ਹਨ। ਅਮੀਰੀ-ਗਰੀਬੀ, ਭੁੱਖਮਰੀ, ਬਿਮਾਰੀਆਂ, ਕੁਦਰਤੀ ਆਫਤਾਂ, ਜਨਮ-ਮੌਤ, ਜੰਗਾਂ ਵਗੈਰਾ ਸਭ ਕੁੱਝ ਉਸਦੀ ਮਰਜ਼ੀ ਨਾਲ ਹੋ ਰਿਹਾ ਹੈ, ਯਾਨੀ ਕਿ ਉਸ ਦੇ ਹੁਕਮ ਤੋਂ ਬਿਨ੍ਹਾਂ ਪੱਤਾ ਨਹੀਂ ਹਿੱਲਦਾ। ਜਦੋਂ ਇਸ 'ਸਰਬਸ਼ਕਤੀਮਾਨ' ਦਾ ਕੋਈ ਸਬੂਤ ਮੰਗਿਆ ਜਾਂਦਾ ਹੈ ਤਾਂ ਇਸ ਦਾ ਜਵਾਬ ਇਹ ਹੁੰਦਾ ਹੈ ਕਿ ਸਾਡੇ ਵੱਡੇ-ਵਡੇਰਿਆਂ ਜਾਂ ਧਾਰਮਿਕ ਗੁਰੂਆਂ ਜਾਂ ਫਲਾਣੇ ਪੀਰ-ਪੈਗੰਬਰ ਨੇ ਇਸ ਤਰ੍ਹਾਂ ਕਿਹਾ ਸੀ ਤੇ ਉਹ ਗਲਤ ਗੱਲ ਨਹੀਂ ਕਰ ਸਕਦੇ ਤੇ ਸਾਨੂੰ ਉਨ੍ਹਾਂ ਦੀ ਸੋਚ, ਦਲੀਲ ਜਾਂ ਲਿਖਤਾਂ 'ਤੇ ਕਿੰਤੂ ਕਰਨ ਦਾ ਕੋਈ ਹੱਕ ਨਹੀਂ। ਜਾਂ ਕਿ ਇਹ ਕਿਸੇ ਧਾਰਮਿਕ ਗ੍ਰੰਥ ਵਿੱਚ ਲਿਖਿਆ ਹੈ ਤੇ ਇਸ ਗ੍ਰੰਥ ਨੂੰ ਰਚਣ ਵਾਲੇ ਗੁਰੂ ਜਾਂ ਪੀਰ-ਪੈਗੰਬਰ ਨੂੰ ਇਹ ਰੱਬੀ ਬਾਣੀ ਹੋਈ ਸੀ ਜਾਂ ਅਲਹਾਮ ਹੋਇਆ ਸੀ। ਇਸ ਲਈ ਇਹ ਅਟੱਲ ਤੇ ਸਦੀਵੀਂ ਹੈ। ਸੈਂਕੜੇ ਸਾਲਾਂ ਤੱਕ ਇਸ ਵਿਚਾਰਧਾਰਾ 'ਤੇ ਕਿੰਤੂ ਕਰਨ ਵਾਲੇ ਲੱਖਾਂ ਵਿਦਵਾਨਾਂ ਤੇ ਬੁੱਧੀਜੀਵੀਆਂ ਨੂੰ ਧਾਰਮਿਕ ਆਗੂਆਂ ਵੱਲੋਂ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਇਹ ਫਲਸਫ਼ਾ ਕਿਸੇ 'ਸਰਬਸ਼ਕਤੀਮਾਨ' ਦੀ ਕੋਰੀ ਕਲਪਨਾ 'ਤੇ ਅਧਾਰਤ ਹੈ। ਇਸ ਦੇ ਜਵਾਬ ਵਿੱਚ ਇਹੀ ਕਿਹਾ ਜਾਂਦਾ ਹੈ ਕਿ ਹਰ ਵਸਤੂ ਦਾ ਕੋਈ ਕਰਤਾ (ਸਿਰਜਣਹਾਰ) ਹੁੰਦਾ ਹੈ। ਇਸ ਲਈ ਇਸ ਦੁਨੀਆਂ ਦਾ ਕਰਤਾ ਵੀ ਕੋਈ ਹੈ ਤੇ ਉਹ ਰੱਬ ਹੈ। ਜਦੋਂ ਇਹ ਸਵਾਲ ਕੀਤਾ ਜਾਂਦਾ ਹੈ ਕਿ ਜੇ ਹਰ ਚੀਜ਼ ਦਾ ਕੋਈ ਕਰਤਾ ਹੈ ਤਾਂ ਫਿਰ ਰੱਬ ਦਾ ਵੀ ਕੋਈ ਕਰਤਾ ਹੋਵੇਗਾ ਤਾਂ ਕੋਈ ਜਵਾਬ ਨਹੀਂ ਮਿਲਦਾ।

ਜਦੋਂ ਗਰੀਬੀ-ਅਮੀਰੀ ਦੀ ਗੱਲ ਕੀਤੀ ਜਾਂਦੀ ਹੈ ਤਾਂ ਜਵਾਬ ਮਿਲਦਾ ਹੈ ਕਿ ਇਹ ਆਦਮੀ ਦੀ ਆਪਣੀ ਕਿਸਮਤ ਹੈ ਤੇ ਪਿਛਲੇ ਜਨਮਾਂ ਦੇ ਕਰਮਾਂ ਦਾ ਫ਼ਲ ਹੈ। ਜਦੋਂ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਜਦੋਂ 'ਉਸਦੇ' ਹੁਕਮ ਤੋਂ ਬਿਨ੍ਹਾਂ ਪੱਤਾ ਨਹੀਂ ਹਿੱਲਦਾ ਤਾਂ ਸਾਡੇ 'ਮਾੜੇ ਕਰਮ' ਵੀ ਉਸਦੀ ਮਰਜ਼ੀ ਨਾਲ ਹੀ ਹੋਏ ਹਨ, ਫਿਰ ਉਸਦੀ ਸਜ਼ਾ ਸਾਨੂੰ ਕਿਉਂ? ਇਸ ਸਵਾਲ ਦਾ ਵੀ ਕੋਈ ਜਵਾਬ ਨਹੀਂ। ਸਮਾਜ ਦੇ ਵਿਕਾਸ ਦਾ ਇਤਿਹਾਸ ਵੀ ਇਸ ਫਲਸਫ਼ੇ ਦੇ ਪੈਰੋਕਾਰਾਂ ਵੱਲੋਂ ਤਰ੍ਹਾਂ-ਤਰ੍ਹਾਂ ਦੀਆਂ ਕਰਾਮਾਤਾਂ, ਕਲਪਨਾਵਾਂ ਜੋੜ ਕੇ ਮਿਥਿਹਾਸ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਇਹ ਫਲਸਫ਼ਾ ਆਤਮਾ, ਨਰਕਾਂ ਵਿੱਚ ਤੇਲ ਦੇ ਉੱਬਲਦੇ ਕੜਾਹੇ, ਸਵਰਗ ਲੋਕ ਦੀਆਂ ਪਰੀਆਂ, 84 ਲੱਖ ਜੂਨਾਂ, ਧਰਮਰਾਜ, ਯਮਦੂਤ ਤੇ ਮੁਕਤੀ ਵਰਗੀਆਂ ਅਨੇਕਾਂ ਕਲਪਨਾਵਾਂ ਨਾਲ ਭਰਿਆ ਪਿਆ ਹੈ। ਜੋਤਿਸ਼ੀ, ਤਾਂਤਰਿਕ, ਨਗ ਵੇਚਣ ਵਾਲੇ, ਟੂਣਾ ਕਰਨ ਵਾਲੇ, ਕਾਲੇ, ਚਿੱਟੇ ਤੇ ਭਗਵੇਂ ਚੋਲਿਆਂ ਵਾਲੇ ਆਦਿ, ਲੋਕਾਂ ਦਾ ਰੱਤ ਚੂਸਣ ਵਾਲੇ ਪਰਜੀਵੀ ਸਾਰੇ ਇਸ ਫਲਸਫ਼ੇ ਦੀ ਕੁੱਖ ਵਿੱਚੋਂ ਹੀ ਪੈਦਾ ਹੋਏ ਹਨ। ਤਰ੍ਹਾਂ-ਤਰ੍ਹਾਂ ਦੇ ਅੰਧ-ਵਿਸ਼ਵਾਸਾਂ ਤੇ ਗੈਰ-ਵਿਗਿਆਨਕ ਵਿਸ਼ਵਾਸਾਂ ਵਰਗਾ ਕੂੜਾ ਵੀ ਇਸੇ ਫਲਸਫ਼ੇ ਦੀ ਦੇਣ ਹੈ। ਸਾਰੇ ਧਰਮ ਗ੍ਰੰਥ ਇਸੇ ਫਲਸਫ਼ੇ ਨੂੰ ਅਧਾਰ ਬਣਾ ਕੇ ਰਚੇ ਗਏ ਹਨ। ਇਹ ਸਾਡਾ ਅਤੀਤ ਹਨ ਤੇ ਅੱਜ ਤੋਂ ਕਈ ਸੈਂਕੜੇ ਜਾਂ ਹਜ਼ਾਰਾਂ ਸਾਲ ਪਹਿਲਾਂ ਲਿਖੇ ਗਏ ਅਤੇ ਸਾਡੇ ਸਮਾਜ ਜਾਂ ਸਾਡੀ ਸੱਭਿਅਤਾ ਦੇ ਉਸ ਵਕਤ ਦੇ ਪੜਾਅ ਦਾ ਪ੍ਰਤੀਬਿੰਬ ਹਨ। ਅਸੀਂ ਇਸ ਤੋਂ ਮੁਨਕਰ ਨਹੀਂ ਹੋ ਸਕਦੇ ਪਰ ਕੋਈ ਵੀ ਵਿਚਾਰ ਸਦੀਵੀਂ ਨਹੀਂ ਹੋ ਸਕਦਾ ਤੇ ਸਮੇਂ ਨਾਲ ਗੈਰ-ਪ੍ਰਸੰਗਿਕ ਹੋ ਜਾਂਦਾ ਹੈ। ਇਸੇ ਤਰ੍ਹਾਂ ਇਨ੍ਹਾਂ ਧਰਮ ਗ੍ਰੰਥਾਂ ਵਿੱਚ ਲਿਖਿਆ ਬਹੁਤ ਕੁੱਝ ਗੈਰ-ਪ੍ਰਸੰਗਿਕ ਹੋ ਚੁੱਕਾ ਹੈ ਕਿਉਂਕਿ ਇਹ ਅੱਜ ਦੇ ਵਿਗਿਆਨਕ ਯੁੱਗ ਦੇ ਮਾਪਦੰਡਾਂ 'ਤੇ ਖਰਾ ਨਹੀਂ ਉੱਤਰਦਾ ਤੇ ਨਾ ਹੀ ਇਸ ਫਲਸਫ਼ੇ ਕੋਲ ਇਨ੍ਹਾਂ ਸਮਾਜਿਕ ਤੇ ਕੁਦਰਤੀ ਵਰਤਾਰਿਆਂ ਦੇ ਕੋਈ ਵਿਗਿਆਨਕ ਸਬੂਤ ਹਨ। ਜਿਸ ਤਰ੍ਹਾਂ ਬੱਚੇ ਨੂੰ ਬਚਪਨ ਵਿੱਚ ਪਿਤਾ ਦੀ ਉਂਗਲ ਦੀ ਲੋੜ ਹੁੰਦੀ ਹੈ, ਉਸੇ ਤਰ੍ਹਾਂ ਜਦੋਂ ਸਾਡੀ ਸਭਿਅਤਾ ਬਚਪਨੇ ਦੇ ਦੌਰ ਵਿੱਚੋਂ ਲੰਘ ਰਹੀ ਸੀ ਤਾਂ ਉਸ ਨੂੰ ਇਨ੍ਹਾਂ ਕਲਪਨਾਵਾਂ ਦੀ ਉਂਗਲ ਫੜਨ ਦੀ ਇਤਿਹਾਸਕ ਜ਼ਰੂਰਤ ਸੀ। ਪਰ ਅੱਜ ਸਾਡੀ

ਸਭਿਅਤਾ ਜਵਾਨ ਹੋ ਕੇ ਵਿਗਿਆਨਕ ਯੁੱਗ ਵਿੱਚ ਦਾਖਲ ਹੈ ਤੇ ਆਪਣੇ ਪੈਰਾਂ 'ਤੇ ਖੜ੍ਹਨ ਦੇ ਸਮਰੱਥ ਹੈ, ਇਸ ਲਈ ਅੱਜ ਇਸ ਨੂੰ ਇਸ ਉਂਗਲ ਦੀ ਲੋੜ ਨਹੀਂ।

ਦੂਸਰਾ ਹੈ ਪਦਾਰਥਵਾਦੀ ਫਲਸਫ਼ਾ ਜੋ ਇੱਕ ਵਿਗਿਆਨਕ ਵਿਚਾਰਧਾਰਾ ਹੈ, ਜਿਸ ਅਨੁਸਾਰ ਪਦਾਰਥ (ਮਾਦੇ) ਤੋਂ ਬਿਨ੍ਹਾਂ ਚੇਤਨਾ ਹੋ ਹੀ ਨਹੀਂ ਸਕਦੀ। ਮਾਦਾ ਸਦੀਵੀ ਹੈ ਤੇ ਸਿਰਫ ਰੂਪ ਬਦਲਦਾ ਹੈ ਤੇ ਚੇਤਨਾ ਉਸ ਵਿੱਚੋਂ ਪੈਦਾ ਹੁੰਦੀ ਹੈ। ਇਹ ਫਲਸਫ਼ਾ ਉੱਪਰ ਦੱਸੇ ਸਾਰੇ ਵਰਤਾਰਿਆਂ ਦੀ ਵਿਆਖਿਆ ਵਿਗਿਆਨ ਦੇ ਨਿਯਮਾਂ ਅਨੁਸਾਰ ਕਰਦਾ ਹੈ। ਜਿਸ ਅਨੁਸਾਰ ਬ੍ਰਹਿਮੰਡ ਦੀ ਉਤਪਤੀ ਉਦੋਂ ਹੋਈ ਜਦੋਂ ਭੌਤਿਕ ਹਾਲਤਾਂ ਉਸ ਅਨੁਕੂਲ ਬਣੀਆਂ ਤੇ ਬ੍ਰਹਿਮੰਡ 13.72 ਅਰਬ ਸਾਲ ਪਹਿਲਾਂ ਹੋਂਦ ਵਿੱਚ ਆਇਆ ਤੇ ਉਦੋਂ ਤੋਂ ਹੁਣ ਤੱਕ ਲਗਾਤਾਰ ਫੈਲ ਰਿਹਾ ਹੈ। ਸਾਡੇ ਗ੍ਰਹਿ ਤੇ ਜ਼ਿੰਦਗੀ ਤੇ ਸਾਰੀ ਕਾਇਨਾਤ ਵੀ ਭੌਤਿਕ ਹਾਲਤਾਂ ਵਿੱਚੋਂ ਇੱਕ ਸ਼ੁੱਧ ਰਸਾਇਣਕ ਕਿਰਿਆ ਨਾਲ ਪੈਦਾ ਹੋਈ ਤੇ ਰਾਤੋ-ਰਾਤ ਅੱਜ ਵਾਲੇ ਪੜਾਅ 'ਤੇ ਨਹੀਂ ਪਹੁੰਚੀ ਸਗੋਂ ਇਹ ਅਰਬਾਂ ਸਾਲਾਂ ਦੇ ਵਿਕਾਸ ਦਾ ਨਤੀਜਾ ਹੈ। ਇਹ ਸਾਰਾ ਵਿਕਾਸ ਵਿਰੋਧ ਵਿੱਚੋਂ ਪੈਦਾ ਹੋਇਆ ਹੈ। ਪੁਲਾੜ ਦੀਆਂ ਸਾਰੀਆਂ ਵਸਤਾਂ ਵਿਗਿਆਨ ਦੇ ਨਿਯਮਾਂ (ਗਤੀ ਤੇ ਗਰੂਤਾ ਦੇ ਸਮਤੋਲ ਦਾ ਨਿਯਮ) ਅਨੁਸਾਰ ਹੀ ਘੁੰਮ ਰਹੀਆਂ ਹਨ। ਮਨੁੱਖੀ ਸਮਾਜ ਵੀ ਮੁਢਲੇ ਕਬੀਲਿਆਂ ਤੋਂ ਗੁਲਾਮੀ, ਰਜਵਾੜਾਸ਼ਾਹੀ/ਜਗੀਰਦਾਰੀ ਦੇ ਦੌਰ ਵਿੱਚੋਂ ਗੁਜ਼ਰਦਾ ਅੱਜ ਦੇ ਸਰਮਾਏਦਾਰੀ ਯੁੱਗ ਤੱਕ ਵੀ ਸਮਾਜਿਕ ਵਿਗਿਆਨ ਦੇ ਨਿਯਮਾਂ ਅਨੁਸਾਰ ਹੀ ਪਹੁੰਚਿਆ। ਇਹ ਇਸੇ ਤਰ੍ਹਾਂ ਹੀ ਵਾਪਰਨਾ ਸੀ। ਕੋਈ ਵੀ 'ਸਰਬਸ਼ਕਤੀਮਾਨ' ਇਸ ਨੂੰ ਕੋਈ ਹੋਰ ਰੂਪ ਨਹੀਂ ਦੇ ਸਕਦਾ ਸੀ। ਹਰ ਵਰਤਾਰੇ ਦੇ ਵਿਗਿਆਨਕ ਸਬੂਤ ਮੌਜੂਦ ਹਨ। ਗਰੀਬੀ, ਕੰਗਾਲੀ ਤੇ ਭੁੱਖਮਰੀ, ਵੇਸ਼ਵਾਗਮਨੀ ਜਿਹੀਆਂ ਅਲਾਮਤਾਂ ਪਿੱਛੇ ਵੀ ਵਿਗਿਆਨਕ ਕਾਰਨ ਮੌਜੂਦ ਹਨ ਜਿਨ੍ਹਾਂ ਅਨੁਸਾਰ ਕੋਈ ਕਿਸਮਤ ਨਹੀਂ, ਸਗੋਂ ਪੈਦਾਵਾਰ ਦੇ ਸਾਧਨਾਂ ਦੇ ਕੁੱਝ ਲੋਕਾਂ ਦੇ ਹੱਥਾਂ ਵਿੱਚ ਚਲੇ ਜਾਣ ਨਾਲ ਦੌਲਤ ਦਾ ਅਸਾਵਾਂਪਣ ਹੀ ਇਨ੍ਹਾਂ ਅਲਾਮਤਾਂ ਦਾ ਅਸਲ ਕਾਰਨ ਹੈ। ਇਸੇ ਕਰਕੇ ਇੱਕ ਪਾਸੇ ਤਾਂ ਅਨਾਜ ਗੁਦਾਮਾਂ ਵਿੱਚ ਪਿਆ ਸੜ ਰਿਹਾ ਹੈ ਤੇ ਦੂਜੇ ਪਾਸੇ ਅਰਬਾਂ ਲੋਕ ਭੁੱਖਮਰੀ ਤੇ ਕੰਗਾਲੀ ਦਾ ਸ਼ਿਕਾਰ ਹਨ। ਇੱਕ ਪਾਸੇ ਕੁੱਝ ਲੋਕਾਂ ਦੇ ਛੋਟੇ-ਛੋਟੇ ਪਰਿਵਾਰ ਬਹੁ-ਮੰਜ਼ਲੇ ਘਰਾਂ ਵਿੱਚ ਰਹਿ ਰਹੇ ਹਨ ਤੇ ਦੂਜੇ ਪਾਸੇ ਕਰੋੜਾਂ-ਕਰੋੜ ਲੋਕ ਬੇ-ਘਰੇ ਹਨ ਜਾਂ ਝੁੱਗੀਆਂ-ਝੌਂਪੜੀਆਂ ਵਿੱਚ ਗੈਰ-ਮਨੁੱਖੀ ਹਾਲਤਾਂ ਵਿੱਚ ਰਹਿ ਰਹੇ ਹਨ।

ਅਧਿਆਤਮਵਾਦ ਜਿਸ ਬਾਰੇ ਅਸੀਂ ਰੋਜ਼ 'ਮਹਾਂ-ਪੁਰਸ਼ਾਂ' ਦੇ ਪ੍ਰਵਚਨ ਸੁਣਦੇ ਹਾਂ ਵਿਚਾਰਵਾਦ ਨੂੰ ਲਾਗੂ ਕਰਨ ਦੀ ਇੱਕ ਵਿਧੀ ਹੈ। ਅਸੀਂ ਦੇਖਦੇ ਹਾਂ ਕਿ ਜਿੱਥੇ ਅਧਿਆਤਮਵਾਦੀ ਜਾਂ ਵਿਚਾਰਵਾਦੀ ਫਲਸਫ਼ਾ ਕਲਪਨਾ 'ਤੇ ਅਧਾਰਿਤ ਗੈਰ-ਵਿਗਿਆਨਕ ਫਲਸਫ਼ਾ ਹੈ, ਉੱਥੇ ਪਦਾਰਥਵਾਦੀ ਫਲਸਫ਼ਾ ਇੱਕ ਵਿਗਿਆਨਕ ਫਲਸਫ਼ਾ ਹੈ। ਅਧਿਆਤਮਵਾਦੀ ਫਲਸਫ਼ਾ ਇੱਕ ਭਰਮ ਜਾਲ ਹੈ ਤੇ ਵਿਗਿਆਨਕ ਫਲਸਫ਼ਾ ਇੱਕ ਹਕੀਕਤ ਹੈ। ਅਧਿਆਤਮਵਾਦੀ ਫਲਸਫ਼ਾ ਮੀਲ ਪੱਥਰ ਨੂੰ ਜੱਫੀ ਪਾ ਕੇ ਚਿੰਬੜਨ ਵਾਂਗ ਹੈ ਤੇ ਪਦਾਰਥਵਾਦੀ ਫਲਸਫ਼ਾ ਗਿਆਨ ਦੇ ਰਾਹ 'ਤੇ ਰੋਜ਼ ਨਵੀਆਂ ਮੰਜ਼ਿਲਾਂ ਸਰ ਕਰਨ ਵਾਲਾ ਸਿਧਾਂਤ ਹੈ। ਅਧਿਆਤਮਵਾਦੀ ਫਲਸਫ਼ਾ ਮਨੁੱਖ ਦੀਆਂ ਭੌਤਿਕ ਲੋੜਾਂ ਨੂੰ ਪੂਰਾ ਕਰਨ ਤੇ ਭੌਤਿਕ ਮੁਸ਼ਕਿਲਾਂ ਨੂੰ ਹੱਲ ਕਰਨ ਦਾ ਰਸਤਾ ਪੂਜਾ-ਪਾਠ ਤੇ ਹੋਰ ਕਰਮ-ਕਾਂਡ ਦੱਸਦਾ ਹੈ ਤੇ ਪਦਾਰਥਵਾਦੀ ਫਲਸਫ਼ਾ ਇਨ੍ਹਾਂ ਦੇ ਵਿਗਿਆਨਕ ਹੱਲ ਦੱਸਦਾ ਹੈ ਤੇ ਕਰਦਾ ਹੈ। ਅਧਿਆਤਮਵਾਦੀ ਫਲਸਫ਼ਾ ਮਨੁੱਖ ਨੂੰ ਕਰਮਹੀਣ ਤੇ ਸੰਘਰਸ਼ਹੀਣ ਬਣਾਉਂਦਾ ਹੈ, ਇਸ ਲਈ ਰਾਜ ਕਰਦੀਆਂ ਤੇ ਮਜ਼ਦੂਰ ਦੀ ਕਿਰਤ ਹੜੱਪਣ ਵਾਲੀਆਂ ਤਾਕਤਾਂ ਦੇ ਹੱਕ ਵਿੱਚ ਖੜ੍ਹਦਾ ਹੈ ਜਦੋਂ ਕਿ ਪਦਾਰਥਵਾਦੀ ਫਲਸਫ਼ਾ ਉਸ ਨੂੰ ਸੰਘਰਸ਼ਸ਼ੀਲ ਬਣਾਉਂਦਾ ਹੈ ਤੇ ਆਪਣੀ ਕਿਸਮਤ ਆਪ ਸਿਰਜਣ ਲਈ ਪ੍ਰੇਰਦਾ ਹੈ। ਇਸ ਲਈ ਇਹ ਕਿਰਤੀ ਜਮਾਤ ਦਾ ਫਲਸਫ਼ਾ ਹੈ। ਅਧਿਆਤਮਵਾਦੀ ਫਲਸਫ਼ਾ ਨਿੱਜ ਦਾ ਫਲਸਫ਼ਾ ਹੈ ਤੇ ਪਦਾਰਥਵਾਦੀ ਫਲਸਫ਼ਾ ਸਮੂਹ ਦਾ ਫਲਸਫ਼ਾ ਹੈ। ਸੋ ਇੱਕ ਪਾਸੇ ਬਿਨ੍ਹਾਂ ਸਬੂਤਾਂ ਤੋਂ ਕੋਰੀ ਕਲਪਨਾ ਹੈ ਤੇ ਦੂਸਰੇ ਪਾਸੇ ਹੈ ਵਿਗਿਆਨਕ ਸਬੂਤਾਂ ਤੇ ਪਰਖਾਂ 'ਤੇ ਅਧਾਰਿਤ ਹਰ ਵਰਤਾਰੇ ਦੀ ਵਿਆਖਿਆ। ਇਹ ਹਨ ਸਾਰੇ ਸਮਾਜਿਕ ਤੇ ਕੁਦਰਤੀ ਵਰਤਾਰਿਆਂ ਨੂੰ ਸਮਝਣ ਲਈ ਅਪਣਾਏ ਜਾਂਦੇ ਦੋ ਵੱਖਰੇ-ਵੱਖਰੇ ਦ੍ਰਿਸ਼ਟੀਕੋਣ।

ਸਾਰੇ ਧਾਰਮਿਕ ਗ੍ਰੰਥ ਅਧਿਆਤਮਵਾਦੀ ਫਲਸਫ਼ੇ ਦੀ ਪੈਦਾਇਸ਼ ਤੇ ਪ੍ਰਚਾਰਕ ਹਨ। ਇਹ ਕਿਸੇ ਨੂੰ ਥੋੜ੍ਹੀ ਦੇਰ ਲਈ ਝੂਠੀ ਤਸੱਲੀ ਤਾਂ ਦੇ ਸਕਦੇ ਹਨ ਪਰ ਕਿਸੇ ਦੀ ਭੌਤਿਕ ਮੁਸ਼ਕਿਲ ਦਾ ਕੋਈ ਹੱਲ ਨਹੀਂ ਕਰ ਸਕਦੇ ਕਿਉਂਕਿ ਅੱਜ ਤੱਕ ਮਨੁੱਖ ਦੀ ਲੋੜ ਲਈ ਵਰਤੀ ਜਾਂਦੀ ਕੋਈ ਵੀ ਚੀਜ਼ ਅਧਿਆਤਮਿਕ ਅਮਲ ਨਾਲ ਹੋਂਦ ਵਿੱਚ ਨਹੀਂ ਆਈ, ਸਗੋਂ ਮਨੁੱਖ ਨੇ ਆਪਣੇ ਅਮਲ ਵਿੱਚੋਂ ਹਾਸਲ ਕੀਤੇ ਗਿਆਨ ਨਾਲ ਹੀ ਪੈਦਾ ਕੀਤੀ ਹੈ।

**ਸਕੱਤਰ ਤਰਕਸ਼ੀਲ ਕਲਚਰਲ ਸੁਸਾਇਟੀ ਆਫ ਕੈਨੇਡਾ।**

---

ਜਦੋਂ ਬੰਦਾ ਧਰਮ ਤੋਂ ਆਜ਼ਾਦ ਹੋ ਜਾਂਦਾ ਹੈ ਤਾਂ ਉਸ ਦੇ ਇੱਕ ਸਾਵੀਂ ਪੱਧਰੀ ਤੇ ਭਰਪੂਰ ਜ਼ਿੰਦਗੀ ਮਾਨਣ ਦੇ ਮੌਕੇ ਵੱਧ ਜਾਂਦੇ ਹਨ। ***ਸਿਗਮੰਡ ਫਰਾਇਡ***



# ਬਾਲ ਪੰਨਾ

## ਬਿੱਲੀਆਂ ਤੇ ਭਰਮ

-ਬੂਟਾ ਸਿੰਘ ਵਾਕਫ਼

ਅਸੀਂ ਤਕਨੀਕ ਦੇ ਯੁੱਗ ਦੇ ਵਾਸੀ ਹਾਂ। ਬਹੁ ਗਿਣਤੀ ਪੜ੍ਹਿਆਂ ਲਿਖਿਆ ਦੀ ਹੋ ਰਹੀ ਹੈ। ਇਸ ਦੇ ਬਾਵਜੂਦ ਵੀ ਸੰਸਾਰ ਦੇ ਅਨੇਕਾਂ ਭਾਗਾਂ ਚ ਵੱਖ ਵੱਖ ਕਿਸਮ ਦੇ ਵਹਿਮ ਭਰਮ ਪਾਲੇ ਜਾ ਰਹੇ ਹਨ। ਇਸੇ ਲੜੀ ਵਿਚ ਬਿੱਲੀਆਂ ਸਬੰਧੀ ਵਹਿਮ ਭਰਮ ਵੀ ਪਾਏ ਜਾ ਰਹੇ ਹਨ। ਬਿੱਲੀ ਦੁਆਰਾ ਰਸਤਾ ਕੱਟਣਾ ਮਾੜਾ ਸਮਝਿਆ ਜਾਂਦਾ ਹੈ। ਕਾਲੀ ਬਿੱਲੀ ਨੂੰ ਤਾਂ ਬਹੁਤ ਅਸ਼ੁਭ ਮੰਨਿਆ ਜਾਂਦਾ ਹੈ। ਕਾਲੇ ਰੰਗ ਦੀਆਂ ਬਿੱਲੀਆਂ ਦੀਆਂ 22 ਨਸਲਾਂ ਹਨ ਜਿਨ੍ਹਾਂ ਵਿਚੋਂ ਬੰਬੇ ਨਸਲ ਦੀ ਬਿੱਲੀ ਸਭ ਤੋਂ ਪ੍ਰਸਿੱਧ ਹੈ। ਕੁਝ ਦੇਸ਼ਾਂ ਚ ਬਿੱਲੀਆਂ ਸਬੰਧੀ ਪਾਏ ਜਾਣ ਵਾਲੇ ਵਿਸ਼ਵਾਸ/ਅਵਿਸ਼ਵਾਸ ਇਸ ਪ੍ਰਕਾਰ ਹਨ :



**ਪ੍ਰਾਚੀਨ ਮਿਸਰ ਦੀ ਧਾਰਨਾ** : ਪ੍ਰਾਚੀਨ ਮਿਸਰ ਦੇ ਲੋਕ ਬਿੱਲੀ ਦੀ ਉਪਾਸਨਾ ਕਰਦੇ ਸਨ। ਉਹ ਲੋਕ ਬਿੱਲੀ ਦੇ ਸਿਰ ਵਾਲੀ 'ਬਾਸਟੇਟ' ਨਾਂ ਦੀ ਦੇਵੀ ਦੀ ਪੂਜਾ ਕਰਦੇ ਸਨ। ਕਿਸਾਨਾਂ ਲਈ ਬਿੱਲੀਆਂ ਬੇਹੱਦ ਲਾਹੇਵੰਦ ਸਾਬਤ ਹੁੰਦੀਆਂ ਸਨ ਕਿਉਂਕਿ ਬਿੱਲੀਆਂ ਚੂਹੇ, ਸੱਪ ਤੇ ਫਸਲਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਹੋਰ ਜੀਵਾਂ ਨੂੰ ਮਾਰ ਕੇ ਖਾ ਜਾਂਦੀਆਂ ਸਨ। ਇਸ ਪ੍ਰਕਾਰ ਕਿਸਾਨ ਦੀ ਫ਼ਸਲ ਖਰਾਬ ਹੋਣ ਤੋਂ ਬਚ ਜਾਂਦੀ ਸੀ। ਏਦਾਂ ਕਿਸਾਨਾਂ ਲਈ ਬਿੱਲੀਆਂ ਬੇਹੱਦ ਮਹਤਵਪੂਰਨ ਸਿੱਧ ਹੁੰਦੀਆਂ ਸਨ। ਪ੍ਰਾਚੀਨ ਮਿਸ਼ਰ ਦੇ ਸ਼ਾਹੀ ਪਰਿਵਾਰਾਂ ਦੁਆਰਾ ਵੀ ਬਿੱਲੀਆਂ ਪਾਲੀਆਂ ਜਾਂਦੀਆਂ ਸਨ। ਇਨ੍ਹਾਂ ਬਿੱਲੀਆਂ ਨੂੰ ਸੋਨੇ ਦੇ ਵਸਤਰ ਪਹਿਨਾਏ ਜਾਂਦੇ ਸਨ ਤੇ ਪਲੇਟਾਂ ਚ ਪਰੋਸ ਕੇ ਭੋਜਨ ਦਿੱਤਾ ਜਾਂਦਾ ਸੀ। ਬਿੱਲੀ ਨੂੰ ਮਾਰਨਾ ਘੋਰ ਅਪਰਾਧ ਸਮਝਿਆ ਜਾਂਦਾ ਸੀ। ਬਿੱਲੀ ਦੇ ਮਰ ਜਾਣ ਤੇ ਉਸ ਦੀ 'ਮੰਮੀ' ਨੂੰ ਸੰਭਾਲ ਕੇ ਰੱਖਿਆ ਜਾਂਦਾ ਸੀ। ਪੁਰਾਤਤਵ ਵਿਗਿਆਨੀਆਂ ਨੇ ਹਾਲ ਹੀ ਵਿਚ ਮਿਸਰ ਦੇ ਕਬਰਸਤਾਨ ਵਿਚੋਂ ਹਜ਼ਾਰਾਂ ਕਾਲੀਆਂ ਬਿੱਲੀਆਂ ਦੇ ਪਿੰਜਰ ਲੱਭੇ ਹਨ।



**ਯੂਰਪ ਦੇ ਲੋਕਾਂ ਦੀ ਧਾਰਨਾ** : ਯੂਰਪ ਦੇ ਜ਼ਿਆਦਾਤਰ ਲੋਕ ਬਿੱਲੀ ਨੂੰ ਅਸ਼ੁਭ ਮੰਨਦੇ ਸਨ। ਬਿੱਲੀਆਂ ਨੂੰ ਬੁਰਾਈ ਦਾ ਪ੍ਰਤੀਕ ਸਮਝਿਆ ਜਾਂਦਾ ਸੀ। ਬਿੱਲੀ ਦਾ ਮੱਥੇ ਲੱਗਣਾ ਵੀ ਕਿਸਮਤ ਮਾੜੀ ਹੋਣ ਦਾ ਸਬੱਬ ਸਮਝਿਆ ਜਾਂਦਾ ਸੀ। ਜੇਕਰ ਬਿੱਲੀ ਕਿਸੇ ਦਾ ਰਸਤਾ ਵੀ ਕੱਟ ਜਾਂਦੀ ਤਾਂ ਇਸ ਨੂੰ ਬੇਹੱਦ ਅਪਸ਼ਗਨ ਵਾਲੇ ਵਰਤਾਰੇ ਵਜੋਂ ਲਿਆ ਜਾਂਦਾ ਸੀ। ਯੂਰਪੀਅਨ ਲੋਕ ਕਥਾਵਾਂ ਮੁਤਾਬਕ ਬਿੱਲੀ ਦੀ ਵਰਤੋਂ ਜਾਦੂਗਰ ਤੇ ਜਾਸੂਸ ਹੀ ਕਰਦੇ ਸਨ। ਰਹੱਸਮਈ ਦਵਾਈਆਂ ਤਿਆਰ ਕਰਨ ਲਈ ਬਿੱਲੀ ਦੀ ਖੋਪੜੀ ਦੀ ਵਰਤੋਂ ਕੀਤੀ ਜਾਂਦੀ ਸੀ। ਨਤੀਜਨ ਬਿੱਲੀ ਦਾ ਸਮਾਜ ਨੇ ਪੂਰਨ ਤਿਆਗ ਕੀਤਾ ਹੋਇਆ ਸੀ। ਜੇ ਕੋਈ ਵਿਅਕਤੀ ਬਿੱਲੀ ਸਮੇਤ ਪਕੜਿਆ ਜਾਂਦਾ ਤਾਂ ਉਸ ਨੂੰ ਸਖ਼ਤ ਸਜ਼ਾ ਦਿੱਤੀ ਜਾਂਦੀ ਸੀ।



**ਜਰਮਨ ਤੇ ਜਪਾਨ ਦੀ ਧਾਰਨਾ** : ਜਪਾਨ ਦੇ ਲੋਕ ਬਿੱਲੀ ਦੀ ਹੋਂਦ ਨੂੰ ਸ਼ੁਭ ਮੰਨਦੇ ਸਨ। ਪੁਰਾਤਨ ਜਪਾਨੀ ਮਿੱਥਾਂ ਅਨੁਸਾਰ ਬਿੱਲੀ ਦੁਆਰਾ ਅਚਾਨਕ ਕਮਰੇ ਚ ਪ੍ਰਵੇਸ਼ ਕਰਨ ਨੂੰ ਖੁਸ਼ਹਾਲੀ ਦਾ ਪ੍ਰਤੀਕ ਸਮਝਿਆ ਜਾਂਦਾ ਸੀ। ਜਰਮਨ ਦੇ ਲੋਕ ਵੀ ਬਿੱਲੀ ਦੀ ਹੋਂਦ ਨੂੰ ਚੰਗਾ ਮੰਨਦੇ ਰਹੇ ਹਨ। ਮਛਿਆਰੇ ਸਮੁੰਦਰ ਚ ਜਾਣ ਸਮੇਂ ਕਾਲੀ ਬਿੱਲੀ ਨੂੰ ਆਪਣੇ ਨਾਲ ਰੱਖਦੇ ਸਨ। ਉਮੀਦ ਕੀਤੀ ਜਾਂਦੀ ਸੀ ਕਿ ਬਿੱਲੀਆਂ ਉਹਨਾਂ ਦੀ ਸੁਰੱਖਿਆ ਵਿਚ ਸਹਾਈ ਹੋਣਗੀਆਂ। ਕੁਝ ਖਤਰਿਆਂ ਨੂੰ ਮਨੁੱਖ ਦੇ ਮੁਕਾਬਲੇ ਜਾਨਵਰ ਆਪਣੀ ਤੇਜ ਸੁਣਨ/ਮਹਿਸੂਸ ਕਰਨ ਦੀ ਸ਼ਕਤੀ ਕਾਰਨ ਜਲਦੀ ਭਾਂਪ ਲੈਂਦੇ ਹਨ।

**ਬਿੱਲੀਆਂ ਤੇ ਭਾਰਤੀ ਲੋਕ** : ਜਿਵੇਂ ਅਸੀਂ ਵੇਖਿਆ ਕਿ ਸੰਸਾਰ ਦੇ ਕਈ ਖੇਤਰਾਂ ਦੇ ਲੋਕ ਬਿੱਲੀਆਂ ਨੂੰ ਚੰਗਾ ਤੇ ਕਈ ਮਾੜਾ ਸਮਝਦੇ ਹਨ। ਇਸੇ ਪ੍ਰਕਾਰ ਪੰਜਾਬ ਸਮੇਤ ਭਾਰਤ ਤੇ ਅਨੇਕਾਂ ਖੇਤਰਾਂ ਚ ਵੀ ਬਿੱਲੀ ਦੀ ਹੋਂਦ ਨੂੰ ਚੰਗਾ ਨਹੀਂ ਸਮਝਦੇ। ਬਿੱਲੀ ਦੁਆਰਾ ਰਸਤਾ ਕੱਟਣ ਨੂੰ ਤੇ ਬਿੱਲੀ ਦੇ ਰੋਣ ਨੂੰ ਵੀ ਮਾੜਾ ਸਮਝਿਆ ਜਾਂਦਾ ਹੈ। ਪਰ ਇਸ ਦੇ ਬਾਵਜੂਦ ਵੀ ਕਈ ਲੋਕ ਵੱਖ ਵੱਖ ਕਿਸਮ ਦੀਆਂ ਬਿੱਲੀਆਂ ਨੂੰ ਘਰਾਂ ਅੰਦਰ ਪਾਲਦੇ ਹਨ। ਅਸਲ ਵਿਚ ਬਿੱਲੀ ਪ੍ਰਤੀ ਮਨੁੱਖੀ ਮਨ ਵਿਚ ਪਾਲੇ ਜਾਣ ਵਾਲੇ ਅੰਧਵਿਸ਼ਵਾਸ਼ਾਂ ਪਿੱਛੇ ਕੋਈ ਸਾਰਥਕ ਦਲੀਲ ਨਹੀਂ ਹੈ। ਬਿੱਲੀ ਆਮ ਜਾਨਵਰਾਂ ਵਰਗਾ ਜਾਨਵਰ ਹੈ। ਇਸ ਦੀ ਹੋਂਦ/ਅਣਹੋਂਦ ਦਾ ਮਨੁੱਖ ਤੇ ਕੋਈ ਮੰਦਾ ਪ੍ਰਭਾਵ ਨਹੀਂ ਪੈਂਦਾ। ਬਿੱਲੀ ਮਨੁੱਖ ਦੇ ਦੁਸ਼ਮਣ ਘਰੇਲੂ ਜਾਨਵਰਾਂ ਚੂਹੇ ਆਦਿ ਨੂੰ ਖ਼ਤਮ ਕਰਕੇ ਮਨੁੱਖ ਲਈ ਸਹਾਇਕ ਸਿੱਧ ਹੁੰਦੀਆਂ ਹਨ।

98762-24461

# ਬੋਲ ਸਦੀਵੀਂ



## ਅਸੀਂ ਭਾਰਤ ਮਾਂ ਦੇ ਪੁੱਤ ਹਾਂ



ਕਰ ਕਰ ਕੇ ਬੁੱਤਾਂ ਦੀ ਪੂਜਾ,
ਬਣ ਗਏ ਅਸੀਂ ਬੁੱਤ ਹਾਂ।
ਅੱਖਾਂ ਬੰਦ ਤੇ ਜੀਭ ਤਾਲੂਏ
ਦੇਖ ਕੇ ਹੁੰਦਾ ਜਬਰ ਜੁਲਮ
ਰਹਿੰਦੇ ਫਿਰ ਵੀ ਚੁੱਪ ਹਾਂ।

ਜਦੋਂ ਕਿਸੇ ਵੀ ਬੁੱਤ ਨੇ ਤੋੜੇ
ਕਰ ਸਕੇ ਨਾ ਆਪਣੀ ਰਾਖੀ
ਅਰਜਾਂ ਉਹਨਾਂ ਅੱਗੇ ਕਰੀਏ
ਭਗਵਨ ਕਰੋ ਹਮਾਰੀ ਰਾਖੀ।

ਬੁੱਤ ਪੂਜਦੇ ਰਹਿੰਦੇ ਕਰ ਕੇ
ਬੁੱਤ ਬਣੀ ਹੈ ਸੋਚ ਅਸਾਡੀ
ਪਰ ਸਾਨੂੰ ਹੈ ਮਾਣ ਬੁੱਤਾਂ ਤੇ
ਬੁੱਤਾਂ ਚ ਦੁਨੀਆਂ ਸਾਥੋਂ ਫਾਡੀ।

ਦੱਸੋ ਕਰੂ ਮੁਕਾਬਲਾ ਕਿਹੜਾ
ਸਭ ਤੋਂ ਉੱਚਾ ਅਸੀਂ ਬਣਾਇਆ
ਉਸਦੇ ਸਿਖਰ ਉੱਤੇ ਚੜ੍ਹ ਕੇ
ਢੰਡੋਰਾ ਅੱਛੇ ਦਿਨਾਂ ਦਾ ਲਾਇਆ।

ਬੁੱਤਾਂ ਦੇ ਇਸ ਜੰਗਲ ਦੇ ਵਿੱਚ
ਕੁੱਝ ਬੌਣੇ ਕੁੱਝ ਲੰਮ ਸਲੱਮੇ
ਕੱਦ ਕੱਢ ਲੈਂਦੇ ਤਿਕੜਮ ਕਰਕੇ
ਕਈ ਬੌਣੇ ਬਣ ਜਾਵਣ ਲੰਮੇ।

ਬੁੱਤਾਂ ਦੇ ਇਸ ਜੰਗਲ ਦੇ ਵਿੱਚ
ਫਿਰਦੇ ਅਰਬਾਂ ਬੁੱਤ ਗੁਆਚੇ
ਛੇਤੀ ਕੀਤੇ ਪਤਾ ਨਾ ਲਗਦਾ
ਕਿਹੜਾ ਬੁੱਤ ਹੈ ਕਿਹੜੇ ਪਾਸੇ।

ਕਿੰਨਾਂ ਕੁ ਚਿਰ ਇਹ ਜੰਗਲ
ਬੁੱਤਾਂ ਦੇ ਨਾਲ ਭਰਿਆ ਰਹਿਣਾ
ਬੰਦਿਆਂ ਤੋਂ ਜੋ ਬੁੱਤ ਬਣੇ ਨੇ
ਆਖਰ ਬੰਦੇ ਬਣਨਾ ਪੈਣਾ।

ਬੁੱਤਾਂ ਤੋਂ ਬਣ ਜਿਉਂਦੇ ਬੰਦੇ
ਹਰਕਤ ਉਨ੍ਹਾਂ ਵਿੱਚ ਹੈ ਆਉਣੀ
ਬਦਲ ਸੁੱਟਣਗੇ ਸਭ ਕੁੱਝ ਮਿਲ ਕੇ
ਫਿਰ ਹੈ ਇਹ ਧਰਤੀ ਰੁਸਨਾਉਣੀ।



**ਹਰਜੀਤ ਬੇਦੀ**

ਇਹਨਾਂ ਮੂਰਤੀਆਂ ਦਾ ਕੀ ਕਹਿਣਾ,
ਇਹ ਤਾਂ ਸਿਆਸਤ ਦਾ ਗਹਿਣਾ।
ਕਾਲਾ ਧਨ, ਰੁਜ਼ਗਾਰ ਭੁਲਾ ਕੇ,
ਪਿਆ ਜੁਮਲਾ ਹਰ ਇੱਕ ਸਹਿਣਾ।
ਮਨ ਕੀ ਬਾਤ, ਭਗਵੇਂ ਦੀ ਰਾਤ,
ਆਖ਼ਰ ਇਸਨੇ ਤਨੋ ਮਨੋ ਲਹਿਣਾ।
ਸੱਤਾ, ਧਰਮ ਨੂੰ ਚਾਹੇ ਰਹੋ ਵਰਤਦੇ,
ਹੱਕ ਸੱਚ ਨੇ ਸਦਾ ਨਾਲ ਖਹਿਣਾ।
ਤੋਲੋ ਕੁਫ਼ਰ,ਕਰੋ ਨਾਟਕ ਭਾਵੇਂ,
ਕਿਲ੍ਹਾ ਝੂਠ ਦਾ ਜਰੂਰ ਢਹਿਣਾ।

## ਤੂਤੀਆਂ

ਕੀ ਤੁਸੀਂ ਕਦੇ ਤੂਤੀਆਂ
ਦੇਖੀਆਂ ਹਨ
ਧਰਤੀ 'ਤੇ ਜਿੱਥੇ ਇਹ
ਡਿੱਗਦੀਆਂ ਨੇ
ਉੱਥੇ ਲਾਲ ਰਸ ਦੇ ਧੱਬੇ
ਛੱਡ ਦਿੰਦੀਆਂ ਹਨ
ਡਿੱਗਣ ਤੋਂ ਵੱਧ
ਤਕਲੀਫ਼ ਦੇਹ ਕੁੱਝ ਨਹੀਂ
ਮੈਂ ਕਿੰਨੇ ਹੀ ਮਜ਼ਦੂਰਾਂ ਨੂੰ
ਦੇਖਿਆ ਹੈ
ਇਮਾਰਤਾਂ ਤੋਂ ਡਿੱਗਦੇ ਹੋਏ
ਡਿੱਗ ਕੇ ਤੂਤੀਆਂ ਬਣਦੇ ਹੋਏ



**ਸਬੀਰ ਹਕਾ**

---

ਜੰਗ ਤੋਂ ਖੁਦ ਹੀ ਏਕ ਮਸਲਾ ਹੈ
ਜੰਗ ਕਿਆ ਮਸਲੋਂ ਕਾ ਹੱਲ ਦੇਗੀ।
ਆਗ ਔਰ ਖ਼ੂਨ ਆਜ ਬਖਸ਼ੇਗੀ
ਭੂਖ ਔਰ ਅਹਿਤਯਾਜ਼ ਕੱਲ੍ਹ ਦੇਗੀ

**ਸਾਹਿਰ ਲੁਧਿਆਣਵੀ**

# ਤਾਂਤਰਿਕ, ਤਾਰਾਵੰਤੀ ਤੇ ਤਰਕ

**ਸੰਤੋਸ਼ ਸ਼ਰਮਾ**

ਇਹ 16 ਸਾਲ ਪੁਰਾਣੀ ਘਟਨਾ ਹੈ। ਉਸ ਵਕਤ ਮੈਂ ਕਲਕੱਤਾ ਦੇ ਨਿੱਜੀ ਹਸਪਤਾਲ ਵਿੱਚ ਕੰਮ ਕਰਦਾ ਸਾਂ। ਇੱਕ ਦਿਨ ਸਵੇਰੇ ਮੈਂ ਕੰਮ ਤੇ ਜਾਣ ਨੂੰ ਤਿਆਰ ਹੋ ਰਿਹਾ ਸਾਂ ਕਿ ਪਤਾ ਲੱਗਾ ਕਿ ਗੁਆਂਢ ਵਿੱਚ ਕਿਰਾਏ ਤੇ ਰਹਿੰਦੀ ਇੱਕ ਔਰਤ ਕਥਿਤ ਭੂਤ ਪ੍ਰੇਤ ਤੋਂ ਪੀੜਿਤ ਹੈ। ਉਸਦੇ ਇਲਾਜ ਲਈ ਝਾੜ ਫੂਕ ਕਰਨ ਵਾਸਤੇ ਗੁਆਂਢ ਵਿੱਚ ਤਾਂਤਰਿਕ ਆਉਣ ਵਾਲਾ ਹੈ। ਮੈਂ ਇਹ ਜਾਨਣ ਦੀ ਇੱਛਾ ਨਾਲ ਕਿ ਅਜਿਹਾ ਕਿਵੇਂ ਹੁੰਦਾ ਹੈ, ਕੰਮ ਤੋਂ ਛੁੱਟੀ ਲੈ ਕੇ ਗੁਆਂਢ ਦੇ ਉਸ ਘਰ ਚਲਾ ਗਿਆ। ਕੁਛ ਪਲਾਂ ਬਾਅਦ ਉੱਥੇ ਤਾਂਤਰਿਕ ਵੀ ਆ ਪਧਾਰਿਆ। ਉਸਨੇ ਆਪਣਾ ਤੰਤਰ ਮੰਤਰ ਅਜੇ ਸ਼ੁਰੂ ਹੀ ਕੀਤਾ ਸੀ ਕਿ ਤਾਰਾਵੰਤੀ ਨਾਂ ਦੀ ਉਸ ਔਰਤ ਨੇ ਡਰਾਉਣੀ ਆਵਾਜ਼ ਵਿੱਚ ਉੱਚੀ ਉੱਚੀ ਬੋਲਣਾ ਤੇ ਸਿਰ ਘੁਮਾਉਣਾ ਸ਼ੁਰੂ ਕਰ ਦਿੱਤਾ। ਤਾਂਤਰਿਕ ਨੇ ਉਸਨੂੰ ਪੁੱਛਿਆ ਕਿ ਬੋਲ, ਕੌਣ ਏਂ ਤੂੰ ...? ਏਥੇ ਕੀ ਲੈਣ ਆਈਂ ਏਂ? ਤੈਨੂੰ ਕੀ ਚਾਹੀਦਾ ਏ? ਤਾਰਾਵੰਤੀ ਆਪਣੀ ਧੁਨ ਵਿੱਚ ਝੂਮਦੀ ਰਹੀ। ਉਸਨੇ ਤਾਂਤਰਿਕ ਨੂੰ ਅਣਸੁਣਿਆ ਕਰੀ ਰੱਖਿਆ।

ਤਾਂਤਰਿਕ ਦੇ ਵਾਰ ਵਾਰ ਕਹਿਣ ਤੇ ਆਖਰ ਉਹ ਬਦਲੀ ਹੋਈ ਆਵਾਜ਼ ਵਿੱਚ ਬੋਲੀ, ਮੈਂ ਸੁਮਨ ਹਾਂ, ਇਹ ਮੇਰੀ ਸਹੇਲੀ ਹੈ। ਮੈਂ ਇਸਨੂੰ ਮਾਰ ਕੇ ਨਾਲ ਲੈ ਕੇ ਜਾਣਾ ਹੈ। ਇਹ ਸੁਣਦਿਆਂ ਹੀ ਤਾਂਤਰਿਕ ਗੁੱਸੇ ਵਿੱਚ ਆ ਗਿਆ। ਉਸਨੇ ਆਖਿਆ ਕਿ ਤੂੰ ਇਸ ਦਾ ਸਰੀਰ ਛੱਡ ਕੇ ਚਲੀ ਜਾ, ਨਾਂਹ ਵਿੱਚ ਉੱਤਰ ਮਿਲਣ ਤੇ ਤਾਂਤਰਿਕ ਨੇ ਤਾਰਾਵੰਤੀ ਦੇ ਮੂੰਹ ਤੇ ਜ਼ੋਰਦਾਰ ਥੱਪੜ ਮਾਰਿਆ। ਅਚਾਨਕ ਥੱਪੜ ਵੱਜਣ ਨਾਲ ਉਹ ਡਰ ਗਈ ਤੇ ਸਧਾਰਣ ਹਾਲਤ ਵਿੱਚ ਆ ਗਈ। ਉਹ ਕਹਿਣ ਲੱਗੀ ਕਿ ਮੈਨੂੰ ਕੁਝ ਨਹੀਂ ਹੋਇਆ। ਉਹ ਆਂਢ ਗੁਆਂਢ ਤੋਂ ਆਏ ਲੋਕਾਂ ਨੂੰ ਮੁਖਾਤਿਬ ਹੋ ਕੇ ਕਹਿਣ ਲੱਗਾ ਕਿ ਇਸਦੇ ਸਰੀਰ ਵਿੱਚ ਸੁਮਨ ਨਾਂ ਦੀ ਚਲਾਕ ਭੂਤਨੀ ਹੈ। ਜਿਹੜੀ ਮੇਰਾ ਇੱਕ ਥੱਪੜ ਖਾ ਕੇ ਉਡੰਤਰ ਹੋ ਗਈ ਹੈ। ਜੇਕਰ ਇਹ ਦੁਬਾਰਾ ਆਈ ਤਾਂ ਮੈਂ ਇਸ ਨੂੰ ਬੰਨ੍ਹ ਕੇ ਲੈ ਜਾਵਾਂਗਾ। ਇਹ ਸੁਣਦਿਆਂ ਹੀ ਸਾਰੇ ਜਣੇ ਉਹਨਾਂ ਦੇ ਵਿਹੜੇ ਵਿੱਚੋਂ ਚਲੇ ਗਏ। ਤਾਰਾਵੰਤੀ ਵੀ ਉੱਠ ਕੇ ਅੰਦਰ ਚਲੀ ਗਈ।

ਭੂਤ ਕੱਢਣ ਬਹਾਨੇ ਤਾਂਤਰਿਕ ਨੇ ਜਿਹੜਾ ਡਰਾਮਾ ਕੀਤਾ, ਉਸਨੂੰ ਵੇਖ ਮੈਨੂੰ ਮਨ ਚ ਉੱਠੇ ਅਨੇਕਾਂ ਸੁਆਲਾਂ ਦੇ ਉੱਤਰ ਮਿਲ ਗਏ। ਮੈਂ ਮਨ ਹੀ ਮਨ ਫੈਸਲਾ ਕੀਤਾ ਕਿ ਮੈਂ ਮੁੜ ਮੌਕਾ ਮਿਲਣ ਤੇ ਉਸ ਤਾਂਤਰਿਕ ਨਾਲ ਇਸ ਚੱਕਰਵਿਊ ਬਾਰੇ ਜਰੂਰ ਗੱਲ ਕਰਾਂਗਾ।

ਇਹ ਤਾਂਤਰਿਕ ਬਾਬਾਗਿਰੀ ਕਰਨ ਤੋਂ ਪਹਿਲਾਂ ਇਲੈਕਟ੍ਰੀਸ਼ਨ ਦਾ ਕੰਮ ਕਰਿਆ ਕਰਦਾ ਸੀ। ਉਸਦਾ ਬਾਪ ਤਾਂਤਰਿਕ ਸੀ। ਬਾਪ ਦੀ ਅਚਾਨਕ ਹੋਈ ਮੌਤ ਮਗਰੋਂ ਉਸਨੇ ਤੰਤਰ ਮੰਤਰ ਦਾ ਧੰਦਾ ਸ਼ੁਰੂ ਕਰ ਲਿਆ। ਤਾਂਤਰਿਕ ਦੇ ਅਨਿਨ ਭਗਤਾਂ ਦਾ ਕਹਿਣਾ ਸੀ ਕਿ ਉਸਦੇ ਬਾਪ ਦੀ ਆਤਮਾ ਨੇ ਉਸਨੂੰ ਮੱਸਿਆ ਵਾਲੀ ਰਾਤ ਨੂੰ ਬਾਬਾਗਿਰੀ ਦੇ ਗੁਰ ਸਿਖਾਏ ਹਨ। ਮੈਂ ਉਸਨੂੰ ਮਿਲਣ ਲਈ ਉਤਾਵਲਾ ਸਾਂ। ਇੱਕ ਦਿਨ ਤਾਰਾਵੰਤੀ ਦੇ ਇਲਾਜ ਲਈ ਆਏ ਤਾਂਤਰਿਕ ਨਾਲ ਮੇਰੀ ਮੁੜ ਮੁਲਾਕਾਤ ਹੋ ਗਈ। ਮੈਂ ਉਸਨੂੰ ਬਾਬਾਗਿਰੀ ਬਾਰੇ ਪੁੱਛ ਲਿਆ। ਉਹ ਉਹੋ ਸੁਣੀਆਂ ਸੁਣਾਈਆਂ ਗੱਲਾਂ ਸੁਣਾਉਣ ਲੱਗਾ ਕਿ ਰੂਹਾਂ, ਆਤਮਾਵਾਂ ਨਾਲ ਜੁੜੀਆਂ ਗੱਲਾਂ ਹਨ। ਜਿਸ ਵਿਅਕਤੀ ਦੀ ਅੰਤਿਮ ਇੱਛਾ ਪੂਰੀ ਨਹੀਂ ਹੁੰਦੀ, ਫਿਰ ਉਹ ਮੌਤ ਉਪਰੰਤ ਕਿਸੇ ਦੇ ਸਰੀਰ ਵਿੱਚ ਪ੍ਰਵੇਸ਼ ਕਰਕੇ ਭੂਤ ਪ੍ਰੇਤ ਬਣ ਆਪਣੀ ਇੱਛਾ ਪੂਰਤੀ ਕਰਦਾ ਹੈ।

ਤਾਂਤਰਿਕ ਆਪਣੀ ਗੱਲ ਨੂੰ ਸਾਬਤ ਕਰਨ ਲਈ ਤਾਰਾਵੰਤੀ ਦੀ ਉਦਾਹਰਣ ਦੇਣ ਲੱਗਾ ਕਿ ਤੇਰੇ ਸਾਹਮਣੇ ਉਸ ਵਿੱਚ ਮਰ ਚੁੱਕੀ ਸਹੇਲੀ ਸੁਮਨ ਦਾ ਭੂਤ ਆਇਆ ਤਾਂ ਸੀ।

ਇਹਨਾਂ ਕੇਸਾਂ ਵਿੱਚ ਤੰਤਰ ਮੰਤਰ ਤੇ ਅਧਿਆਤਮਕ ਵਿਦਿਆ ਹੀ ਕੰਮ ਆਉਂਦੀ ਹੈ।

ਮੈਂ ਤਾਂਤਰਿਕ ਨਾਲ ਅਸਹਿਮਤੀ ਜਤਾਈ ਤੇ ਕਿਹਾ ਕਿ ਇਹਨਾਂ ਦੀ ਤਾਂ ਕੋਈ ਹੋਂਦ ਹੀ ਨਹੀਂ ਹੈ। ਸਾਡੇ ਮਨੋਵਿਗਿਆਨ ਅਨੁਸਾਰ ਤਾਰਾਵੰਤੀ ਨੂੰ ਕਿਸੇ ਭੂਤ ਪ੍ਰੇਤ ਦਾ ਸਾਇਆ ਜਾਂ ਅੜਚਨ ਨਹੀਂ ਹੈ, ਉਹ ਤਾਂ ਸਧਾਰਣ ਮਾਨਸਿਕ ਰੋਗੀ ਹੈ, ਜਿਸਦੇ ਕਈ ਕਾਰਣ ਹੋ ਸਕਦੇ ਹਨ।

ਉਸਨੂੰ ਹਿਸਟੀਰੀਆ, ਸੀਜ਼ੋਫਰੇਨੀਆ ਜਾਂ ਡਿਪਰੈਸ਼ਨ ਆਦਿ ਮਨੋਰੋਗ ਹੋ ਸਕਦਾ ਏ।ਜਿਸਦਾ ਇਲਾਜ ਤੁਹਾਡੇ ਟੂਣੇ ਟਾਮਣਾਂ ਤੇ ਤੰਤਰ ਮੰਤਰ ਨਾਲ ਨਹੀਂ ਸਗੋਂ ਮਾਨਸਿਕ ਰੋਗਾਂ ਦੇ ਮਾਹਰ ਡਾਕਟਰਾਂ ਕੋਲ ਹੀ ਹੁੰਦਾ ਏ। ਤੁਸੀਂ ਤਾਂ ਅਜਿਹੇ ਰੋਗੀਆਂ ਦਾ ਸ਼ੋਸ਼ਣ ਕਰਦੇ ਹੋ, ਉਹਨਾਂ ਨੂੰ ਡਰਾ, ਧਮਕਾ, ਕੁੱਟ ਮਾਰ ਕੇ ਉਹਨਾਂ ਦੀ ਮਾਨਸਿਕ ਦਸ਼ਾ ਵਿਗਾੜਦੇ ਹੋ।

***ਬਾਕੀ ਸਫਾ 36 'ਤੇ***

*ਕੇਸ ਰਿਪੋਰਟ*

# ਰਹੱਸ ਦੀ ਰਮਜ਼



**ਅਜਾਇਬ ਜਲਾਲਆਣਾ**

ਇੱਕ ਘਰ ਵਿੱਚ ਦੋ ਔਰਤਾਂ ਰਸੋਈ ਵਿੱਚ ਬੈਠੀਆਂ ਸਨ।ਇੱਕ ਔਰਤ ਰੋਟੀ ਬਣਾ ਰਹੀ ਸੀ ਤੇ ਦੂਸਰੀ ਖਾ ਰਹੀ ਸੀ। ਅਚਾਨਕ ਰਹੱਸਮਈ ਘਟਨਾ ਵਾਪਰਦੀ ਹੈ।ਬਲਦਾ ਚੁੱਲ੍ਹਾ ਗਾਇਬ ਹੋ ਜਾਂਦਾ ਹੈ। ਦੋਵੇਂ ਔਰਤਾਂ ਚੀਖ਼ ਪੁਕਾਰ ਕਰਨ ਲਗਦੀਆਂ ਹਨ। ਇਹ ਘਟਨਾ ਪਲਾਂ ਛਿਣਾਂ ਵਿੱਚ ਸਾਰੇ ਪਿੰਡ ਵਿੱਚ ਫੈਲ ਜਾਂਦੀ ਹੈ। ਕੁਝ ਦਿਨਾਂ ਬਾਅਦ ਉਹ ਦੋਵੇਂ ਔਰਤਾਂ ਕੱਪੜੇ ਧੋ ਰਹੀਆਂ ਸਨ। ਇੱਕ ਬੱਠਲ ਵਿੱਚ ਕੱਪੜੇ ਧੋਣ ਵਿੱਚ ਮਸ਼ਰੂਫ ਸੀ, ਅਚਾਨਕ ਫ਼ਿਰ ਉਹੋ ਘਟਨਾ ਵਾਪਰਦੀ ਹੈ, ਬੱਠਲ ਕਿਧਰੇ ਗਾਇਬ ਹੋ ਜਾਂਦਾ ਹੈ। ਦੋਵੇਂ ਫ਼ਿਰ ਚੀਖ਼ ਪੁਕਾਰ ਕਰਦੀਆਂ ਹਨ।

ਉਸ ਪਰਿਵਾਰ ਵਿੱਚ ਇਹ ਦੋ ਘਟਨਾਵਾਂ ਹੀ ਨਹੀਂ ਹੋਈਆਂ ਸਗੋਂ ਅਜਿਹਾ ਬਹੁਤ ਕੁਝ ਵਾਪਰਿਆ, ਜਿਹੜਾ ਹੈਰਾਨ ਕਰਨ ਵਾਲਾ ਸੀ। ਪਸ਼ੂਆਂ ਵਾਲੇ ਵਾੜੇ ਵਿੱਚ ਪਹਿਲਾਂ ਇੱਕ ਪਸ਼ੂ ਦਾ ਸੰਗਲ ਆਪਣੇ ਆਪ ਖੁੱਲ੍ਹ ਜਾਂਦਾ ਸੀ। ਫ਼ਿਰ ਦੂਸਰੇ ਦਾ ਖੁੱਲ੍ਹਣ ਲੱਗ ਗਿਆ।ਹੌਲੀ ਹੌਲੀ ਇਹ ਰਹੱਸ ਇੱਥੋਂ ਤੱਕ ਪਹੁੰਚ ਗਿਆ, ਵਾੜੇ ਵਿੱਚ ਬੰਨ੍ਹੇ ਸਾਰੇ ਪਸ਼ੂਆਂ ਦੇ ਸੰਗਲ ਹੀ ਖੁੱਲ੍ਹਣ ਲੱਗ ਪਏ।

ਆਪਣੇ ਖੇਤ ਵਿੱਚ ਰਹਿੰਦਾ ਚੰਗਾ ਵਸਦਾ ਰਸਦਾ ਪਰਿਵਾਰ ਸੀ।ਦੋ ਭਰਾ ਇਕੱਠੇ ਰਹਿੰਦੇ ਸਨ।ਦੋਵਾਂ ਪਰਿਵਾਰਾਂ ਦੀ ਆਪਸ ਵਿੱਚ ਬਹੁਤ ਬਣਦੀ ਸੀ। ਇਸ ਦਾ ਇੱਕ ਕਾਰਣ ਇਹ ਵੀ ਸੀ ਦੋਵੇਂ ਭਰਾ ਇੱਕੋ ਘਰ ਵਿਆਹੇ ਸਨ।ਇਹ ਘਟਨਾਵਾਂ ਸ਼ੁਰੂ ਕੀ ਹੋਈਆਂ, ਪਰਿਵਾਰ ਦਾ ਚੈਨ ਉੱਡ ਪੁੱਡ ਗਿਆ। ਜਿਹੜੇ ਇੱਕ ਦੂਸਰੇ ਦੇ ਸਾਹ ਵਿੱਚ ਸਾਹ ਲੈਂਦੇ ਸਨ। ਅਜਿਹੀਆਂ ਘਟਨਾਵਾਂ ਤੋਂ ਡਰੇ ਇੱਕ ਦੂਸਰੇ ਨੂੰ ਸ਼ੱਕ ਦੀਆਂ ਨਜ਼ਰਾਂ ਨਾਲ ਤੱਕਣ ਲੱਗੇ। ਇਸ ਤਰ੍ਹਾਂ ਦੇ ਮਾਹੌਲ ਵਿੱਚ ਇੱਕ ਦੂਸਰੇ ਤੇ ਸ਼ੱਕ ਹੋਣਾ ਸੁਭਾਵਿਕ ਸੀ। ਦੋਵੇਂ ਪਰਿਵਾਰਾਂ ਦੇ ਮੈਂਬਰ ਆਪੋ ਆਪਣੀ ਚਰਚਾ ਕਰਦੇ। ਘਟਨਾਵਾਂ ਹੋਰ ਡਰਾਉਣਾ ਰੂਪ ਧਾਰਨ ਕਰਨ ਲੱਗੀਆਂ। ਪਰਸਾਂ ਵਿੱਚੋਂ ਗੁੰਮ ਹੋਣੇ ਸ਼ੁਰੂ ਪੈਸੇ ਅਲਮਾਰੀ ਵਿੱਚ ਬੰਦ ਪਏ ਨੋਟਾਂ ਤੱਕ ਜਾ ਪਹੁੰਚੇ।ਸਾਰੇ ਹੈਰਾਨ ਪਸ਼ੇਮਾਨ ਸਨ। ਅਲਮਾਰੀਆਂ ਵਿੱਚ ਬੰਦ ਪਿਆ ਸੋਨਾ ਸੱਪਾ ਗਾਇਬ ਹੋਣ ਲੱਗਾ। ਅਜਿਹੀ ਹਾਲਤ ਵਿੱਚ ਘਰ ਦੀਆਂ ਔਰਤਾਂ ਦੀ ਸ਼ਾਮਤ ਯਕੀਨੀ ਸੀ। ਘਰ ਦੀਆਂ ਨੂੰਹਾਂ ਨੇ ਆਪੋ ਆਪਣੇ ਗਹਿਣੇ ਪੇਕਿਆਂ ਕੋਲ ਸਾਂਭ ਦਿੱਤੇ।ਇਸ ਅਣਹੋਣੀ ਤੋਂ ਬਚਣ ਲਈ ਔਰਤਾਂ ਨੇ ਚੇਲਿਆਂ, ਬਾਬਿਆਂ ਤੱਕ ਪਹੁੰਚ ਬਣਾਈ। ਘਰ ਸਰਦਾ ਸੀ, ਚੇਲਿਆਂ ਲਈ ਚੰਗਾ ਸੀ ਕਿ ਉਹਨਾਂ ਤੋਂ ਮੂੰਹੋਂ ਮੰਗੀਆਂ ਭੇਟਾਂ ਮੰਗਦੇ ਰਹਿਣ। ਉਹਨਾਂ ਆਪਣੇ ਟੂਣੇ ਮੰਤਰ ਸ਼ੁਰੂ ਕਰ ਲਏ।

ਘਰ ਵਿੱਚ ਚੇਲਿਆਂ ਦਾ ਆਉਣਾ ਆਮ ਹੋਇਆ ਤਾਂ ਖਰਚਾ ਵੀ ਵਧਣ ਲੱਗਾ। ਘਰ ਦੇ ਬਾਲ ਬੱਚਿਆਂ ਦੇ ਮਨਾਂ ਵਿੱਚ ਡਰ ਵਸਣ ਲੱਗਾ। ਇਲਾਜ ਲਈ ਟੂਣਿਆਂ ਤੋਂ ਤੁਰੀ ਗੱਲ ਡੇਰਿਆਂ ਤੱਕ ਜਾ ਪਹੁੰਚੀ। ਪੀਰਾਂ ਨੂੰ ਖੁਸ਼ ਕਰਨ ਲਈ ਕੜਾਹੀਆਂ ਦੇ ਖਰਚੇ ਹੋਣ ਲੱਗੇ। ਉਂਜ ਘਟਨਾਵਾਂ ਦਾ ਥਹੁ ਪਤਾ ਕਿਸੇ ਚੇਲੇ, ਬਾਬੇ ਦੀ ਸਮਝ ਨਹੀਂ ਆਇਆ। ਇਹਨਾਂ ਸਭ ਰਹੱਸਮਈ ਜਾਪਦੀਆਂ ਘਟਨਾਵਾਂ ਨੂੰ ਕੋਈ ਪੀਰਾਂ ਦੀ ਕ੍ਰੋਪੀ ਦੱਸਦਾ, ਕੋਈ ਕਚੀਲਾਂ ਦਾ ਸਾਇਆ ਤੇ ਕੋਈ ਸ਼ਰੀਕੇਦਾਰੀ ਵਿੱਚ ਕੁਸ਼ ਕਰਾਏ ਨੂੰ ਜ਼ਿੰਮੇਵਾਰ ਦਸਦਾ। ਘਰ ਪਰਿਵਾਰ ਵਾਲੇ ਦੁਖੀ ਤਾਂ ਸਨ, ਪਰ ਉਹਨਾਂ ਦੀ ਕੋਈ ਬਾਂਹ ਨਹੀਂ ਸੀ ਫੜਦਾ।

ਚੇਲਿਆਂ, ਬਾਬਿਆਂ ਨੂੰ ਲੁਟਾਏ ਪੈਸਿਆਂ ਨੇ ਕੋਈ ਅਸਰ ਨਹੀਂ ਵਿਖਾਇਆ। ਪੜ੍ਹੇ ਗਏ ਮੰਤਰ ਤੇ ਕਰਵਾਏ ਗਏ ਟੂਣੇ ਬੇਅਸਰ ਸਾਬਤ ਹੋਏ। ਪੀਰਾਂ ਨੂੰ ਦਿੱਤੀਆਂ ਕੜਾਹੀਆਂ ਬੇਕਾਰ ਗਈਆਂ।ਘਟਨਾਵਾਂ ਬਦਲਵੇਂ ਰੂਪ ਵਿੱਚ ਸ਼ੁਰੂ ਰਹੀਆਂ। ਹੁਣ ਆਮ ਵਰਤੋਂ ਦੀਆਂ ਵਸਤਾਂ, ਭਾਂਡੇ, ਕੱਪੜੇ ਵੀ ਅਚਾਨਕ ਗਾਇਬ ਹੋਣ ਲੱਗ ਪਏ ਸਨ। ਅਲਮਾਰੀ ਵਿੱਚ ਪਈਆਂ ਚਾਦਰਾਂ, ਸਿਰਹਾਣੇ ਕਿਧਰੇ ਉੱਡ ਪੁੱਡ ਜਾਂਦੇ, ਕਿਸੇ ਨੂੰ ਕੁਸ਼ ਪਤਾ ਨਹੀਂ ਸੀ ਚਲਦਾ।ਹਾਲਤ ਇੱਥੋਂ ਤੱਕ ਪਹੁੰਚ ਗਈ ਸੀ ਕਿ ਉਹ ਖਾਣਾ ਬਣਾਉਣ ਲਈ ਭਾਂਡੇ ਪਿੰਡ ਵਿੱਚੋਂ ਲਿਆਉਂਦੇ ਤੇ ਰੋਟੀ ਪਾਣੀ ਖਾ ਪਕਾ ਕੇ ਉਸੇ ਵਕਤ ਵਾਪਸ ਮੋੜ ਕੇ ਆਉਂਦੇ।ਸਾਰੇ ਮੈਂਬਰਾਂ ਨੂੰ ਸਵੇਰੇ ਪਾਉਣ ਵਾਲੇ ਕੱਪੜਿਆਂ ਦੀ ਰਾਖੀ ਕਰਨੀ ਪੈਂਦੀ। ਇਸ ਡਰਾਉਣੇ ਤੇ ਬੇਵਿਸ਼ਵਾਸੀ ਦੇ ਮਾਹੌਲ ਵਿੱਚ ਪਰਿਵਾਰ ਵਿੱਚ ਫਿੱਕ ਪੈਣ ਲੱਗੀ।ਨੂੰਹਾਂ ਦੇ ਪੇਕੇ ਆਉਂਦੇ, ਬੋਲ ਕੁਬੋਲ ਕਰਦੇ। ਨਿੱਤ ਰੋਜ਼ ਘਰੇ ਲੜਾਈ ਦਾ ਮਾਹੌਲ ਬਣਿਆ ਰਹਿੰਦਾ। ਪਿੰਡ ਵਿੱਚ ਉਹਨਾਂ ਦੇ ਘਰ ਤੇ ਵਾਪਰਦੀਆਂ ਘਟਨਾਵਾਂ ਬਾਰੇ ਲੋਕ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਕਰਦੇ।

ਜਦੋਂ ਘਰ ਨੂੰ ਬਚਾਉਣ ਦਾ ਕੋਈ ਹੋਰ ਰਸਤਾ ਨਜ਼ਰ ਨਾ

ਆਇਆ ਤਾਂ ਪਰਿਵਾਰ ਦੇ ਕਾਲਿਜ ਪੜ੍ਹਦੇ ਲੜਕੇ ਨੇ, ਘਰ ਬਾਰੇ ਆਪਣੀ ਮਿੱਤਰ ਮੰਡਲੀ ਵਿੱਚ ਗੱਲ ਤੋਰੀ। ਘਰ ਦਾ ਉਹ ਪਾੜ੍ਹਾ ਇਸ ਗੱਲੋਂ ਹੈਰਾਨ ਸੀ, ਕਿ ਘਰ ਦਾ ਸਮਾਨ ਇੰਜ ਕਿਵੇਂ ਗੁੰਮ ਹੋ ਜਾਂਦਾ ਹੈ? ਉਸਨੇ ਆਪਣੇ ਵੱਲੋਂ ਸਾਰੀਆਂ ਘਟਨਾਵਾਂ ਨੂੰ ਜਾਂਚਣ ਦੀ ਕੋਸ਼ਿਸ਼ ਵੀ ਕੀਤੀ ਪਰ ਉਸਦੇ ਹੱਥ ਪੱਲੇ ਕੁਸ਼ ਨਾ ਪਿਆ। ਉਸਦੇ ਇੱਕ ਮਿੱਤਰ ਨੇ ਉਸ ਨੌਜਵਾਨ ਦਾ ਮੇਲ ਸਾਡੇ ਨਾਲ ਕਰਵਾ ਦਿੱਤਾ। ਉਸ ਨੌਜਵਾਨ ਨੂੰ ਮਿਲਣ ਉਪਰੰਤ ਅਸੀਂ ਪੜਤਾਲ ਲਈ ਉਹਨਾਂ ਦੇ ਘਰ ਜਾਣ ਦਾ ਫੈਸਲਾ ਲਿਆ। ਤਰਕਸ਼ੀਲ ਟੀਮ ਪਿੰਡ ਉਹਨਾਂ ਦੀ ਢਾਣੀ ਪਹੁੰਚੀ। ਸਾਰਾ ਪਰਿਵਾਰ ਇਕੱਠਾ ਹੋ ਗਿਆ। ਚਿਹਰੇ ਮੁਰਝਾਏ ਹੋਏ, ਮਨਾਂ ਵਿੱਚ ਡਰ।ਔਰਤਾਂ ਦੇ ਚਿਹਰਿਆਂ ਤੋਂ ਉਹਨਾਂ ਦੀ ਮਾਨਸਿਕ ਹਾਲਤ ਸਾਫ਼ ਦਿਖ ਰਹੀ ਸੀ। ਸਾਰਿਆਂ ਦਾ ਇਹੋ ਕਹਿਣਾ ਸੀ, ਸਾਨੂੰ ਤਾਂ ਤੁਹਾਡੇ ਬਾਰੇ ਆਪਣੇ ਮੁੰਡੇ ਤੋਂ ਕੱਲ੍ਹ ਹੀ ਪਤਾ ਲੱਗਾ, ਹੁਣ ਤੁਹਾਡੇ ਤੇ ਹੀ ਆਸ ਹੈ। ਪਹਿਲ ਪ੍ਰਿਥਮੇ ਅਸੀਂ ਘਰ ਦੇ ਸਾਰੇ ਕਮਰਿਆਂ ਨੂੰ ਵੇਖਿਆ ਤੇ ਗੁਆਚੇ ਸਮਾਨ ਬਾਰੇ ਪਤਾ ਕੀਤਾ। ਮੁਖੀ ਤੋਂ ਲੈ ਕੇ ਸਾਰੇ ਮੈਂਬਰਾਂ ਨਾਲ ਵਾਰੀ ਸਿਰ ਗੱਲਬਾਤ ਸ਼ੁਰੂ ਕੀਤੀ।

ਘਟਨਾਵਾਂ ਬਾਰੇ ਸਾਰਿਆਂ ਨੇ ਹੀ ਇੱਕੋ ਜਿਹੀਆਂ ਗੱਲਾਂ ਦੱਸੀਆਂ। ਜਿਨ੍ਹਾਂ ਤੋਂ ਘਟਨਾਵਾਂ ਸ਼ੁਰੂ ਹੋਈਆਂ, ਉਹ ਦੋਵੇਂ ਸੱਸ ਨੂੰਹ ਸਨ।ਪਹਿਲਾਂ ਦੋਵੇਂ ਭਰਾ ਤਾਂ ਆਪਸ ਵਿੱਚ ਸਹਿਮਤੀ ਨਾਲ ਚਲਦੇ ਰਹੇ। ਜਦ ਉਹਨਾਂ ਦੇ ਘਰ ਨੂੰਹਾਂ ਆਈਆਂ ਤਾਂ ਤਣਾਓ ਰਹਿਣ ਲੱਗਾ। ਆਪਣੀ ਮਰਜ਼ੀ ਨਾਲ, ਖਾਣ, ਪਹਿਨਣ ਤੇ ਵਰਤਣ ਤੋਂ ਸ਼ੁਰੂ ਹੋਇਆ ਤਕਰਾਰ ਵਸਤਾਂ ਗੁੰਮ ਹੋਣ, ਸੋਨਾ ਗਾਇਬ ਹੋਣ ਤੇ ਅਲਮਾਰੀਆਂ ਤੱਕ ਜਾ ਪਹੁੰਚਿਆ।ਆਪਸੀ ਰੰਜਿਸ਼ ਨੇ ਪਰਿਵਾਰ ਨੂੰ ਟੁੱਟਣ ਦੇ ਮੋੜ ਤੇ ਲਿਆ ਖੜਾ ਕੀਤਾ। ਪਰਿਵਾਰ ਦੇ ਵੱਡੇ ਮੁਖੀ ਵੱਖ ਹੋਣ ਦੀ ਗੱਲ ਸੁਣਨ ਨੂੰ ਵੀ ਤਿਆਰ ਨਹੀਂ ਸਨ। ਇਸ ਜ਼ਿਦ ਨੇ ਬਲਦੀ ਤੇ ਤੇਲ ਪਾਉਣ ਦਾ ਕੰਮ ਕੀਤਾ।ਕੋਈ ਹੱਲ ਨਾ ਨਿਕਲਣ ਤੇ ਰੰਜਿਸ਼ ਵਧਦੀ ਗਈ ਤੇ ਘਟਨਾਵਾਂ ਵੀ ਵਧਣ ਲੱਗੀਆਂ। ਇਸੇ ਮਾਹੌਲ ਨੇ ਪਰਿਵਾਰ ਦਾ ਵੱਡਾ ਨੁਕਸਾਨ ਕੀਤਾ। ਘਰ ਵਿੱਚ ਕੋਈ ਸਮਝਾਉਣ ਵਾਲਾ ਵੀ ਨਹੀਂ ਸੀ।

ਪੜਤਾਲ ਦੌਰਾਨ ਇੱਕ ਹੋਰ ਦਿਲਚਸਪ ਤੱਥ ਸਾਹਮਣੇ ਆਇਆ।ਘਟਨਾਵਾਂ ਦੇ ਚਲਦਿਆਂ, ਜਦ ਚੇਲਿਆਂ ਦਾ ਇਲਾਜ ਚੱਲ ਰਿਹਾ ਸੀ ਤਾਂ ਇੱਕ ਦਿਨ ਘਰ ਦੇ ਅਚਾਨਕ ਗੁੰਮ ਹੋਏ ਭਾਂਡੇ ਘਰ ਦੇ ਪਿਛਵਾੜੇ ਵਿੱਚੋਂ ਮਿਲੇ।ਇਹ ਸਮਾਨ ਇੱਕ ਪਰਿਵਾਰ ਦੀ ਨੂੰਹ ਦਾ ਸੀ। ਜਦ ਇਹ ਗੱਲ ਸਾਰਿਆਂ ਨੂੰ ਪਤਾ ਚੱਲੀ ਤਾਂ ਘਰ ਵਿੱਚ ਨਵੀਂ ਚਰਚਾ ਛਿੜ ਪਈ।ਅਖੇ ਸਮਾਨ ਤਾਂ ਹੋਰ ਬਥੇਰਾ ਗੁੰਮ ਹੋਇਆ ਹੈ, ਇੱਕ ਨੂੰਹ ਦਾ ਹੀ ਕਿਉਂ ਮਿਲਿਆ ਹੈ ?

ਇਸੇ ਚਰਚਾ ਦੇ ਚਲਦਿਆਂ ਜਿਸ ਦਿਨ ਇੱਕ ਬਾਬੇ ਨੇ ਆਉਣਾ ਸੀ, ਉਸ ਦਿਨ ਸਵੇਰੇ ਹੀ ਭਾਂਡੇ ਧੋਂਦਿਆਂ ਗੁੰਮ ਹੋਇਆ ਬੱਠਲ, ਕੱਪੜੇ ਤੇ ਕੁਝ ਚਾਦਰਾਂ ਪਸ਼ੂਆਂ ਦੇ ਵਾੜੇ ਵਿੱਚੋਂ ਮਿਲੀਆਂ। ਇਹ ਸਾਰਾ ਸਮਾਨ ਦੂਸਰੀ ਨੂੰਹ ਦਾ ਸੀ।ਪਰਿਵਾਰ ਦੀ ਇਹ ਜਾਣਕਾਰੀ ਸਾਡੇ ਲਈ ਹੋਰ ਰਾਹ ਖੋਲ੍ਹ ਗਈ।ਪਰਿਵਾਰ ਦੀਆਂ ਇਹਨਾਂ ਦੋਹਾਂ ਨੂੰਹਾਂ ਨੇ ਪੜਤਾਲ ਦੌਰਾਨ ਚੁੱਪ ਹੀ ਸਾਧੀ ਰੱਖੀ, ਜਿਹੜੀ ਘਟਨਾਵਾਂ ਦੇ ਕਾਰਨਾਂ ਵੱਲ ਇਸ਼ਾਰਾ ਸੀ।

ਜਲਦੀ ਹੀ ਤਸਵੀਰ ਸਾਹਮਣੇ ਆ ਗਈ। ਦੋਵੇਂ ਪਰਿਵਾਰਾਂ ਦੇ ਮੈਂਬਰ ਘਟਨਾਵਾਂ ਦੇ ਆਸ ਪਾਸ ਵਿਚਰਦੇ ਸਨ। ਆਪਸੀ ਗੱਲਬਾਤ ਰਾਹੀਂ ਪਰਿਵਾਰ ਮੁਖੀਆਂ ਨੂੰ ਘਟਨਾਵਾਂ ਰੋਕਣ ਤੇ ਘਰ ਬਚਾਉਣ ਲਈ ਸਹਿਯੋਗ ਕਰਨ ਲਈ ਕਹਿਣ ਤੇ ਉਹ ਸਹਿਜੇ ਹੀ ਮੰਨ ਗਏ। ਘਟਨਾਵਾਂ ਕਰਨ ਵਾਲਿਆਂ ਦੀ ਮਾਨਸਿਕਤਾ ਤੇ ਪਰਿਵਾਰਕ ਮਾਹੌਲ ਕਾਰਣ ਉਹਨਾਂ ਨੂੰ ਤਾੜਨਾ ਕੀਤੀ ਗਈ ਤੇ ਅੱਗੇ ਤੋਂ ਅਜਿਹਾ ਕਰਨ ਦੀ ਤਾਕੀਦ ਕੀਤੀ ਗਈ। ਘਟਨਾਵਾਂ ਬੰਦ ਹੋ ਗਈਆਂ ਕਿਉਂਕਿ ਸਾਰੇ ਪਰਿਵਾਰ ਨੇ ਪਹਿਲਾਂ ਹੋਈਆਂ ਗਲਤੀਆਂ ਨੂੰ ਧਿਆਨ ਚ ਰੱਖਦਿਆਂ ਆਪਣੇ ਵੱਲੋਂ ਪੂਰਾ ਸਹਿਯੋਗ ਦਿੱਤਾ ਸੀ। ਕੁਝ ਮਹੀਨਿਆਂ ਵਿੱਚ ਹੀ ਪਰਿਵਾਰਕ ਮਾਹੌਲ ਸੁਖਾਵਾਂ ਹੋ ਗਿਆ। ਘਰ ਦਾ ਪਾੜ੍ਹਾ ਨੌਜੁਆਨ ਖੁਸ਼ ਵੀ ਸੀ ਤੇ ਹੈਰਾਨ ਵੀ। ਜਿਹੜਾ ਕੰਮ ਸਾਲ ਭਰ ਲੱਖਾਂ ਰੁਪਏ ਖਰਚ ਕਰਕੇ ਨਹੀਂ ਸੀ ਹੋਇਆ, ਉਹ ਕੁਝ ਘੰਟਿਆਂ ਵਿੱਚ ਹੀ ਹੱਲ ਹੋ ਗਿਆ ਸੀ। ਅਜਿਹਾ ਤਰਕਸ਼ੀਲ ਦ੍ਰਿਸ਼ਟੀਕੋਣ ਕਰਕੇ ਹੀ ਸੰਭਵ ਹੋਇਆ ਸੀ, ਜਿਹੜਾ ਤਰਕ-ਵਿਤਰਕ ਤੇ ਜਾਂਚ ਪੜਤਾਲ ਨਾਲ ਰਹੱਸ ਦੀ ਰਮਜ਼ ਜਾਣ ਲੈਂਦਾ ਹੈ।

---

*ਪੰਨਾ 34 ਦਾ ਬਾਕੀ...*

ਕੀ ਤੁਸੀਂ ਮੇਰੇ ਸਾਹਮਣੇ ਆਪਣੀ ਬਾਬਾਗਿਰੀ ਦੀ ਸ਼ਕਤੀ ਨਾਲ ਕਿਸੇ ਭੂਤ, ਪ੍ਰੇਤ ਜਾਂ ਆਤਮਾ ਨੂੰ ਪੇਸ਼/ਪ੍ਰਗਟ ਕਰ ਸਕਦੇ ਹੋ, ਜਿਸਦੀ ਤਸਵੀਰ ਖਿੱਚੀ ਜਾ ਸਕੇ? ਫਿਰ ਮੈਂ ਉਸ ਤਾਂਤਰਿਕ ਕੋਲ ਪੱਛਮੀ ਬੰਗਾਲ ਦੇ ਵਿਗਿਆਨਕ ਤੇ ਯੁਕਤੀਵਾਦੀ ਸੰਗਠਨ ਬਾਰੇ ਦੱਸਿਆ ਤੇ ਉਹਨਾਂ ਵੱਲੋਂ ਰੱਖੇ 20 ਲੱਖ ਦੇ ਇਨਾਮ ਦਾ ਵੀ ਜ਼ਿਕਰ ਕੀਤਾ। ਹੁਣ ਤਾਂਤਰਿਕ ਲਾਜੁਆਬ ਸੀ। ਜਦ ਮੈਂ ਉਸ ਕੋਲ ਮੈਜਿਕ ਰੈਮੀਡੀਜ਼ ਐਕਟ ਬਾਰੇ ਦੱਸਿਆ ਕਿ ਉਸ ਤਹਿਤ ਤੁਹਾਡੇ ਵਰਗਿਆਂ ਲਈ ਸਜ਼ਾਵਾਂ ਨਿਸਚਿਤ ਕੀਤੀਆਂ ਗਈਆਂ ਹਨ ਤਾਂ ਉਹ ਤਾਰਾ ਵੰਤੀ ਦੇ ਇਲਾਜ ਨੂੰ ਛੱਡ ਤੁਰਦਾ ਬਣਿਆ। ਤਰਕ ਦੀ ਉਸ ਜਿੱਤ ਨੇ ਮੈਨੂੰ ਆਪਣੇ ਵਿਚਾਰਾਂ ਤੇ ਅਡੋਲ ਤੁਰਦੇ ਰਹਿਣ ਦੀ ਤਾਕਤ ਦਿੱਤੀ।

ਪੰਜਾਬੀ ਰੂਪਾਂਤਰ: ਅਦਾਰਾ

# ਵਾਰਤਾ ਪੱਤਰ

*ਦੇਸ਼ ਭਰ ਵਿੱਚ ਵਿਗਿਆਨਕ ਚੇਤਨਾ ਨਾਲ ਅੰਧਵਿਸ਼ਵਾਸਾਂ, ਅਗਿਆਨਤਾ, ਸਮਾਜਿਕ ਨਾ ਬਰਾਬਰੀ ਤੇ ਹੋਰ ਕੁਰੀਤੀਆਂ ਖ਼ਿਲਾਫ਼ ਪ੍ਰਚਾਰ ਪਸਾਰ ਵਿੱਚ ਜੁਟੇ ਲੋਕ ਹਿਤੂ ਸੰਸਥਾਵਾਂ ਵੱਲੋਂ ਪ੍ਰਕਾਸ਼ਿਤ ਮੈਗਜ਼ੀਨਾਂ ਨੂੰ ਆਪਣੇ ਪਾਠਕਾਂ ਦੇ ਸਨਮੁੱਖ ਕਰਨ ਲਈ ਇਹ ਨਵਾਂ ਕਾਲਮ ਸ਼ੁਰੂ ਕਰ ਰਹੇ ਹਾਂ।.......ਅਦਾਰਾ।*

**ਮੈਗਜ਼ੀਨ ਦਾ ਆਰੰਭ:** ਭਾਰਤ ਦੀ ਕੌਮੀ ਤਰਕਸ਼ੀਲ ਲਹਿਰ ਵਿੱਚ ਮਹੱਤਵਪੂਰਨ ਰੋਲ ਅਦਾ ਕਰ ਰਹੀ ਅੰਧਸ਼ਰਧਾ ਨਿਰਮੂਲਣ ਸੰਮਤੀ ਦਾ ਮਹੀਨਾਵਾਰ ਮੈਗਜ਼ੀਨ 'ਵਾਰਤਾ ਪੱਤਰ' ਪਿਛਲੇ 29 ਸਾਲ ਤੋਂ ਲੋਕ ਮਨਾਂ ਚੋਂ ਅੰਧ ਸ਼ਰਧਾ, ਅਗਿਆਨਤਾ, ਕਰਮ ਕਾਂਡ, ਭਰਮ ਭੁਲੇਖੇ ਤੇ ਬਾਬਾਵਾਦ ਦਾ ਡਰ ਕੱਢਣ ਲਈ ਪਾਠਕਾਂ ਦੇ ਦਰਾਂ ਤੇ ਦਸਤਕ ਦੇ ਰਿਹਾ ਹੈ।ਇਸ ਦੇ ਪਹਿਲੇ ਸੰਪਾਦਕ ਡਾ. ਪ੍ਰਦੀਪ ਪਾਟਕਰ ਬਣੇ,ਉਸ ਵਕਤ ਮੈਗਜ਼ੀਨ ਦੀ ਛਪਣ ਗਿਣਤੀ 2,000 ਸੀ। ਮੌਜੂਦਾ ਸੰਪਾਦਕ ਪ੍ਰੋ. ਪੀ. ਆਰੜੇ ਹਨ। ਜਦਕਿ ਮੈਨੇਜਿੰਗ ਐਡੀਟਰ ਤੇ ਪਬਲਿਸ਼ਰ ਦੀ ਜ਼ਿੰਮੇਵਾਰੀ ਰਾਹੁਲ ਥੋਰਾਤ ਨਿਭਾ ਰਹੇ ਹਨ।



**ਲਿਖਤਾਂ ਤੇ ਵਿਸ਼ੇ:** ਹਰ ਮਹੀਨੇ 11,000 ਦੀ ਗਿਣਤੀ ਵਿੱਚ ਛਪਦੇ ਇਸ ਪ੍ਰਮੁੱਖ ਮਰਾਠੀ ਮੈਗਜ਼ੀਨ ਵਿੱਚ ਗਿਆਨ ਵਿਗਿਆਨ, ਚੇਤਨਾ, ਮਨੋਵਿਗਿਆਨ ਨਾਲ ਸਬੰਧਤ ਲਿਖਤਾਂ ਛਾਪੀਆਂ ਜਾਂਦੀਆਂ ਹਨ ਜਦਕਿ ਅੰਧ ਸ਼ਰਧਾ ਨੂੰ ਦੂਰ ਕਰਦੀਆਂ ਰਚਨਾਵਾਂ, ਅਖੌਤੀ ਬਾਬਿਆਂ ਦੇ ਪਰਦਾ ਫਾਸ਼ ਦੀਆਂ ਰਿਪੋਰਟਾਂ,ਵਿਗਿਆਨਕ ਦ੍ਰਿਸ਼ਟੀਕੋਣ ਬਣਾਉਣ ਲਈ ਲਿਖਤਾਂ ਤੇ ਨਿਰਮੂਲਣ ਸੰਮਤੀ ਵੱਲੋਂ ਕੀਤੇ ਕਾਰਜਾਂ ਦੀਆਂ ਸਰਗਰਮੀ ਰਿਪੋਰਟਾਂ ਪ੍ਰਮੁਖਤਾ ਨਾਲ ਛਾਪੀਆਂ ਜਾਂਦੀਆਂ ਹਨ।ਮੈਗਜ਼ੀਨ ਵਿਚਾਰਵਾਨ ਤੇ ਸਮਾਜਿਕ ਮਸਲਿਆਂ ਤੇ ਠੀਕ ਸਮਝ ਰੱਖਣ ਵਾਲੇ ਲੇਖਕਾਂ ਨਾਲ ਮੁਲਾਕਾਤਾਂ ਤੇ ਰੂਬਰੂ ਪਹਿਲ ਦੇ ਅਧਾਰ ਤੇ ਪ੍ਰਕਾਸ਼ਿਤ ਕਰਦਾ ਹੈ। ਪਾਠਕਾਂ ਦੇ ਖ਼ਤਾਂ ਲਈ ਵੱਖਰਾ ਕਾਲਮ ਹੈ।ਨਿਰਮੂਲਣ ਸੰਮਤੀ ਵੱਲੋਂ ਪ੍ਰਕਾਸ਼ਿਤ ਤੇ ਉਦੇਸ਼ ਨਾਲ ਮੇਲ ਖਾਂਦੀਆਂ ਹੋਰ ਅਗਾਂਹਵਧੂ ਪੁਸਤਕਾਂ ਦੇ ਰੀਵਿਊ ਵੀ ਮੈਗਜ਼ੀਨ ਦਾ ਹਿੱਸਾ ਹੁੰਦੇ ਹਨ। ਚੇਤਨਾ ਦਾ ਇਹ ਕਾਰਜ ਨਿਰਮੂਲਣ ਸੰਮਤੀ ਦੇ ਕਾਮਿਆਂ ਵੱਲੋਂ ਪਹਿਲ ਦੇ ਆਧਾਰ ਤੇ ਹੀ ਕੀਤਾ ਜਾਂਦਾ ਹੈ।

**ਪਾਠਕਾਂ ਤੱਕ ਦਾ ਸਫ਼ਰ:** ਸਾਰੇ ਮੈਗਜ਼ੀਨ ਲਗਭਗ ਮੈਂਬਰ ਸ਼ਿਪ ਵਾਲੇ ਹੀ ਹੁੰਦੇ ਹਨ, ਥੋੜ੍ਹਾ ਮੈਗਜ਼ੀਨ ਬੁੱਕ ਸਟਾਲਾਂ ਤੇ ਵੀ ਜਾਂਦਾ ਹੈ। ਰਾਜ ਦੇ ਸਕੂਲਾਂ ਤੇ ਲਾਇਬ੍ਰੇਰੀਆਂ ਤੱਕ ਮੈਗਜ਼ੀਨ ਪੁਜਦਾ ਕੀਤਾ ਜਾਂਦਾ ਹੈ। ਤਹਿਸੀਲ ਪੱਧਰ ਤੱਕ ਵਧੇਰੇ ਪਿੰਡਾਂ ਤੱਕ ਅਨਿਸ ਦੇ ਕਾਮਿਆਂ ਨੇ ਮੈਗਜ਼ੀਨ ਦਾ ਲੋਕਾਂ ਨਾਲ ਰਾਬਤਾ ਬਣਾ ਦਿੱਤਾ ਹੈ। ਹਰੇਕ ਸਾਲ ਨਵੰਬਰ ਦਸੰਬਰ ਚ ਵਾਰਤਾ ਪੱਤਰ ਦਾ ਵਿਸ਼ੇਸ਼ ਅੰਕ ਛਪਦਾ ਹੈ, ਜਿਸ ਦੀ ਗਿਣਤੀ 13,000 ਹੁੰਦੀ ਹੈ। ਇਹ ਦੀਵਾਲੀ ਅੰਕ ਹੁੰਦਾ ਹੈ, ਜਿਸ ਲਈ ਦੇਸ਼ ਭਰ ਵਿੱਚੋਂ ਵਿਗਿਆਨਕ ਦ੍ਰਿਸ਼ਟੀਕੋਣ ਨੂੰ ਉਚਿਆਉਣ ਵਾਲੀਆਂ ਲਿਖਤਾਂ ਪ੍ਰਕਾਸ਼ਿਤ ਹੁੰਦੀਆਂ ਹਨ। ਇਸ ਅੰਕ ਵਿੱਚ ਇਸ਼ਤਿਹਾਰ ਵੀ ਪ੍ਰਕਾਸ਼ਿਤ ਕੀਤੇ ਜਾਂਦੇ ਹਨ।

**ਫ਼ਿਰਕੂ ਸੰਗਠਨਾਂ ਦੀ ਔਖ:** ਮੈਗਜ਼ੀਨ ਵਿੱਚ ਧਾਰਮਿਕ ਕਰਮਕਾਂਡਾਂ ਤੇ ਅਖੌਤੀ ਧਰਮ ਗੁਰੂਆਂ ਦੀ ਅਸਲੀਅਤ ਜੱਗ ਜ਼ਾਹਰ ਕਰਨ ਲਈ ਛਪਦਾ ਮੈਟਰ ਪਾਠਕਾਂ ਦੀ ਪਹਿਲੀ ਪਸੰਦ ਬਣਦਾ ਹੈ। ਅੰਧਵਿਸ਼ਵਾਸੀ ਬਿਰਤੀ ਤੇ ਚੋਟ ਕਰਦੀਆਂ ਸਮਾਜ ਵਿੱਚ ਵਾਪਰਦੀਆਂ ਘਟਨਾਵਾਂ ਨੂੰ ਮੈਗਜ਼ੀਨ ਵਿੱਚ ਵਿਸ਼ੇਸ਼ ਕੋਨਿਆਂ ਤੇ ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਪ੍ਰਬੰਧਕੀ ਸੰਪਾਦਕ ਰਾਹੁਲ ਥੋਰਾਤ ਦਸਦੇ ਹਨ ਕਿ ਵਾਰਤਾ ਪੱਤਰ ਦੀ ਵਧ ਰਹੀ ਹਰਮਨਪਿਆਰਤਾ ਤੇ ਫ਼ਿਰਕੂ ਸੰਗਠਨਾਂ ਦੀ ਤਿੱਖੀ ਨਜ਼ਰ ਰਹਿੰਦੀ ਹੈ। ਮੈਗਜ਼ੀਨ ਵਿੱਚ ਛਪਦੇ ਮੈਟਰ ਤੇ ਇਹਨਾਂ ਸੰਗਠਨਾਂ ਨੇ ਅਦਾਲਤ ਵਿੱਚ ਕੇਸ ਕੀਤੇ ਹੋਏ ਹਨ।ਮਾਣਹਾਨੀ ਦੇ ਚਲਦੇ 11 ਕੇਸਾਂ ਵਿੱਚੋਂ 6 ਦਾ ਫੈਸਲਾ ਨਿਰਮੂਲਣ ਸੰਮਤੀ ਤੇ ਵਾਰਤਾ ਪੱਤਰ ਦੇ ਹੱਕ ਵਿੱਚ ਹੋ ਚੁੱਕਾ ਹੈ। ਡਾ. ਨਰੇਂਦਰ ਦਾਭਲੋਕਰ ਦੀ ਸ਼ਹਾਦਤ ਉਪਰੰਤ ਅਨਿਸ (ਅੰਧ ਸ਼ਰਧਾ ਨਿਰਮੂਲਣ ਸੰਮਤੀ) ਦਾ ਕਾਰਜ ਖੇਤਰ ਹੋਰ ਵਿਸ਼ਾਲ ਹੋਣ ਤੇ ਵਾਰਤਾ ਪੱਤਰ ਦੀ ਛਪਣ ਗਿਣਤੀ ਲਗਾਤਾਰ ਵਧ ਰਹੀ ਹੈ।

**ਗਿਣਨਯੋਗ ਕਾਰਜ:** ਮੈਗਜ਼ੀਨ ਵਿੱਚ ਛਪੇ ਵੱਖ ਵੱਖ ਵਿਸ਼ਿਆਂ ਨਾਲ ਸਬੰਧਤ ਲੇਖਾਂ ਨੂੰ ਪੁਸਤਕਾਂ ਦੇ ਰੂਪ ਵਿੱਚ ਛਾਪ ਕੇ ਪਾਠਕਾਂ ਤੱਕ ਪੁੱਜਦਾ ਕੀਤਾ ਜਾਂਦਾ ਹੈ। ਵਾਰਤਾ ਪੱਤਰ ਦਾ ਮੁੱਖ ਦਫਤਰ ਸਿਤਾਰਾ ਨੇੜੇ ਸਾਂਗਲੀ ਵਿਖੇ ਹੈ, ਸੰਪਾਦਕੀ ਬੋਰਡ ਦੀਆਂ ਮੀਟਿੰਗਾਂ ਤੋਂ ਛਪਾਈ ਤੱਕ ਸਾਰਾ ਕੰਮ ਇੱਥੇ ਹੀ ਮੁਕੰਮਲ ਹੁੰਦਾ ਹੈ।ਪਬਲਿਸ਼ਰ ਤੇ ਪ੍ਰਬੰਧਕੀ ਸੰਪਾਦਕ ਰਾਹੁਲ ਥੋਰਾਤ ਮੈਗਜ਼ੀਨ ਦੇ ਕੁੱਲ ਵਕਤੀ ਕਾਮੇ ਵਜੋਂ ਕੰਮ ਕਰਦੇ ਹਨ। ਮੈਗਜ਼ੀਨ ਦੀ ਛਪਾਈ ਤੇ ਵੰਡ ਵੰਡਾਈ ਦਾ ਸਮੁੱਚਾ ਪ੍ਰਬੰਧ ਸਰਾਹੁਣਯੋਗ ਹੈ।

# ਮਹਾਂਰਾਸ਼ਟਰ ਦੌਰੇ ਦੇ ਸਬਕ



**ਰਾਜਿੰਦਰ ਭਦੌੜ**

ਪੂਨਾ ਵਿਖੇ ਸਨਮਾਨ ਪ੍ਰਾਪਤੀ ਸਮਾਗਮ 'ਚ ਸ਼ਮੂਲੀਅਤ ਦੌਰਾਨ ਅੰਧ ਸ਼ਰਧਾ ਨਿਰਮੂਲਨ ਸੰਮਤੀ ਮਹਾਂਰਾਸ਼ਟਰ, ਸਾਧਨਾ ਟਰੱਸਟ ਪੂਨਾ ਤੇ ਮਹਾਂਰਾਸ਼ਟਰ ਫਾਊਂਡੇਸ਼ਨ ਅਮਰੀਕਾ ਦੇ ਕੰਮਕਾਰ, ਵਰਕਰਾਂ ਦੇ ਨਾਲ ਮੇਲ ਜੋਲ, ਜਥੇਬੰਦਕ ਕੰਮ ਦੇਖਣ ਉਪਰੰਤ ਬਹੁਤ ਕੁਝ ਅਜਿਹਾ ਹਾਸਲ ਹੋਇਆ ਜੋ ਸਾਡੇ ਲਈ ਪ੍ਰੇਰਨਾਦਾਇਕ ਬਣਦਾ ਹੈ। ਉਕਤ ਤਿੰਨੋਂ ਅਦਾਰੇ ਇੱਕ ਦੂਜੇ ਦੇ ਪੂਰਕ ਹਨ। ਡਾ. ਨਰੇਂਦਰ ਦਾਭੋਲਕਰ ਦੀ ਸ਼ਹਾਦਤ ਸਮੇਂ ਉਹ ਹਫ਼ਤਾਵਾਰੀ 'ਸਾਧਨਾ' ਮੈਗਜ਼ੀਨ ਦੇ ਮੁੱਖ ਸੰਪਾਦਕ ਸਨ ਤੇ ਤਿੰਨਾਂ ਅਦਾਰਿਆਂ ਦੇ ਰੂਪ ਵਿਚ ਕੰਮ ਕਰਦੇ ਸਨ। ਸਾਧਨਾ ਟਰੱਸਟ ਦਾ ਮੁੱਖ ਦਫ਼ਤਰ ਪੂਨਾ ਵਿਖੇ ਹੈ ਜਿੱਥੋਂ ਉਸਾਰੂ ਸਾਹਿਤ ਦਾ ਸੰਚਾਲਨ ਹੁੰਦਾ ਹੈ। ਦੀਵਾਲੀ ਵਰਗੇ ਪ੍ਰਦੂਸ਼ਨ ਫੈਲਾਉਣ ਵਾਲੇ ਤਿਉਹਾਰਾਂ ਸੰਬੰਧੀ ਤਿੰਨ ਲੱਖ ਦੀ ਗਿਣਤੀ ਵਿੱਚ ਵਿਸ਼ੇਸ਼ ਅੰਕ ਛਾਪ ਕੇ ਸਾਰੇ ਮਹਾਂਰਾਸ਼ਟਰ ਦੇ ਵਿਦਿਆਰਥੀਆਂ ਤੱਕ ਪਹੁੰਚਾਇਆ ਜਾਂਦਾ ਹੈ। ਇਸ ਦਫ਼ਤਰ ਵਿਚ ਕੁੱਲ ਵਕਤੀ ਕਾਮਿਆ ਤੋਂ ਬਿਨ੍ਹਾਂ ਕਰਮਚਾਰੀ ਵੀ ਕੰਮ ਕਰਦੇ ਹਨ। ਅੰਧ ਸ਼ਰਧਾ ਨਿਰਮੂਲਨ ਸੰਮਤੀ ਦਾ ਮਾਰਾਠੀ ਮੈਗਜ਼ੀਨ 'ਵਾਰਤਾ ਪੱਤਰ' ਜਿਸ ਦੇ ਪ੍ਰਬੰਧਕੀ ਸੰਪਾਦਕ ਰਾਹੁਲ ਥੋਰਾਤ ਜੀ ਹਨ ਜੋ ਸਾਂਗਲੀ ਤੋਂ ਪ੍ਰਕਾਸ਼ਿਤ ਹੁੰਦਾ ਹੈ। ਸੰਸਥਾ ਦੀ ਦਫ਼ਤਰ ਅਤੇ ਰਾਹੁਲ ਥੋਰਾਤ ਦੀ ਰਿਹਾਇਸ਼ ਇੱਕ ਹੀ ਬਿਲਡਿੰਗ ਵਿਚ ਸਥਿਤ ਹੈ। ਸੰਸਥਾ ਦੀਆਂ ਪੂਰੇ ਮਹਾਂਰਾਸ਼ਟਰ ਦੇ 48 ਜਿਲ੍ਹਿਆਂ ਵਿੱਚ 36 ਇਕਾਈਆਂ ਕੰਮ ਕਰਦੀਆਂ ਹਨ। ਹਰ ਇਕਾਈ ਦੀ ਹਰ ਹਫ਼ਤੇ ਸੋਮਵਾਰ ਨੂੰ ਮੀਟਿੰਗ ਹੁੰਦੀ ਹੈ। ਸੰਸਥਾ ਕੋਲ ਦਰਜਨ ਕੁੱਲ ਵਕਤੀ ਕਾਮੇ ਹਨ। ਬਾਕੀ ਮੈਂਬਰਾਂ ਵਿਚ ਵੀ ਬਹੁਤੇ ਪਰਿਵਾਰ ਪੂਰੇ ਦੇ ਪੂਰੇ ਹੀ ਮੈਂਬਰ ਹਨ। ਕੁਝ ਉਹ ਸਰਗਰਮ ਮੈਂਬਰ ਵੀ ਮਿਲੇ ਜੋ ਡਾ. ਦਾਭੋਲਕਰ ਦੀ ਸ਼ਹਾਦਤ ਤੋਂ ਬਾਅਦ ਹੀ ਸੰਸਥਾ ਨਾਲ ਜੁੜੇ ਹਨ। 28 ਜਨਵਰੀ 2019 ਨੂੰ ਅਨਿਸ ਦੀ ਲੀਡਿੰਗ ਇਕਾਈ ਇਸਲਾਮਪੁਰ ਨਾਲ ਸ਼ਾਮ ਦੀ ਮੀਟਿੰਗ ਸਾਂਝੀ ਕਰਨੀ ਸੀ। ਰੁਝੇਵੇਂ ਕਰਕੇ ਅਸੀਂ ਸ਼ਾਮ ਸੱਤ ਵਜੇ ਦੀ ਥਾਂ ਅੱਠ ਵਜੇ ਪਹੁੰਚੇ। ਇੱਕ ਘੰਟਾ ਵਿਚਾਰ ਵਟਾਂਦਰਾ ਹੋਇਆ। ਲਗਭਗ 30 ਮੈਂਬਰ ਹਾਜ਼ਰ ਸਨ ਜਿਨ੍ਹਾਂ ਵਿਚ ਨੌਜਵਾਨ ਲੜਕੇ/ਲੜਕੀਆਂ ਦੀ ਗਿਣਤੀ ਜ਼ਿਆਦਾ ਸੀ। ਕਿਸੇ ਨੂੰ ਵੀ ਘਰ ਜਾਣ ਦੀ ਕੋਈ ਕਾਹਲੀ ਨਹੀਂ ਸੀ।

ਡਾ. ਦਾਭੋਲਕਰ ਦੇ ਸ਼ਹੀਦੀ ਸਥਾਨ ਪੂਨਾ ਵਿਖੇ ਹਰ ਮਹੀਨੇ ਦੀ 20 ਤਰੀਕ ਨੂੰ ਯਾਦਗਾਰੀ ਸਮਾਗਮ ਹੁੰਦਾ ਹੈ। ਅਗਸਤ ਮਹੀਨੇ ਦੀ 20 ਤਰੀਕ ਨੂੰ ਤਾਂ ਪੂਰਾ ਹਾਈਵੇਅ ਬੰਦ ਕਰਕੇ ਹਜ਼ਾਰਾਂ ਦੀ ਗਿਣਤੀ ਵਿਚ ਹਮਦਰਦ/ਵਰਕਰ ਇੱਕਤਰ ਹੋ ਕੇ ਡਾ. ਦਾਭੋਲਕਰ ਦੇ ਅਧੂਰੇ ਕਾਰਜਾਂ ਨੂੰ ਪੂਰਾ ਕਰਨ ਦਾ ਪ੍ਰਣ ਦੁਹਰਾਉਂਦੇ ਹਨ ਜਿਸ ਨੂੰ ਹਰ ਤਰ੍ਹਾਂ ਦਾ ਮੀਡੀਆ ਕਵਰ ਕਰਦਾ ਹੈ।

ਨਸ਼ਿਆਂ ਸੰਬਧੀ ਭਾਵੇਂ ਸੰਸਥਾ ਵੱਲੋਂ ਕੋਈ ਸਖ਼ਤ ਨਿਯਮ ਨਹੀਂ ਬਣਾਏ ਗਏ ਪਰ ਮਹਾਂਰਾਸ਼ਟਰ ਅੰਦਰ ਸੰਸਥਾ ਵੱਲੋਂ ਨਸ਼ਿਆਂ ਵਿਰੁੱਧ ਚਲਾਏ ਜਾਂਦੇ ਲਗਾਤਾਰ ਅਭਿਆਨ ਦੇ ਨਤੀਜੇ ਵਜੋਂ ਸੰਸਥਾ ਦੇ ਕਿਸੇ ਵੀ ਮੈਂਬਰ ਨੇ ਦੂਸਰੇ ਮੈਂਬਰ ਨੂੰ ਨਸ਼ਾ ਕਰਦੇ ਨਹੀਂ ਵੇਖਿਆ। ਸੰਸਥਾ ਦੇ ਮੈਂਬਰਾਂ ਦਾ ਇਖਲਾਕੀ ਗੁਣਾਂ ਤੇ ਪਹਿਰਾ ਦੇਣ ਦਾ ਸਮਾਜ ਤੇ ਗਿਣਨਯੋਗ ਪ੍ਰਭਾਵ ਹੈ। 27 ਜਨਵਰੀ 2019 ਦੇ ਸਨਮਾਨ ਸਮਾਰੋਹ ਦੀ ਰੂਪ ਰੇਖਾ, ਸੰਚਾਲਨ ਬਹੁਤ ਹੀ ਚੰਗੀ ਵਿਉਂਤਬੰਦੀ ਦੀ ਮਿਸਾਲ ਸੀ। ਹਰ ਮਹਿਮਾਨ ਨੇ ਕਦੋਂ ਕਿੰਨਾ ਸਮਾਂ ਸਮਾਗਮ ਨੂੰ ਸੰਬੋਧਨ ਕਰਨਾ ਹੈ, ਲਿਖਤੀ ਦਿੱਤਾ ਹੋਇਆ ਸੀ। ਸਮਾਗਮ ਵਿਚਕਾਰ ਇੱਕ ਘੰਟੇ ਦੀ ਰਿਫਰੈਸ਼ਮੈਂਟ ਬਰੇਕ ਆਪਸੀ ਮੇਲ ਮਿਲਾਪ ਤੇ ਮਹਿਮਾਨ ਨਿਵਾਜੀ ਦਾ ਸਿਖਰ ਸੀ। ਜਿੰਨਾਂ ਵੱਡਾ ਅਹੁਦੇਦਾਰ ਓਨੀ ਹੀ ਤਨਦੇਹੀ ਨਾਲ ਡਿਊਟੀ ਹੋ ਰਹੀ ਸੀ। ਮਹਿਮਾਨਾਂ ਨੂੰ ਰੇਲਵੇ ਸਟੇਸ਼ਨ/ਏਅਰਪੋਰਟ ਤੋਂ ਰਸੀਵ ਕਰਨ ਤੋਂ ਲੈ ਕੇ ਵਾਪਸ ਚੜ੍ਹਾਉਣ ਤੱਕ ਮਹਿਮਾਨਾਂ ਦੀਆਂ ਰਹਿਣ ਸਹਿਣ, ਖਾਣ ਪੀਣ ਤੇ ਹਰ ਤਰ੍ਹਾਂ ਦੀਆ ਡਿਊਟੀਆਂ ਤੇ ਮੁੱਖ ਆਗੂ ਤਾਇਨਾਤ ਸਨ। ਹਰ ਡਿਊਟੀ ਵਿਚੋਂ ਉਦੇਸ਼ ਪ੍ਰਤੀ ਸਮਰਪਣ ਦੀ ਭਾਵਨਾ ਝਲਕਦੀ ਸੀ। ਇਹ ਪੂਰੀ ਟੀਮ ਦੇ ਕੰਮ ਦੀ ਲਗਾਤਾਰਤਾ ਦਾ ਸਿੱਟਾ ਸੀ। ਸੰਸਥਾ ਵਿਚ ਨੌਜਵਾਨ ਲੜਕੇ ਤੇ ਲੜਕੀਆਂ ਦੀ ਮੈਂਬਰਸ਼ਿੱਪ ਬਹੁਤ ਜਿਆਦਾ ਹੈ। ਉਹ ਨੌਜਵਾਨਾਂ ਨੂੰ ਸਿੱਖਿਆ, ਰੁਜ਼ਗਾਰ, ਵਿਆਹ ਤੇ ਇਖਲਾਕੀ ਕਦਰਾਂ ਕੀਮਤਾਂ ਤੇ ਲਗਾਤਾਰ ਅਗਵਾਈ ਦਿੰਦੇ ਹਨ। ਇਹ ਯਾਦਗਾਰੀ ਸਮਾਗਮ ਸਾਡੇ ਲਈ ਬਹੁਤ ਕੁਝ ਸਿੱਖਣ ਦਾ ਸੋਮਾ ਹੋ ਨਿੱਬੜਿਆ ਜਿਸ ਤੋਂ ਸਾਰਿਆਂ ਨੂੰ ਹੀ ਪ੍ਰੇਰਨਾ ਲੈਣ ਦੀ ਜਰੂਰਤ ਹੈ।

ਆਪਣੀ ਤਿੰਨ ਦਿਨਾਂ ਸੰਖੇਪ ਫੇਰੀ ਦੌਰਾਨ ਨਿਰਮੂਲਣ ਸੰਮਤੀ ਦੇ ਵਿਸ਼ਾਲ ਦਾਇਰੇ, ਹਰ ਵਰਗ ਵਿੱਚ ਕੀਤੇ ਜਾ ਰਹੇ ਕੰਮ ਤੇ ਸਮਾਜ ਦੇ ਲਗਭਗ ਸਾਰੇ ਮਸਲਿਆਂ ਵਿੱਚ ਰੱਖਿਆ ਜਾਂਦਾ ਪੱਖ ਗਿਣਨਯੋਗ ਕਾਰਜ ਹੈ। ਅਨਿਸ ਦੇ ਕਾਮਿਆਂ ਦੀ ਸਹਿਜ ਜ਼ਿੰਦਗੀ, ਕੰਮ ਨੂੰ ਆਪਣਾ ਸਮਝ ਕੇ ਕਰਨਾ ਤੇ ਹਰ ਤਰ੍ਹਾਂ ਦੇ ਵਿਖਾਵੇ ਤੋਂ ਦੂਰ ਇਮਾਨਦਾਰ ਰਵੱਈਆ ਸਿਖਣਯੋਗ ਹੈ ਆਖਰੀ ਗੱਲ: ਸਾਡੀ ਇਸ ਫੇਰੀ ਨੇ ਦੋ ਸੰਸ ਥਾਵਾਂ ਦੀ ਸਾਂਝ ਨੂੰ ਹੋਰ ਪਕੇਰਿਆਂ ਕੀਤਾ ਹੈ,ਜਿਸਦੇ ਆਉਣ ਵਾਲੇ ਸਮੇਂ ਵਿੱਚ ਹਾਂ ਪੱਖੀ ਨਤੀਜੇ ਵੇਖਣ ਨੂੰ ਮਿਲਣਗੇ।

*ਵਿਸ਼ੇਸ਼ ਰਿਪੋਰਟ*

# ਪੂਨਾ ਸਨਮਾਨ ਸਮਾਰੋਹ - ਇੱਕ ਸੁਖਦ ਅਨੁਭਵ



**ਰਾਮ ਸਵਰਨ ਲੱਖੇਵਾਲੀ**

ਸਾਲ 2019 ਦਾ ਇਹ ਪਹਿਲਾ ਸੁਖਦ ਸੁਨੇਹਾ ਸੀ, ਜਿਹੜਾ ਅੰਧ ਸ਼ਰਧਾ ਨਿਰਮੂਲਣ ਸੰਮਤੀ ਮਹਾਰਾਸ਼ਟਰ ਦੇ ਮਰਾਠੀ ਮੈਗਜ਼ੀਨ 'ਵਾਰਤਾ ਪੱਤਰ' ਦੇ ਪ੍ਰਬੰਧਕੀ ਸੰਪਾਦਕ ਰਾਹੁਲ ਥੋਰਾਤ ਰਾਹੀਂ ਮਿਲਿਆ। ਉਹਨਾਂ ਦੱਸਿਆ ਕਿ ਮਹਾਰਾਸ਼ਟਰ ਫਾਊਂਡੇਸ਼ਨ (ਅਮਰੀਕਾ) ਨੇ ਡਾ. ਨਰੇਂਦਰ ਦਾਭੋਲਕਰ ਯਾਦਗਾਰੀ ਪੁਰਸਕਾਰ; 2018 ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਨੂੰ ਦੇਣ ਦਾ ਫੈਸਲਾ ਲਿਆ ਹੈ। ਉਹਨਾਂ ਇਹ ਵੀ ਦੱਸਿਆ ਕਿ ਪਹਿਲੀ ਵਾਰ ਹੈ ਕਿ ਇਹ ਪੁਰਸਕਾਰ ਮਹਾਰਾਸ਼ਟਰ ਤੋਂ ਬਾਹਰ ਡਾ. ਦਾਭਲੋਕਰ ਦੇ ਵਿਚਾਰਾਂ ਵਾਲੀ ਸੰਸਥਾ ਨੂੰ ਦਿੱਤਾ ਜਾਵੇਗਾ। ਪਹਿਲਾਂ ਇਹ ਪੁਰਸਕਾਰ ਮਹਾਰਾਸ਼ਟਰ ਵਿੱਚ ਸਮਾਜ ਲਈ ਵਿਸ਼ੇਸ਼, ਨਿਵੇਕਲਾ ਕੰਮ ਕਰਨ ਵਾਲੇ ਨਾਮਵਰ ਵਿਅਕਤੀਆਂ ਨੂੰ ਦਿੱਤਾ ਜਾ ਚੁੱਕਾ ਹੈ।

### ਸੁਨੇਹਾ, ਸਕੂਨ ਤੇ ਸਰਗਰਮੀ

ਮਨ ਨੂੰ ਸਕੂਨ, ਖੁਸ਼ੀ ਦੇਣ ਵਾਲਾ ਇਹ ਸੁਨੇਹਾ, ਪਹਿਲਾਂ ਸੂਬਾਈ ਆਗੂਆਂ ਤੇ ਫਿਰ ਮੀਡੀਆ ਰਾਹੀਂ ਸਾਰੇ ਤਰਕਸ਼ੀਲ ਸਨੇਹੀਆਂ ਤੱਕ ਪੁੱਜਦਾ ਹੋਇਆ। 13 ਜਨਵਰੀ ਨੂੰ ਸਪਤਾਹਿਕ ਮਰਾਠੀ ਮੈਗਜ਼ੀਨ 'ਸਾਧਨਾ' ਦੇ ਸੰਪਾਦਕ ਨੇ ਫੋਨ ਰਾਹੀਂ ਤਰਕਸ਼ੀਲ ਸੁਸਾਇਟੀ ਪੰਜਾਬ ਬਾਰੇ ਮੁਕੰਮਲ ਜਾਣਕਾਰੀ ਹਾਸਲ ਕੀਤੀ, ਜਿਸ ਵਿੱਚ ਸੁਸਾਇਟੀ ਦਾ ਕਾਰਜ ਖੇਤਰ, ਮੈਗਜ਼ੀਨ, ਪ੍ਰਕਾਸ਼ਨ ਤੇ ਬਾਕੀ ਸਰਗਰਮੀਆਂ ਬਾਰੇ ਪੁੱਛਿਆ ਗਿਆ ਸੀ। ਉਹਨਾਂ ਇੱਕ ਹਫ਼ਤੇ ਵਿੱਚ ਸੂਬਾ ਜਥੇਬੰਦਕ ਮੁਖੀ ਦੀ ਸੁਸਾਇਟੀ ਦੇ ਕਾਰਜਾਂ, ਉਦੇਸ਼ਾਂ ਨੂੰ ਦਰਸਾਉਂਦੀ ਮੁਲਾਕਾਤ ਭੇਜਣ ਦੀ ਤਾਕੀਦ ਕੀਤੀ ਤਾਂ ਜੋ 27 ਜਨਵਰੀ ਨੂੰ ਪੂਨਾ ਵਿਖੇ ਹੋਣ ਵਾਲੇ ਸਨਮਾਨ ਸਮਾਰੋਹ ਵਿੱਚ ਸਾਧਨਾ ਮੈਗਜ਼ੀਨ ਵਿੱਚ ਪ੍ਰਕਾਸ਼ਿਤ ਕੀਤੀ ਜਾ ਸਕੇ। ਮੈਂ, ਰਾਜਿੰਦਰ ਭਦੌੜ ਤੇ ਗੁਰਮੀਤ ਅੰਬਾਲਾ ਨੇ ਮੁਲਾਕਾਤ ਰਾਹੁਲ ਥੋਰਾਤ ਤੱਕ ਪੁੱਜਦੀ ਕੀਤੀ, ਜਿਨ੍ਹਾਂ ਉਸਨੂੰ ਮਰਾਠੀ ਵਿੱਚ ਰੂਪਾਂਤਰ ਕਰਨ ਦਾ ਕੰਮ ਕੀਤਾ।

ਡਾ. ਨਰੇਂਦਰ ਦਾਭੋਲਕਰ ਯਾਦਗਾਰੀ ਪੁਰਸਕਾਰ (ਜਿਸ ਵਿੱਚ ਇੱਕ ਲੱਖ ਰੁਪਏ ਦੀ ਰਾਸ਼ੀ ਤੇ ਸਨਮਾਨ ਪੱਤਰ ਸ਼ਾਮਲ ਸੀ) ਲੈਣ ਲਈ ਰਾਜਿੰਦਰ ਭਦੌੜ ਨਾਲ ਸੁਖਵਿੰਦਰ ਬਾਗਪੁਰ, ਭੂਰਾ ਸਿੰਘ ਤੇ ਮੈਂ ਪੂਨਾ ਲਈ ਰਵਾਨਾ ਹੋਏ।

26 ਜਨਵਰੀ 19 ਨੂੰ ਪੂਨਾ ਪਹੁੰਚਣ ਤੇ ਰਾਹੁਲ ਥੋਰਾਤ ਤੇ ਸਾਥੀਆਂ ਨੇ ਨਿੱਘਾ ਸਵਾਗਤ ਕੀਤਾ। ਜਿਸ ਸਵਰੂਪ ਹੋਟਲ ਵਿੱਚ ਅਸੀਂ ਠਹਿਰੇ ਸਾਂ, ਉੱਥੇ ਹੀ ਸਨਮਾਨ ਹਾਸਲ ਕਰਨ ਆਏ ਸਾਹਿਤਕਾਰ ਤੇ ਸਮਾਜਿਕ ਕਾਰਕੁੰਨ ਵੀ ਸਨ।

ਮਹਾਰਾਸ਼ਟਰ ਫਾਊਂਡੇਸ਼ਨ (ਅਮਰੀਕਾ) ਵੱਲੋਂ 27 ਜਨਵਰੀ ਦੀ ਸਵੇਰ ਨੂੰ ਪੁਣੇ ਦੇ ਬਾਲ ਗੰਧਰਵ ਰੰਗ ਮੰਦਰ, ਆਡੀਟੋਰੀਅਮ ਵਿਖੇ ਪ੍ਰੋਗਰਾਮ ਸੀ। ਜਿਸਦੇ ਪ੍ਰਬੰਧਕ ਕੇਸ਼ਵ ਗੋਰੇ ਸਮਾਰਕ ਟਰੱਸਟ ਤੇ ਸਾਧਨਾ ਟਰੱਸਟ, ਪੁਣੇ ਸਨ। ਸ਼ਹਿਰ ਵਿੱਚ ਅਨੇਕਾਂ ਪ੍ਰਮੁੱਖ ਥਾਵਾਂ ਤੇ ਪ੍ਰੋਗਰਾਮ ਦੇ ਵੱਡੇ ਫਲੈਕਸ ਲੱਗੇ ਹੋਏ ਸਨ। ਜਿਨ੍ਹਾਂ ਉੱਪਰ ਸਨਮਾਨ ਹਾਸਲ ਕਰਨ ਵਾਲੇ ਵਿਅਕਤੀਆਂ, ਸੰਸਥਾਵਾਂ ਦੀ ਤਸਵੀਰ ਸਮੇਤ ਸੰਖੇਪ ਜਾਣਕਾਰੀ ਅੰਕਿਤ ਸੀ। ਪ੍ਰੋਗਰਾਮ ਦੇ ਦੋ ਸੈਸ਼ਨ ਸਨ। ਪਹਿਲੇ ਸ਼ੈਸ਼ਨ ਵਿੱਚ 6 ਸਾਹਿਤਕਾਰਾਂ ਦਾ ਲੈਕਚਰ ਤੇ ਸਨਮਾਨ ਸੀ। ਜਿਨ੍ਹਾਂ ਵਿੱਚ ਜੀਵਨ ਗੌਰਵ ਪੁਰਸਕਾਰ ਸ਼ਾਂਤਾ ਗੋਖਲੇ (ਮੁੰਬਈ), ਅਨੰਦਵਰਧਨ, ਸੰਸਥਾ, ਵਰੋਰਾ (ਡਾ. ਵਿਕਾਸ ਆਮਟੇ), ਕਥਾ ਪੁਰਸਕਾਰ : ਸਾਨੀਆ (ਬੈਂਗਲੌਰ), ਨਾਟਕ ਪੁਰਸਕਾਰ: ਰਾਜੀਵ ਨਾਇਕ (ਮੁੰਬਈ), ਲਲਿਤ ਕਲਾ ਪੁਰਸਕਾਰ : ਪ੍ਰਵੀਨ ਬਾਂਦੇਕਰ ਤੇ ਸਮਾਜਿਕ ਕਾਰਜ ਪੁਰਸਕਾਰ: ਹਰੀ ਨਰਕੇ (ਪੁਣੇ) ਸ਼ਾਮਲ ਸਨ।

### ਅਨੂਠੀ ਸਾਂਝ ਦਾ ਪ੍ਰਤੀਕ

ਆਡੀਟੋਰੀਅਮ ਦਾ ਮੰਚ ਮਹਾਰਾਸ਼ਟਰ ਫਾਊਂਡੇਸ਼ਨ ਵੱਲੋਂ ਬੁਲਾਏ ਮਹਿਮਾਨਾਂ ਦੀ ਆਮਦ ਤੇ ਇੱਕ ਅਨੂਠੀ ਦਿੱਖ ਦੇ ਰਿਹਾ ਸੀ। ਮੰਚ ਤੇ ਮਹਾਰਾਸ਼ਟਰ ਦੇ ਪ੍ਰਸਿੱਧ ਨਾਵਲਕਾਰ, ਕਹਾਣੀਕਾਰ, ਕਵੀ,ਲਲਿਤ ਕਲਾਵਾਂ ਦੇ ਪ੍ਰਵੀਨ, ਸਮਾਜਿਕ ਕਾਰਕੁੰਨ, ਤਰਕਸ਼ੀਲ, ਤੇ ਹੋਰਨਾਂ ਖੇਤਰਾਂ ਵਿੱਚ ਲੋਕ ਹਿਤੂ ਕੰਮ ਕਰਨ ਵਾਲੇ ਆਗੂ ਬਿਰਾਜਮਾਨ ਸਨ। ਜਿਨ੍ਹਾਂ ਦੀ ਸਾਂਝ ਦਾ ਪ੍ਰਗਟਾਵਾ ਡਾ. ਨਰੇਂਦਰ ਦਾਭੋਲਕਰ ਦੇ ਵਾਰਸਾਂ ਤੇ ਪ੍ਰਸ਼ੰਸ਼ਕਾਂ ਨੇ ਉਹਨਾਂ ਨੂੰ ਯਾਦਗਾਰੀ ਸਮਾਰੋਹ ਵਿੱਚ ਇਕੱਤਰ ਕਰਕੇ ਕਰ ਵਿਖਾਇਆ ਸੀ। ਇਹ ਉਹ ਲੋਕ ਸਨ, ਜਿਹੜੇ ਆਪਣੀ ਕਲਮ ਨਾਲ, ਕਲਾ ਨਾਲ,ਕਿਰਤ ਨਾਲ ਜਾਤ-ਪਾਤ ਸਮਾਜਿਕ ਨਾ ਬਰਾਬਰੀ, ਅੰਧਵਿਸ਼ਵਾਸ਼, ਅਗਿਆਨਤਾ,ਪਿਛਾਖੜੀ ਪਰੰਪਰਾਵਾਂ ਖ਼ਿਲਾਫ਼ ਆਪੋ ਆਪਣੇ ਖ਼ੇਤਰਾਂ ਵਿੱਚ ਗਿਣਨਯੋਗ ਭੂਮਿਕਾ ਨਿਭਾ ਰਹੇ ਹਨ।

ਇਹ ਡਾ.ਦਾਭੋਲਕਰ ਦੀ ਦੂਰਅੰਦੇਸ਼ੀ ਹੀ ਸੀ ਕਿ ਉਹਨਾਂ ਡੇਢ ਦਹਾਕਾ 'ਸਾਧਨਾ' ਜਿਹੇ ਸਾਹਿਤਕ ਮੈਗਜ਼ੀਨ ਦੇ ਸੰਪਾਦਕ ਹੁੰਦਿਆਂ ਮਹਾਰਾਸ਼ਟਰ ਦੀ ਵਿਗਿਆਨਕ ਚੇਤਨਾ ਲਹਿਰ ਨੂੰ

ਸਾਹਿਤਕਾਰਾਂ ਤੇ ਹੋਰ ਸਮਾਜਿਕ ਲਹਿਰਾਂ ਰੂਪੀ ਮੋਤੀਆਂ ਦੇ ਹਾਰ ਵਿੱਚ ਪਰੋਇਆ। ਸਨਮਾਨ ਸਮਾਰੋਹ ਦੇ ਮੰਚ ਤੇ ਬਣਿਆ ਇਹ ਸੰਗਮ ਰੌਸ਼ਨ ਭਵਿੱਖ ਦੀ ਸ਼ਾਹਦੀ ਭਰਦਾ ਨਜ਼ਰ ਆਉਂਦਾ ਸੀ। ਜਿਸ ਵਿੱਚ ਸਾਧਨਾ ਦੇ ਮੌਜੂਦਾ ਸੰਪਾਦਕ ਵਿਨੋਦ ਸਿਰਸਾਟ ਤੇ ਫਾਊਂਡੇਸ਼ਨ ਦੇ ਚੇਅਰਮੈਨ ਅੰਕੁਸ਼ ਕਰਨਿਕ ਵੀ ਸ਼ਾਮਲ ਸਨ।

**ਮਿਲਣੀਆਂ ਦਾ ਨਿੱਘ**

ਪਹਿਲੇ ਸੈਸ਼ਨ ਦੀ ਸਮਾਪਤੀ ਤੇ ਬਰੇਕ ਵਿੱਚ ਮਹਿਮਾਨ ਗੈਲਰੀ ਵਿੱਚ ਫਾਊਂਡੇਸ਼ਨ ਦੇ ਸਰਪ੍ਰਸਤ ਸੁਨੀਲ ਦੇਸ਼ਮੁਖ, ਡਾ. ਦਾਭੋਲਕਰ ਦੇ ਬੇਟੇ ਡਾ. ਹਮੀਦ ਦਾਭੋਲਕਰ ਤੇ ਹੋਰ ਨਾਮਵਰ ਸਖਸ਼ੀਅਤਾਂ ਨੂੰ ਮਿਲਣ ਦਾ ਮੌਕਾ ਮਿਲਿਆ। ਚਾਹ ਪਾਣੀ ਨਾਲ ਚਲਦੀ ਇਹ ਮਿਲਣੀ ਸੁਹਜ, ਸਾਦਗੀ, ਅਪਣੱਤ ਦਾ ਸੁਮੇਲ ਸੀ। ਮਿਲਣੀਆਂ ਵਿੱਚ ਮਹਿਮਾਨਾਂ ਲਈ ਅਥਾਹ ਮਾਣ ਸਤਿਕਾਰ ਵੇਖਣ ਨੂੰ ਮਿਲਿਆ। ਉੱਥੇ ਹੀ ਸਾਡਾ ਮੇਲ ਅਨਿਸ (ਅੰਧ ਸ਼ਰਧਾ ਨਿਰਮੂਲਣ ਸੰਮਤੀ ਮਹਾਰਾਸ਼ਟਰ) ਦੀ ਸਰਗਰਮ ਆਗੂ ਨੰਦਨੀ ਜਾਧਵ ਨਾਲ ਹੋਇਆ। ਗੱਲਾਂਬਾਤਾਂ, ਨਿੱਘੀਆਂ ਮਿਲਣੀਆਂ, ਤਸਵੀਰਾਂ, ਚਾਹ ਦੀਆਂ ਚੁਸਕੀਆਂ, ਹਾਸਿਆਂ ਤੇ ਜਾਣ ਪਹਿਚਾਣ ਕਰਦਿਆਂ ਦੂਸਰੇ ਸੈਸ਼ਨ ਦਾ ਸਮਾਂ ਹੋ ਗਿਆ।

ਭਰੇ ਆਡੀਟੋਰੀਅਮ ਦੇ ਸਜੇ ਹੋਏ ਪ੍ਰਭਾਵਸ਼ਾਲੀ ਮੰਚ ਤੇ ਪੁਰਸਕਾਰ ਹਾਸਲ ਕਰਨ ਵਾਲੀਆਂ ਸਖਸ਼ੀਅਤਾਂ ਬਿਰਾਜਮਾਨ ਸਨ। ਜਿਨ੍ਹਾਂ ਵਿੱਚ ਮਹਾਰਾਸ਼ਟਰ ਫਾਊਂਡੇਸ਼ਨ ਦੇ ਸਰਪ੍ਰਸਤ, ਪ੍ਰਧਾਨ ਤੇ ਪ੍ਰਸਿੱਧ ਪ੍ਰੋਗਰੈਸਿਵ ਕਲਾਕਾਰ ਤੇ ਫਿਲਮ ਹਸਤੀ ਅਮੋਲ ਪਾਲੇਕਰ ਵੀ ਮੌਜੂਦ ਸਨ। ਪਹਿਲਾਂ ਮੰਚ ਤੋਂ ਅਮਰਾਵਤੀ ਤੋਂ ਆਏ ਸਮਾਜਿਕ ਕਾਰਕੁੰਨ ਮਤੀਨ ਭੋਂਸਲੇ ਦਾ ਲੈਕਚਰ ਸੀ। ਸਾਰੇ ਬੁਲਾਰੇ ਆਪਣੀ ਮਾਂ ਬੋਲੀ ਮਰਾਠੀ ਵਿੱਚ ਹੀ ਬੋਲ ਰਹੇ ਸਨ।

**ਤਰਕਸ਼ੀਲ ਲਹਿਰ ਦੀ ਆਵਾਜ਼**

ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਨੂੰ ਪੁਰਸਕਾਰ ਦੇਣ ਤੋਂ ਪਹਿਲਾਂ ਸੂਬਾਈ ਜਥੇਬੰਦਕ ਮੁਖੀ ਰਾਜਿੰਦਰ ਭਦੌੜ ਨੂੰ ਮੰਚ ਤੇ ਬੋਲਣ ਲਈ ਬੁਲਾਇਆ ਗਿਆ। ਉਹਨਾਂ 20 ਮਿੰਟਾਂ ਦੀ ਆਪਣੀ ਹਿੰਦੀ ਵਿੱਚ ਕੀਤੀ ਤਕਰੀਰ ਵਿੱਚ ਤਰਕਸ਼ੀਲ ਸੁਸਾਇਟੀ ਦੀ ਸਥਾਪਨਾ, ਉਦੇਸ਼, ਕਾਰਜਾਂ ਦਾ ਵਰਨਣ ਕਰਦਿਆਂ ਡਾ. ਨਰੇਂਦਰ ਦਾਭੋਲਕਰ ਯਾਦਗਾਰੀ ਪੁਰਸਕਾਰ ਲਈ ਮਹਾਰਾਸ਼ਟਰ ਫਾਊਂਡੇਸ਼ਨ ਦਾ ਧੰਨਵਾਦ ਕੀਤਾ। ਆਪਣੇ ਸੰਬੋਧਨ ਦੌਰਾਨ ਉਹਨਾਂ ਸੁਸਾਇਟੀ ਵੱਲੋਂ ਚਲਾਏ ਜਾ ਰਹੇ ਮਾਨਸਿਕ ਮਸ਼ਵਰਾ ਕੇਂਦਰਾਂ ਤੇ ਕ੍ਰਿਸ਼ਨ ਬਰਗਾੜੀ ਦੇ ਲਹਿਰ ਲਈ ਪਾਏ ਯੋਗਦਾਨ, ਤਰਕਸ਼ੀਲ ਸਾਹਿਤ ਵੈਨ, ਪ੍ਰਕਾਸ਼ਨ, ਤਰਕਸ਼ੀਲ ਭਵਨ ਤੇ ਕੀਤੀਆਂ ਜਾਂਦੀਆਂ ਸਰਗਰਮੀਆਂ ਦਾ ਵਿਸ਼ੇਸ਼ ਜ਼ਿਕਰ ਕੀਤਾ। ਭਰੇ ਆਡੀਟੋਰੀਅਮ ਵਿੱਚ ਉਹਨਾਂ ਦੀ ਤਕਰੀਰ ਦੌਰਾਨ ਆਉਂਦੀ ਤਾੜੀਆਂ ਦੀ ਗੂੰਜ ਵਿਗਿਆਨਕ ਚੇਤਨਾ ਲਈ ਦਹਾਕਿਆਂ ਤੋਂ ਸਿਦਕਕਦਿਲੀ ਨਾਲ ਜੁਟੇ ਪੰਜਾਬ ਦੇ ਤਰਕਸ਼ੀਲ ਕਾਮਿਆਂ ਦੇ ਕੀਤੇ ਕੰਮਾਂ ਨੂੰ ਸਲਾਮ ਸੀ।

ਸਮਾਰੋਹ ਵਿੱਚ ਬੋਲਦਿਆਂ ਉਹਨਾਂ ਆਖਿਆ ਕਿ ਡਾ. ਦਾਭੋਲਕਰ ਯਾਦਗਾਰੀ ਪੁਰਸਕਾਰ ਤਰਕਸ਼ੀਲ ਸੁਸਾਇਟੀ ਪੰਜਾਬ ਲਈ ਇੱਕ ਜ਼ਿੰਮੇਵਾਰੀ ਹੈ ਕਿ ਅੰਧਵਿਸ਼ਵਾਸਾਂ, ਅਗਿਆਨਤਾ ਤੇ ਮੂਲਵਾਦ ਦੇ ਹਨੇਰੇ ਖ਼ਿਲਾਫ਼ ਸੰਘਰਸ਼ ਵਧੇਰੇ ਤਾਕਤ ਨਾਲ ਕੀਤਾ ਜਾਵੇ। ਸਮਾਰੋਹ ਦੌਰਾਨ ਸੁਸਾਇਟੀ ਦੇ ਜਥੇਬੰਦਕ ਮੁਖੀ ਤੇ ਹੋਰ ਸੂਬਾਈ ਆਗੂਆਂ ਨੇ ਮੁੱਖ ਮਹਿਮਾਨ ਅਮੋਲ ਪਾਲੇਕਰ ਕੋਲੋਂ ਪੁਰਸਕਾਰ ਪ੍ਰਾਪਤ ਕੀਤਾ।

**ਸਾਂਝਾ ਮਾਣ**

ਇਹ ਸਮੁੱਚੀ ਲਹਿਰ ਲਈ ਮਾਣਮੱਤੇ ਪਲ ਸਨ, ਜਦ ਮਹਾਰਾਸ਼ਟਰ ਦੀ ਵੱਕਾਰੀ ਸੰਸਥਾ ਕੋਲੋਂ ਸਨਮਾਨ ਮਿਲ ਰਿਹਾ ਸੀ ਤਾਂ ਆਡੀਟੋਰੀਅਮ ਵਿੱਚ ਬੈਠੇ ਦਰਸ਼ਕਾਂ ਦੇ ਹੱਥਾਂ ਵਿੱਚ ਪ੍ਰਬੰਧਕਾਂ ਵੱਲੋਂ ਮਰਾਠੀ ਮੈਗਜ਼ੀਨ 'ਸਾਧਨਾ' ਤੇ ਸੁਸਾਇਟੀ ਵੱਲੋਂ ਹਿੰਦੀ ਭਾਸ਼ਾ ਵਿੱਚ ਲਿਖਿਆ ਪੈਂਫਲਿਟ ਸਨਮਾਨ ਸੁਨੇਹਾ ਪੁਜਦਾ ਕੀਤਾ ਗਿਆ। ਇਹ ਯਾਦਗਾਰੀ ਸਨਮਾਨ ਸਮਾਰੋਹ ਇੱਕ ਸਨਮਾਨ ਵੀ ਸੀ ਤੇ ਪ੍ਰੇਰਨਾ ਵੀ। ਕੌਮੀ ਪੱਧਰ ਤੇ ਤਰਕਸ਼ੀਲਤਾ ਦੇ ਪ੍ਰਚਾਰ ਪਸਾਰ ਲਈ ਮਜ਼ਬੂਤ ਹੋ ਰਹੀ ਸਾਂਝ ਦੀ ਆਹਲਾ ਉਦਾਹਰਣ ਸੀ।

**ਝਲਕੀਆਂ** :

* ਸਨਮਾਨ ਸਮਾਰੋਹ ਉਪਰੰਤ ਆਡੀਟੋਰੀਅਮ ਦੇ ਬਾਹਰ ਅਨਿਸ ਦੇ ਅਨੇਕਾਂ ਨੌਜਵਾਨ ਕਾਮਿਆਂ ਨੇ ਤਰਕਸ਼ੀਲ ਸੁਸਾਇਟੀ ਪੰਜਾਬ ਬਾਰੇ ਹੋਰ ਜਾਣਕਾਰੀ ਹਾਸਲ ਕੀਤੀ। ਆਪਣੇ ਬਾਰੇ ਦੱਸਿਆ ਤੇ ਸਮਾਰੋਹ ਨੂੰ ਸਾਰਥਿਕ ਉਪਰਾਲਾ ਆਖਿਆ।

* 'ਸਾਧਨਾ' ਮੈਗਜ਼ੀਨ ਵਿੱਚ ਜਥੇਬੰਦਕ ਮੁਖੀ ਦੀ ਮਰਾਠੀ ਵਿੱਚ ਛਪੀ ਮੁਲਾਕਾਤ ਪੜ੍ਹ ਕੇ ਮੁੰਬਈ ਦੇ ਲੇਖਕ ਅਸ਼ੋਕ ਰਾਜਵਾੜੇ ਨੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਪੰਜਾਬ ਵਿੱਚ ਤਰਕਸ਼ੀਲ ਸੁਸਾਇਟੀ ਦੇ ਕੰਮ ਨੂੰ ਮਹਾਰਾਸ਼ਟਰ ਦੇ ਸਭਨਾ ਲੋਕਾਂ ਤੱਕ ਪਹੁੰਚਾਉਣ ਲਈ ਆਪਣੀ ਸੰਸਥਾ ਵੱਲੋਂ ਯਤਨ ਜੁਟਾਉਣ ਦਾ ਅਹਿਦ ਕੀਤਾ।

* ਸਮਾਰੋਹ ਵਿੱਚ ਮਿਲੇ ਸਭਨਾਂ ਮਹਿਮਾਨਾਂ, ਅਨਿਸ ਦੇ ਆਗੂਆਂ ਤੇ ਬੁੱਧੀਜੀਵੀਆਂ ਨੇ ਵਿਗਿਆਨਕ ਚੇਤਨਾ ਲਈ ਤਰਕਸ਼ੀਲ ਮੈਗਜ਼ੀਨ, ਪ੍ਰਕਾਸ਼ਨ ਤੇ ਸਾਹਿਤ ਵੈਨ ਦੇ ਕਾਰਜ ਨੂੰ ਬਹੁਤ ਪ੍ਰਭਾਵੀ ਉੱਦਮ ਦੱਸਿਆ।

* ਤਿੰਨ ਦਿਨਾਂ ਬਾਅਦ ਅਸੀਂ ਪੁਣੇ ਤੋਂ ਪ੍ਰੇਰਨਾ, ਤਜ਼ੁਰਬੇ ਤੇ ਸੁਖਦ ਯਾਦਾਂ ਲੈ ਕੇ ਵਾਪਸ ਪਰਤੇ। **95010 06626**

# ਪ੍ਰਾਪਤ ਆਰਥਿਕ ਸਹਾਇਤਾ

**ਹਾਲ ਫੰਡ :**

1. ਜਗਤਾਰ ਸਿੰਘ, ਬਰਨਾਲਾ (ਬੇਟੇ ਦੇ ਜਨਮ ਦਿਨ ਦੀ ਖੁਸ਼ੀ 'ਚ) 500
2. ਮਾ:ਤਰਲੋਚਨ ਸਮਰਾਲਾ (ਆਪਣੀ ਸੇਵਾ ਮੁਕਤੀ 'ਤੇ) 1100
3. ਸੁਖਦੇਵ ਸਿੰਘ, ਰਾਮਗੜ੍ਹ ਭੁੱਲਰ (ਇਕਾਈ ਜਗਰਾਓਂ) 2000
4. ਜਸਪਾਲ ਸਿੰਘ, ਕਮਾਲਪੁਰਾ (ਕੈਨੇਡਾ) 5000
5. ਸੁਰਜੀਤ ਦੌਧਰ 3000
6. ਸੰਦੀਪ ਸਿੰਘ ਸੰਧੂ, ਕੈਨੇਡਾ ਵਾਲੇ 2000
7. ਕੁਲਦੀਪ ਸਿੰਘ, ਮੋਗਾ 1000
8. ਹਰਿੰਦਰ ਸਿੰਘ ਹਿੰਦਾ, ਮੋਗਾ 1000
9. ਬਲਦੀਪ ਸਿੰਘ ਦੌਧਰ 1000
10. ਮਾ:ਬਲਵੰਤ ਸਿੰਘ, ਉੱਪਲੀ (ਆਪਣੇ ਪੋਤੇ ਦੇ ਜਨਮ 'ਤੇ) 1000
11. ਮਾ.ਬਲਵੰਤ ਸਿੰਘ ਉੱਪਲੀ (ਆਪਣੇ ਮਾਮਾ ਜੀ ਦੇ ਸ਼ਰਧਾਂਜਲੀ ਸਮਾਗਮ 'ਤੇ) 1000
12. ਡਾ.ਜਗਤਾਰ ਸਿੰਘ ਅਤੇ ਪਰਿਵਾਰ ਵੱਲੋਂ (ਮਾਤਾ ਸ੍ਰੀਮਤੀ ਬਲਦੇਵ ਕੌਰ ਦੀ ਯਾਦ ਵਿੱਚ) 1100

**ਇਕਾਈ ਭਾਈ ਰੂਪਾ ਵੱਲੋਂ :**

13. ਸਰਬਜੀਤ ਸਿੰਘ 500
14. ਸੁਖਦੀਪ ਸਿੰਘ 500
15. ਮਿਰਗਿੰਦਰ ਸਿੰਘ 500
16. ਬੂਟਾ ਸਿੰਘ 500
17. ਭੋਲਾ ਸਿੰਘ ਜਰਗਰ 500
18. ਬੂਟਾ ਸਿੰਘ ਮਾਸਟਰ 500
19. ਬਲਵੰਤ ਸਿੰਘ ਮਾਹਲਾ 500
20. ਮਾ: ਚਰਨਜੀਤ ਸਿੰਘ 500
21. ਮਾ: ਨਛੱਤਰ ਸਿੰਘ 500
22. ਮਾ. ਮੁਕੰਦ ਸਿੰਘ 500
23. ਸਤਨਾਮ ਸਿੰਘ 500
24. ਸਮਿੰਦਰ ਸਿੰਘ 500
25. ਹਰਦੀਪ ਸਿੰਘ 500
26. ਜੰਗੀਰ ਸਿੰਘ 500
27. ਸਵਰਨ ਸਿੰਘ ਬੀ.ਕੇ.ਯੂ., ਸੁਰੈਣ ਸਿੰਘ, ਹਰਮੇਲ ਸਿੰਘ, ਮਨਜੀਤ ਸਿੰਘ ਬੀ.ਕੇ.ਯੂ., ਸੁਖਵੀਰ ਸਿੰਘ, ਰਾਜ ਸਿੰਘ, ਮੋਹਣ ਸਿੰਘ, ਮਾ. ਜਸਵਿੰਦਰ ਸਿੰਘ, ਡਾ. ਗਗਨਦੀਪ ਸਿੰਘ, ਸੁਖਦੇਵ ਸਿੰਘ, ਸ਼ਾਮ ਸਿੰਘ, ਜੀਤ ਸਿੰਘ ਡੀਪੂਵਾਲਾ, ਜਗਸੀਰ ਸਿੰਘ 2200
28. **ਜਲੰਧਰ ਯੂਨਿਟ** 3000
29. ਬਲਦੇਵ ਸਿੰਘ ਕੁਤਬਪੁਰ, ਹੁਸ਼ਿਆਰਪੁਰ 1000

**ਨਵਾਂ ਸ਼ਹਿਰ ਜੋਨ :**

30. ਬਲਵਿੰਦਰ ਸਾਕੀ, ਸਬਜ਼ੀ ਮੰਡੀ, ਨਵਾਂਸ਼ਹਿਰ (ਆਪਣੇ ਭਤੀਜੇ ਦਲਜੀਤ ਕਲੇਰ ਦੇ ਵਿਆਹ ਦੀ ਖੁਸ਼ੀ 'ਤੇ) 1000
31. ਡਾ.ਦਲਬੀਰ ਸਿੰਘ ਮਾਹਿਲ 1000
32. **ਇਕਾਈ ਭਦੌੜ ਵੱਲੋਂ** 12500
33. **ਇਕਾਈ ਕੁਹਾੜਾ ਵੱਲੋਂ** 3500
34. ਹਰਚੰਦ ਭਿੰਡਰ, ਪਟਿਆਲਾ ਵੱਲੋਂ (ਆਪਣੇ ਬੇਟੇ ਨਵਰੀਤ ਦੇ ਵਿਆਹ 'ਤੇ) 5000
35. ਸੁਨੀਲ ਸੈਣੀ ਪੁੱਤਰ ਪ੍ਰੋ. ਪੂਰਨ ਸਿੰਘ, ਪਟਿਆਲਾ 5000
36. ਸਤਨਾਮ ਸਿੰਘ-ਅਮਨਦੀਪ ਕੌਰ (ਬੇਟੀ ਨਿਤਾਰਾ ਦੇ ਜਨਮ ਦੀ ਖੁਸ਼ੀ 'ਤੇ) 200

**ਇਕਾਈ ਬਠਿੰਡਾ ਵੱਲੋਂ :**

37. ਨਛੱਤਰ ਸਿੰਘ, ਸਾਬਕਾ ਮੁੱਖ ਅਧਿਆਪਕ, ਸ. ਹਾਈ ਸਕੂਲ, ਜੱਸੀ ਬਾਗਵਾਲੀ 2000
38. ਭਾਗ ਸਿੰਘ, ਚੁੱਘੇ ਕਲਾਂ 500
39. ਮਾਸਟਰ ਸੇਵਾ ਸਿੰਘ, ਕੁਟੀ ਕਿਸ਼ਨਪੁਰਾ 500
40. ਮਾਸਟਰ ਜਗਦੇਵ ਸਿੰਘ, ਕੋਟਲੀ ਸਾਬੋ ਅਤੇ ਇਕਾਈ ਡੱਬਵਾਲੀ 500
41. ਐਸ.ਐਸ. ਗਰੇਵਾਲ 500
42. ਗੁਰਦੇਵ ਸਿੰਘ ਗਿੱਲ, ਸਾਬਕਾ ਡਿਪਟੀ ਡਾਇਰੈਕਟਰ, ਸਿੱਖਿਆ ਵਿਭਾਗ 500

**ਇਕਾਈ ਰੋਪੜ ਵੱਲੋਂ :**

43. ਗਿਆਨ ਚੰਦ 5000
44. ਅਸ਼ੋਕ ਕੁਮਾਰ 500
45. ਪਵਨ ਰੱਤੋਂ 500
46. ਜਸਪਾਲ ਮਾਜਰੀ 500
47. ਪਵਨ ਚੱਕ ਕਰਮਾਂ 500
48. ਹਰਨੇਕ ਸਿੰਘ 500
49. ਦਵਿੰਦਰ ਸਰਥਲੀ 500

50. ਅਮਰਨਾਥ 500
51. ਹਰਵਿੰਦਰ ਸੁਖਰਾਮਪੁਰੀ 500
52. ਇਕਬਾਲ ਬੇਲਾ 500
53. ਅਸ਼ੋਕ ਜੋਧਪੁਰੀ 500
54. ਗੁਰਪ੍ਰੀਤ ਸਿਲੋ ਮਾਸਕੋ 500
55. ਸ਼ੈਲਿੰਦਰ 500
56. ਬਲਬੀਰ ਖੈਰਾਬਾਦ 500

**ਇਕਾਈ ਫਗਵਾੜਾ :**

57. ਮਾ. ਸੁਖਦੇਵ ਸਿੰਘ 1000
58. ਗਣੇਸ਼ (ਐਡਵੋਕੇਟ) 1000
59. ਜਸਵਿੰਦਰ ਸਿੰਘ 500
60. ਸੁਰਿੰਦਰ ਪੱਦੀ 500
61. ਸੁਰਿੰਦਰ ਦੁਸਾਂਝ 500
62. ਮਾ. ਗਿਆਨ ਚੰਦ 500
63. ਨਿਰੰਜਣ ਲਵਲੀ 500
64. ਬਨਾਰਸੀ ਦਾਸ 500
65. ਮਨੋਜ ਕੁਮਾਰ 500
66. ਅਵਿਨਾਸ਼ 500
67. ਮਹਿੰਦਰਪਾਲ 500
68. ਚਰਨ ਦਾਸ 500

**ਜ਼ੋਨ ਸਹਾਇਤਾ :**

**ਨਵਾਂ ਸ਼ਹਿਰ ਜ਼ੋਨ :**

ਡਾ. ਦਲਬੀਰ ਸਿੰਘ ਮਾਹਿਲ 1000

**ਇਕਾਈ ਸਹਾਇਤਾ :**

1. **ਇਕਾਈ ਤਰਨ ਤਾਰਨ :**
ਡਾ. ਸੁਖਦੇਵ ਸਿੰਘ ਲਹੁਕਾ, ਸ਼ੋਸਲ ਵਰਕਰ ਅਤੇ ਕੌਂਸਲਰ ਵੱਲੋਂ (ਆਪਣੀ ਮਾਤਾ ਗੁਰਦੀਪ ਕੌਰ ਦੇ ਸ਼ਰਧਾਂਜਲੀ ਸਮਾਰੋਹ 'ਤੇ) 1100
2. **ਇਕਾਈ ਰੋਪੜ :**
ਗੁਰਜੰਟ ਸਿੰਘ ਪੁੱਤਰ ਮਲਕੀਅਤ ਸਿੰਘ, ਬਹਿਰਾਮਪੁਰ ਬੇਟ (ਰੋਪੜ) 5000
3. **ਇਕਾਈ ਬਠਿੰਡਾ :**
1. ਪੰਕਜ ਕਾਟੀਆ, ਸਿਰਕੀ ਬਜ਼ਾਰ, ਬਠਿੰਡਾ 500
2. ਮਰਹੂਮ ਅਜੈਬ ਸਿੰਘ ਨਥਾਣਾ (ਤਰਕਸ਼ੀਲ ਪਾਠਕ) ਦੀ ਯਾਦ ਵਿੱਚ ਪਰਿਵਾਰ ਵੱਲੋਂ 1100
4. **ਇਕਾਈ ਫਗਵਾੜਾ :**
1. ਇਕਾਈ ਜਥੇਬੰਦਕ ਮੁਖੀ ਅਵਿਨਾਸ਼ ਅਤੇ ਉਸਦੀ ਜੀਵਨ ਸਾਥਣ ਅਨੁ ਬਾਲਾ 500
(ਬੇਟੀ ਹਰਨੂਰ ਦੇ ਜਨਮ ਦੀ ਖੁਸ਼ੀ ਵਿੱਚ)
2. ਸਾਥੀ ਚਰਨ ਦਾਸ
(ਆਪਣੀ ਮਾਤਾ ਦੀ ਯਾਦ ਵਿੱਚ) 1100

5. **ਇਕਾਈ ਸੰਗਰੂਰ :**
1. ਹੰਸ ਰਾਜ ਖਨੌਰੀ (ਜੀਵਨ ਸਾਥਣ ਕਵਿਤਾ ਗੁਪਤਾ, ਸਾਇੰਸ ਮਿਸਟ੍ਰੈਸ ਦੀ ਸੇਵਾ ਮੁਕਤੀ 'ਤੇ) 1000
2. ਚਰਨ ਕਮਲ (ਇਕਾਈ ਮੈਂਬਰ) 1000

6. **ਇਕਾਈ ਧੂਰੀ :**
ਕੁਲਵਿੰਦਰ ਬੰਟੀ, ਇਕਾਈ ਮੈਂਬਰ (ਆਪਣੀ ਬੇਟੀ ਰਮਨਦੀਪ ਦੇ ਵਿਆਹ ਦੀ ਖੁਸ਼ੀ ਮੌਕੇ) 500

7. **ਇਕਾਈ ਮੋਹਾਲੀ**
ਸੌਦਾਗਰ ਸਿੰਘ ਗਰੇਵਾਲ, ਮੋਹਾਲੀ 10000

## ਤਵਾਰੀਖ ਦਾ ਹਿੱਸਾ ਬਣੇ ਦਿਨ

| | |
|---|---|
| 1 ਅਪ੍ਰੈਲ | : ਖੂਨ ਦੌਰੇ (Blood Pressure) ਦੇ ਖੋਜੀ ਵਿਲੀਅਮ ਹਾਰਵੇ ਦਾ ਜਨਮ (1578) |
| 7 ਅਪ੍ਰੈਲ | : ਵਿਸ਼ਵ ਸਿਹਤ ਦਿਵਸ |
| 8 ਅਪ੍ਰੈਲ | : ਮੰਗਲ ਪਾਂਡੇ ਨੂੰ ਫਾਂਸੀ (1857) |
| 8 ਅਪ੍ਰੈਲ | : ਸ਼ਹੀਦ ਭਗਤ ਸਿੰਘ ਅਤੇ ਬਟੁਕੇਸ਼ਵਰ ਦੱਤ ਵੱਲੋਂ 'ਪਬਲਿਕ ਸੇਫਟੀ ਬਿਲ' ਅਤੇ 'ਇੰਡਸਟਰੀਅਲ ਡਿਸਪਿਊਟ ਬਿਲ' ਦੇ ਵਿਰੋਧ ਵਿੱਚ ਅਸੈਂਬਲੀ ਵਿੱਚ ਬੰਬ ਸੁੱਟਿਆ ਗਿਆ (1929) |
| 10 ਅਪ੍ਰੈਲ | : ਡਾ. ਅਬਰਾਹਮ ਟੀ. ਕਾਵੂਰ (ਤਰਕਸ਼ੀਲ ਲਹਿਰ ਦੇ ਮੋਢੀ) ਦਾ ਜਨਮ (1898) |
| 13 ਅਪ੍ਰੈਲ | : ਜਲ੍ਹਿਆਂਵਾਲਾ ਬਾਗ ਗੋਲੀ ਕਾਂਡ (1919) |
| 18 ਅਪ੍ਰੈਲ | : ਵਿਸ਼ਵ ਵਿਰਾਸਤ ਦਿਵਸ |
| 19 ਅਪ੍ਰੈਲ | : ਭਾਰਤ ਦਾ ਪਹਿਲਾ ਪੁਲਾੜੀ ਉਪਗ੍ਰਹਿ 'ਆਰੀਆ ਭੱਟ' ਪੁਲਾੜ 'ਚ ਛੱਡਿਆ ਗਿਆ (1975) |
| 20 ਅਪ੍ਰੈਲ | : ਜਨਮ ਇਨਕਲਾਬੀ ਕਵੀ ਸੰਤ ਰਾਮ ਉਦਾਸੀ (1939) |
| 22 ਅਪ੍ਰੈਲ | : ਵਿਸ਼ਵ ਧਰਤ ਦਿਵਸ |
| 22 ਅਪ੍ਰੈਲ | : ਰੂਸੀ ਇਨਕਲਾਬ ਦੇ ਆਗੂ ਵੀ.ਆਈ. ਲੈਨਿਨ ਦਾ ਜਨਮ (1870) |
| 23 ਅਪ੍ਰੈਲ | : ਵਿਸ਼ਵ ਪੁਸਤਕ ਦਿਵਸ |
| 25 ਅਪ੍ਰੈਲ | : ਰੇਡੀਓ ਅਤੇ ਵਾਇਰਲੈੱਸ ਦੇ ਖੋਜੀ ਜੀ. ਮਾਰਕੋਨੀ ਦਾ ਜਨਮ (1874) |
| 26 ਅਪ੍ਰੈਲ | : ਜਨਮ ਦਿਵਸ ਪ੍ਰਸਿੱਧ ਲੇਖਕ ਗੁਰਬਖਸ਼ ਸਿੰਘ ਪ੍ਰੀਤਲੜੀ (1895) |
| 26 ਅਪ੍ਰੈਲ | : ਵਿਸ਼ਵ ਬੌਧਿਕ ਸੰਪਤੀ ਦਿਵਸ |



# ਪ੍ਰਤੀਕਰਮ

ਸੰਪਾਦਕ 'ਤਰਕਸ਼ੀਲ'
ਮੁੱਖ ਦਫ਼ਤਰ,
ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)
ਤਰਕਸ਼ੀਲ ਭਵਨ, ਬਰਨਾਲਾ -148101 (ਪੰਜਾਬ)
email : tarkshiloffice@gmail.com



ਡਾਕਟਰ ਸੁਖਦੇਵ ਹੁੰਦਲ ਵੱਲੋਂ ਇਸ ਸਮੇਂ ਦੇ ਭਖਵੇਂ ਮਸਲੇ 'ਸਬਰੀਮਾਲਾ ਵਿਵਾਦ' ਸਬੰਧੀ ਵਿਸਥਾਰ ਨਾਲ ਇਸ ਦੇ ਪਿਛੋਕੜ ਨੂੰ ਦਰਸਾਉਂਦੇ ਹੋਏ ਅਜੋਕੇ ਸਮੇਂ ਵਿੱਚ ਫਿਰਕੂ ਅਤੇ ਫਾਸ਼ੀਵਾਦੀ ਤਾਕਤਾਂ ਵੱਲੋਂ ਵਰਤਮਾਨ ਕੇਂਦਰੀ ਸਰਕਾਰ ਦੇ ਸਿੱਧੇ ਦਖਲ ਨਾਲ ਕੀਤੀ ਜਾ ਰਹੀ ਹੁੱਲੜਬਾਜ਼ੀ ਅਤੇ ਆਮ ਲੋਕਾਂ ਨੂੰ ਧਰਮ ਦੇ ਨਾਂ ਉੱਤੇ ਅੰਧ-ਵਿਸ਼ਵਾਸ ਵੱਲ ਧੱਕਣ ਦੀ ਘਿਨਾਉਣੀ ਸਾਜਿਸ਼ ਦਾ ਸਹੀ ਅਤੇ ਦਲੀਲਾਂ ਨਾਲ ਵਰਨਣ ਕੀਤਾ ਗਿਆ ਹੈ। ਇੱਕ ਪਾਸੇ ਵਰਤਮਾਨ ਸਰਕਾਰ ਦੇਸ਼ ਦੇ ਡਿਜ਼ੀਟਲਾਈਜੇਸ਼ਨ ਕਰ ਦਿੱਤੇ ਜਾਣ ਦੀਆਂ ਡੀਂਗਾਂ ਮਾਰ ਰਹੀ ਹੈ, ਦੂਜੇ ਪਾਸੇ ਇਤਿਹਾਸ ਦੇ ਚੱਲ ਰਹੇ ਪਹੀਏ ਨੂੰ ਹਰ ਹਾਲਤ ਵਿੱਚ ਪੁੱਠਾ ਗੇੜਾ ਦੇਣ ਦੀ ਅਣਥੱਕ ਕੋਸ਼ਿਸ਼ ਕਰ ਰਹੀ ਹੈ। ਰਾਜਪਾਲ ਸਿੰਘ ਵੱਲੋਂ ਰਾਜਾ ਸੁਰੇਸ਼ ਨਾਲ ਕੀਤੀ ਗਈ ਮੁਲਾਕਾਤ ਤੋਂ ਪਤਾ ਲਗਦਾ ਹੈ ਕਿ ਕਿਵੇਂ ਉਸ ਵਰਗੇ ਸਿਰੜੀ ਲੋਕ ਸਖ਼ਤ ਮਿਹਨਤ ਕਰਦੇ ਹੋਏ ਧਾਰਮਿਕ ਅੰਧ-ਵਿਸ਼ਵਾਸੀਆਂ ਦੇ ਖਤਰੇ ਸਹੇੜਦੇ ਹੋਏ ਪਿਛੜੇ ਇਲਾਕਿਆਂ ਵਿੱਚ ਚਾਨਣ ਫੈਲਾਉਣ ਵਾਸਤੇ ਜੂਝ ਰਹੇ ਹਨ। ਡਾਕਟਰ ਸ਼ਿਆਮ ਸੁੰਦਰ ਦੀਪਤੀ ਨੇ ਵਧੀਆ ਤਰੀਕੇ ਨਾਲ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਕਿਵੇਂ ਫ਼ਲ ਅਤੇ ਦੁੱਧ ਆਦਿ ਮਨੁੱਖੀ ਸਰੀਰ ਲਈ ਲਾਹੇਵੰਦ ਹਨ ਅਤੇ ਇਨ੍ਹਾਂ ਦੀ ਕਿਸੇ ਖਾਸ ਬਿਮਾਰੀ ਨੂੰ ਦੂਰ ਕਰ ਦੇਣ ਲਈ ਕੋਈ ਵੱਖਰੀ ਯੋਗਤਾ ਨਹੀਂ ਹੈ। ਵਿਗਿਆਨਕ ਜਾਣਕਾਰੀ ਵਿੱਚ ਡਾਕਟਰ ਬਲਜਿੰਦਰ ਸੇਖੋਂ ਵੱਲੋਂ ਨੀਂਦ ਸਮੇਂ ਹੁੰਦੀਆਂ ਵੱਖ-ਵੱਖ ਕਿਰਿਆਵਾਂ ਸਬੰਧੀ ਰੌਚਕ ਜਾਣਕਾਰੀ ਪਾਠਕਾਂ ਨੂੰ ਦਿੱਤੀ ਗਈ ਹੈ। ਪੈੜਾਂ ਵਿੱਚ ਡਾਕਟਰ ਕੁਲਦੀਪ ਸਿੰਘ ਧੀਰ ਨੇ ਬਰੂਨੋ ਦੇ ਕੀਤੇ ਕੰਮਾਂ ਅਤੇ ਕੱਟੜ ਪੰਥੀਆਂ ਵੱਲੋਂ ਉਸ ਦੀ ਕੀਤੀ ਸ਼ਹੀਦੀ ਬਾਰੇ ਭਾਵਪੂਰਤ ਜਾਣਕਾਰੀ ਪਾਠਕਾਂ ਤੱਕ ਪਹੁੰਚਾਈ ਹੈ। ਤਰਕਸ਼ੀਲ ਲਹਿਰ ਸਮਾਜ ਵੱਲ ਆਪਣਾ ਫ਼ਰਜ ਖੰਡੇ ਦੀ ਧਾਰ ਉੱਤੇ ਚੱਲ ਕੇ ਨਿਭਾਅ ਰਹੀ ਹੈ ਜਿਸ ਦੀ ਦੇਣ ਦਿੱਤੀ ਨਹੀਂ ਜਾ ਸਕਦੀ। ਹਰ ਲਿਖਤ ਜਾਣਕਾਰੀ ਭਰਪੂਰ ਹੁੰਦੀ ਹੈ।

**- ਅਮਨਪਰੀਤ ਸਿੰਘ (ਰੂਪਨਗਰ)**

ਪੰਜਾਬੀ ਦਾ ਇੱਕੋ-ਇੱਕ ਦੋ ਮਾਸਿਕ ਵਿਗਿਆਨਕ ਰਸਾਲਾ 'ਤਰਕਸ਼ੀਲ' ਹੈ ਜੋ ਬਹੁਤੇ ਲੋਕਾਂ ਲਈ ਪ੍ਰੇਰਣਾ ਸ੍ਰੋਤ ਹੈ। ਇਸ ਵਿੱਚ ਥੋੜ੍ਹੀ ਜਿਹੀ ਗਲਤੀ ਵੀ ਬਹੁਤ ਚੁੱਭਦੀ ਹੈ, ਪਰ ਐਤਕੀਂ ਮੁੱਢ ਵਿੱਚ ਹੀ ਪੇਜ਼ 7 ਤੋਂ 10 ਤੱਕ ਗੁੰਮ ਹੈ, ਮੁਲਾਕਾਤ ਲੇਖ ਵੀ ਅੱਧਾ ਹੀ ਹੈ, 10 ਪੇਜ਼ 'ਤੇ 'ਖੁਰਾਕ ਸਬੰਧੀ ਭਰਮ' ਵਾਲਾ ਲੇਖ ਹੈ, ਰਸਾਲੇ ਵਿੱਚ ਇਹ ਕਿਤੇ ਵੀ ਨਹੀਂ ਲੱਭਾ, 43 ਤੋਂ 46 ਪੇਜ਼ ਵੀ ਗੁੰਮ ਹਨ, ਪਰ 47 ਤੋਂ 50 ਪੇਜ਼ ਦੋ ਵਾਰ ਰਸਾਲੇ 'ਚ ਛਪ ਗਏ ਹਨ। **- ਲਖਵਿੰਦਰ ਸ਼ਰੀਂਹ ਵਾਲਾ**

ਜਨਵਰੀ-ਫਰਵਰੀ 19 ਅੰਕ ਦੀਆਂ ਕੁੱਝ ਲਿਖਤਾਂ ਚੁਣੀਆਂ ਗਈਆਂ ਜਿਨ੍ਹਾਂ ਨੂੰ ਆਪਣੀ ਡਾਇਰੀ ਦੇ ਪੰਨਿਆਂ ਦਾ ਸ਼ਿੰਗਾਰ ਬਣਾਇਆ। ਸੰਪਾਦਕੀ, ਸਬਰੀਮਾਲਾ ਵਿਵਾਦ, ਵਿਕਾਸਮਾਨ ਭਾਰਤ, ਰਾਜਾ ਸੁਰੇਸ਼ ਨਾਲ ਮੁਲਾਕਾਤ, ਖੁਰਾਕ ਨਾਲ ਜੁੜੇ ਵਹਿਮ-ਭਰਮ, ਮੇਰੀ ਉਡਾਣ, ਨੀਂਦ, ਇਤਿਹਾਸ 'ਤੇ ਗੱਲਬਾਤ, ਹਿੰਦੂਤਵਵਾਦੀ ਦੇਸ਼ ਭਗਤੀ, ਮਨੁੱਖ ਦੁਨੀਆਂ ਵਿੱਚ, ਜੀਵਨ ਸੰਗਰਾਮ, ਹੇਮ ਰਾਜ ਸਟੈਨੋ, ਨਾਸਤਿਕ ਹੋਣ ਦਾ ਮਾਣ, ਆਖਰੀ ਪੰਨਾ ਅਤੇ ਸਲਾਮ, ਸਿਜਦਾ : ਕ੍ਰਿਸ਼ਨ ਬਰਗਾੜੀ ਲਿਖਤਾਂ ਨੇ ਮੇਰੀ ਡਾਇਰੀ ਵਿੱਚ ਥਾਂ ਮੱਲੀ ਹੈ। ਸਾਹਿਤ ਵੈਨ ਦਾ ਪੰਜ ਸਾਲਾਂ ਸਫ਼ਰ ਉਤਸ਼ਾਹ ਬਖੇਰਨ ਵਿੱਚ ਸਫ਼ਲ ਰਿਹਾ। ਭਾਗਸਰ (ਮੁਕਤਸਰ) ਸਕੂਲ ਦੀ 10+1 ਦੀ ਵਿਦਿਆਰਥਣ ਸੁਰਿੰਦਰ ਕੌਰ ਅਤੇ ਅੰਮ੍ਰਿਤਸਰ ਦੀ ਦਸਵੀਂ ਜਮਾਤ ਦੀ ਵਿਦਿਆਰਥਣ ਕ੍ਰਿਸ਼ਮਾ ਰਾਣੀ ਦੀ ਉਡਾਣ ਅਤੇ ਇਹੋ ਜਿਹੀਆਂ ਹੋਣਹਾਰ ਅਤੇ ਲਾਇਕ ਬੱਚੀਆਂ/ਬੱਚਿਆਂ ਨੂੰ ਤਰਕਸ਼ੀਲ ਬੁੱਕਲ ਦਾ ਨਿੱਘ ਮਿਲਦਾ ਰਹਿਣਾ ਚਾਹੀਦਾ ਹੈ ਤਾਂ ਕਿ ਉਡਾਰੀਆਂ ਅੰਬਰਾਂ ਨੂੰ ਛੂਹਣ ਲੱਗਣ। ਮੈਗਜ਼ੀਨ ਦਾ ਮੁੱਖ ਪੰਨਾ ਅਤੇ ਅੰਤਰ-ਝਾਤ ਰੁੱਖਾ, ਖੁਸ਼ਕ, ਬੇਸੁਆਦਾ ਅਤੇ ਆਮ ਪਾਠਕਾਂ ਨੂੰ ਦੂਰ ਭਜਾਉਣ ਵਾਲਾ ਸੀ। ਰਹਿੰਦੀ ਕਸਰ ਅਵਤਾਰ ਗੋਂਦਾਰਾ ਜੀ ਦੀ ਲਿਖਤ ਨੇ ਪੂਰੀ ਕਰ ਦਿੱਤੀ। ਵਿਦਿਆਰਥੀਆਂ ਅਤੇ ਆਮ ਜਨ ਸਾਧਾਰਨ ਲਈ ਤਰਕਸ਼ੀਲ ਮੈਗਜ਼ੀਨ ਦਿਲਚਸਪ ਅਤੇ ਹਰਮਨ ਪਿਆਰਾ ਨਹੀਂ ਬਣ ਰਿਹਾ। ਵਿਕਾਸਮਾਨ ਭਾਰਤ ਦੀ ਲਿਖਤ ਦਾ ਪਹਿਲਾ ਸ਼ਬਦ "ਵੈਲਟ ਹੰਗਰ ਲਾਈਫ ਕਰਨਸਰ ਵਰਡ" ਪਾਠਕਾਂ ਨੂੰ ਗੇਟ ਤੋਂ ਹੀ ਵਾਪਸ ਮੋੜਨ ਵਾਲਾ ਸੀ। ਇਸ ਲਈ ਸੋਚੋ, ਵਿਚਾਰੋ ਅਤੇ ਕੁੱਝ ਬਦਲਾਅ ਕਰੋ। **- ਅਜੀਤ ਪ੍ਰਦੇਸੀ**

ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਬਹੁਤ ਹੀ ਵਧੀਆ ਸੀ। ਇਸ ਪ੍ਰੀਖਿਆ ਵਿੱਚ ਸਾਨੂੰ ਬਹੁਤ ਕੁੱਝ ਸਿੱਖਣ ਨੂੰ ਮਿਲਿਆ। ਕੋਈ ਵੀ ਕਾਲਾ ਜਾਦੂ ਆਦਿ ਵਰਗੀਆਂ ਚੀਜ਼ਾਂ

***...ਬਾਕੀ ਸਫਾ 47 'ਤੇ***

# ਪੇਸ਼ਕਦਮੀਆਂ

**ਇਕਾਈ ਚੋਹਲਾ ਸਾਹਿਬ : ਪਾਠਕ ਮਿਲਣੀ :**

ਇਕਾਈ ਮੈਂਬਰ ਤੇ ਤਰਕਸ਼ੀਲ ਮੈਗਜ਼ੀਨ ਦੇ ਪਾਠਕਾਂ ਦੀ ਮਿਲਣੀ ਜਥੇਬੰਦਕ ਮੁਖੀ ਸੁਖਵਿੰਦਰ ਖਾਰਾ ਦੀ ਪ੍ਰਧਾਨਗੀ ਹੇਠ ਦੇਸ਼ ਭਗਤ ਗ਼ਦਰੀ ਬਾਬਾ ਸੁੱਚਾ ਸਿੰਘ ਯਾਦਗਾਰ ਹਾਲ ਵਿਖੇ ਹੋਈ। ਸਭਿਆਚਾਰਕ ਵਿਭਾਗ ਦੇ ਮੁਖੀ ਸਾਥੀ ਮਹਿਲ ਸਿੰਘ, ਜ਼ੋਨ ਆਗੂ ਮੁਖਵਿੰਦਰ ਚੋਹਲਾ ਅਤੇ ਇਕਾਈ ਮੁਖੀ ਸੁਖਵਿੰਦਰ ਖਾਰਾ ਨੇ ਸੰਬੋਧਨ ਕੀਤਾ। ਸੁਸਾਇਟੀ ਆਗੂਆਂ ਨੇ ਗ੍ਰਿਫਤਾਰ ਕੀਤੇ ਮਨੁੱਖੀ ਅਧਿਕਾਰ ਕਾਰਕੁੰਨਾਂ, ਵਕੀਲਾਂ ਤੇ ਬੁੱਧੀਜੀਵੀਆਂ ਨੂੰ ਰਿਹਾਅ ਕਰਨ ਦੀ ਮੰਗ ਕੀਤੀ। ਇਸ ਮੌਕੇ ਬਲਵਿੰਦਰ ਸਿੰਘ ਬਿੱਟੂ, ਜਥੇਦਾਰ ਸਤਨਾਮ ਸਿੰਘ, ਹਰਭਜਨ ਸਿੰਘ ਧੁੰਨ, ਸਰਪੰਚ ਹਰਦਿਆਲ ਸਿੰਘ, ਸੁਖਚੈਨ ਖਾਰਾ, ਗੁਰਪਾਲ ਸਿੰਘ, ਅਮਰੀਕ ਸਿੰਘ ਚੋਹਲਾ ਖੁਰਦ, ਬਲਬੀਰ ਸਿੰਘ ਬਲੀ, ਕਾਰਜ ਸਿੰਘ ਬ੍ਰਹਮਪੁਰਾ, ਪਰਮਜੀਤ ਸਿੰਘ, ਰਜਿੰਦਰ ਸਿੰਘ, ਪ੍ਰਿੰਸੀਪਲ ਮਦਨ ਪਠਾਣੀਆਂ, ਹਰਦੇਵ ਸਿੰਘ ਆਦਿ ਹਾਜ਼ਰ ਸਨ।

**ਜੈਵਿਕ ਖੇਤੀ ਟਰੇਨਿੰਗ ਕੈਂਪ ਮੌਕੇ ਤਰਕਸ਼ੀਲ ਵਿਚਾਰ ਚਰਚਾ :**

ਚੋਹਲਾ ਸਾਹਿਬ ਦੇ ਖੇਤੀਬਾੜੀ ਦਫਤਰ ਵਿਖੇ ਮਿਤੀ : 14 ਜਨਵਰੀ ਤੋਂ 30 ਜਨਵਰੀ ਤੱਕ ਲੱਗੇ ਕੈਂਪ ਵਿੱਚ ਇਕਾਈ ਮੁਖੀ ਸੁਖਵਿੰਦਰ ਖਾਰਾ ਨੇ ਸਮਾਜ ਵਿੱਚ ਫੈਲੇ ਵਹਿਮਾਂ-ਭਰਮਾਂ, ਅੰਧ-ਵਿਸ਼ਵਾਸਾਂ, ਅਖੌਤੀ ਬਾਬਿਆਂ ਦੀ ਲੁੱਟ ਤੋਂ ਬਚਣ ਅਤੇ ਘਰਾਂ ਵਿੱਚ ਵਾਪਰਦੀਆਂ ਗੈਰ-ਵਿਗਿਆਨਕ ਘਟਨਾਵਾਂ ਬਾਰੇ ਜਾਗਰੂਕ ਕੀਤਾ। ਤਰਕਸ਼ੀਲ ਮੈਗਜ਼ੀਨ ਦੇ ਪਾਠਕ ਬਨਣ ਤੇ ਆਪਣੀ ਸੋਚ ਨੂੰ ਵਿਗਿਆਨਕ ਬਣਾਉਣ ਦੀ ਅਪੀਲ ਕੀਤੀ। ਇਸ ਕੈਂਪ ਵਿੱਚ ਸੁਸਾਇਟੀ ਮੈਂਬਰ ਸੁਖਚੈਨ ਖਾਰਾ, ਸਾਬਕਾ ਸਰਪੰਚ ਹਰਦਿਆਲ ਸਿੰਘ, ਕੁਲਵਿੰਦਰ ਸਿੰਘ ਘੁੱਲਾ ਤੋਂ ਇਲਾਵਾ ਵੱਖ-ਵੱਖ ਪਿੰਡਾਂ ਦੇ ਕਿਸਾਨ ਤੇ ਮੋਹਤਬਰ ਵਿਅਕਤੀ ਮੌਜੂਦ ਸਨ। ਇਹ ਕੈਂਪ ਖੇਤੀਬਾੜੀ ਅਫਸਰ ਕੁਲਜੀਤ ਸਿੰਘ ਸੈਣੀ ਅਤੇ ਬ੍ਰਹ ਸੈਂਟਰ ਦੇ ਨਵਜੋਤ ਬਰਾੜ ਅਤੇ ਨਿਰਮਲ ਸਿੰਘ ਦੀ ਅਗਵਾਈ ਹੇਠ ਲੱਗਿਆ।

**ਹਮਦਰਦੀ ਦਾ ਪ੍ਰਗਟਾਵਾ :** ਚੋਹਲਾ ਸਾਹਿਬ ਨੇੜਲੇ ਪਿੰਡ ਗੰਡੀਵਿੰਡ ਧੱਤਲ ਦੇ ਪੁਲਵਾਮਾ ਹਮਲੇ ਵਿੱਚ ਮਾਰੇ ਗਏ ਸੈਨਿਕ ਸੁਖਜਿੰਦਰ ਸਿੰਘ ਦੇ ਪਰਿਵਾਰ ਨਾਲ, ਉਸ ਦੇ ਪਿਤਾ ਗੁਰਮੇਜ਼ ਸਿੰਘ ਨਾਲ ਇਕਾਈ ਆਗੂਆਂ ਸੁਖਵਿੰਦਰ ਖਾਰਾ, ਹਰਦਿਆਲ ਸਿੰਘ ਖਾਰਾ, ਮੁਖਵਿੰਦਰ ਚੋਹਲਾ, ਮਾਸਟਰ ਦਲਬੀਰ ਸਿੰਘ, ਮਾਸਟਰ ਗੁਰਨਾਮ ਸਿੰਘ ਧੁੰਨ, ਸੁਖਚੈਨ ਖਾਰਾ ਨੇ ਉਹਨਾਂ ਦੇ ਘਰ ਜਾ ਕੇ ਹਮਦਰਦੀ ਪ੍ਰਗਟਾਈ।

**ਇਕਾਈ ਤਰਨ ਤਾਰਨ :** ਸਿਵਲ ਸਰਜਨ ਦਫਤਰ ਤਰਨ ਤਾਰਨ ਵਿਖੇ ਆਸ਼ਾ ਵਰਕਰਾਂ ਦੇ ਟਰੇਨਿੰਗ ਕੈਂਪ ਦੌਰਾਨ ਇਕਾਈ ਮੈਂਬਰਾਂ ਵੱਲੋਂ 'ਤਰਕਸ਼ੀਲਤਾ ਤੇ ਸਮਾਜ' ਵਿਸ਼ੇ 'ਤੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਮਾਸਟਰ ਤਸਵੀਰ ਸਿੰਘ, ਨਰਿੰਦਰ ਸਿੰਘ ਸੇਖਚੱਕ ਤੇ ਰਜਵੰਤ ਸਿੰਘ ਬਾਗੜੀਆਂ ਨੇ ਸੰਬੋਧਨ ਕੀਤਾ। ਹੱਥ ਦੀ ਸਫਾਈ ਦੇ ਹੈਰਾਨੀਜਨਕ ਟ੍ਰਿਕ ਵਿਖਾ ਕੇ ਇਨ੍ਹਾਂ ਟ੍ਰਿਕਾਂ ਪਿੱਛੇ ਛਿਪੀ ਸੱਚਾਈ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਆਸ਼ਾ ਵਰਕਰ ਯੂਨੀਅਨ ਦੀ ਪ੍ਰਧਾਨ ਸੀਮਾ ਸੋਹਲ ਤੋਂ ਇਲਾਵਾ ਜ਼ਿਲ੍ਹੇ ਦੇ ਸਿਹਤ ਵਿਭਾਗ ਦੇ ਅਧਿਕਾਰੀ ਮੌਜੂਦ ਸਨ।

**- ਰਜਵੰਤ ਬਾਗੜੀਆਂ**

**ਇਕਾਈ ਅੰਮ੍ਰਿਤਸਰ :**

**ਤਰਕਸ਼ੀਲ ਆਗੂ ਵਰਿੰਦਰ ਕੌਰ ਦੀ ਯਾਦ ਵਿੱਚ ਸਤਿਕਾਰ ਸਮਾਗਮ :**

ਤਰਕਸ਼ੀਲ ਸੁਸਾਇਟੀ ਪੰਜਾਬ ਦੀ ਅੰਮ੍ਰਿਤਸਰ ਇਕਾਈ ਅਤੇ ਪੰਜਾਬੀ ਸਾਹਿਤ ਸਭਾ ਚੋਗਾਵਾਂ ਵੱਲੋਂ ਤਰਕਸ਼ੀਲ ਆਗੂ ਅਤੇ ਨਾਵਲਕਾਰ ਵਰਿੰਦਰ ਕੌਰ ਬੋਪਾਰਾਏ ਦੀ ਯਾਦ ਵਿੱਚ ਸਤਿਕਾਰ ਸਮਾਗਮ ਸਥਾਨਕ ਵਿਰਸਾ ਵਿਹਾਰ ਵਿਖੇ 10 ਫਰਵਰੀ ਨੂੰ ਆਯੋਜਿਤ ਕੀਤਾ ਗਿਆ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਵਰਿੰਦਰ ਕੌਰ ਨਾਲ ਜੁੜੀਆਂ ਯਾਦਾਂ ਸਾਂਝੀਆਂ ਕਰਦਿਆਂ ਕਿਹਾ ਕਿ ਉਹ ਇੱਕ ਇਨਕਲਾਬੀ ਅਤੇ ਦ੍ਰਿੜ ਇੱਛਾ ਸ਼ਕਤੀ ਨਾਲ ਵਿਚਰਨ ਵਾਲੀ ਤਰਕਸ਼ੀਲ ਆਗੂ ਸੀ ਜਿਸ ਨੇ ਸਮਾਜ ਵਿੱਚ ਵਿਗਿਆਨਕ ਚੇਤਨਾ ਦੇ ਪ੍ਰਚਾਰ-ਪ੍ਰਸਾਰ ਲਈ ਪੂਰੀ ਸਮਰਪਿਤ ਭਾਵਨਾ ਨਾਲ ਕੰਮ ਕੀਤਾ। ਅੰਮ੍ਰਿਤਸਰ ਇਕਾਈ ਵੱਲੋਂ ਪਾਖੰਡੀ ਬਾਬਿਆਂ ਅਤੇ ਤਾਂਤਰਿਕਾਂ ਦੇ ਪਰਦੇਫ਼ਾਸ ਕਰਨ ਵਿੱਚ ਉਸ ਨੇ ਹਮੇਸ਼ਾ ਮੋਹਰੀ ਭੂਮਿਕਾ ਨਿਭਾਈ ਅਤੇ ਤਰਕਸ਼ੀਲ ਸੁਸਾਇਟੀ ਵੱਲੋਂ ਜ਼ੋਨ ਅਤੇ ਸਟੇਟ ਪੱਧਰ ਉੱਤੇ ਕੀਤੀਆਂ ਜਾਂਦੀਆਂ ਸਰਗਰਮੀਆਂ ਵਿੱਚ ਵੀ ਵਧ-ਚੜ੍ਹ ਕੇ ਹਿੱਸਾ ਲਿਆ। ਇਸ ਮੌਕੇ ਮੁਖਤਿਆਰ ਗੋਪਾਲਪੁਰਾ, ਸੁਮੀਤ ਸਿੰਘ, ਪਰਵਿੰਦਰ ਕੋਹਾਲੀ, ਅਮਰਜੀਤ ਬਾਈ, ਮਾਸਟਰ ਕੁਲਜੀਤ ਵੇਰਕਾ, ਮੇਜਰ ਸਿੰਘ, ਸਤਨਾਮ ਔਲਖ, ਜਸਬੀਰ ਝਬਾਲ, ਕਾਮਰੇਡ ਅਜੀਤ ਸਿੰਘ, ਗੁਰਬਾਜ ਛੀਨਾ, ਸੀਮਾ ਸੰਧੂ ਆਦਿ ਨੇ ਸੰਬੋਧਨ ਕੀਤਾ। ਹੋਰਨਾਂ ਤੋਂ ਇਲਾਵਾ ਇਸ ਮੌਕੇ ਜਸਪਾਲ ਬਾਸਰਕਾ, ਸੁਖਮੀਤ ਸਿੰਘ, ਹਰਜਿੰਦਰ ਜਲਾਲਪੁਰ, ਰਾਜ ਕੁਮਾਰ ਵੇਰਕਾ, ਸੁਖਬੀਰ ਸਿੰਘ, ਰਮੇਸ ਕੁਮਾਰ, ਬੀ.ਐਮ. ਸਿੰਘ, ਕੀਰਤ ਸਿੰਘ, ਬਲਦੇਵ ਸਿੰਘ ਤਰਕਸ਼ੀਲ ਕਾਰਕੁੰਨਾਂ ਦੇ ਨਾਲ-ਨਾਲ ਅਜੀਤ ਨਬੀਪੁਰੀ, ਰਮੇਸ਼ ਯਾਦਵ, ਸਿਮਰਪ੍ਰੀਤ ਕੌਰ ਆਦਿ ਅਤੇ ਵਰਿੰਦਰ ਕੌਰ ਦੇ ਰਿਸ਼ਤੇਦਾਰ ਵੀ ਸ਼ਾਮਲ ਹੋਏ। **- ਸੁਮੀਤ ਸਿੰਘ**

**ਇਕਾਈ ਬਠਿੰਡਾ :**

1. ਹਰ ਸਾਲ ਦੀ ਤਰ੍ਹਾਂ ਜੱਸੀ ਬਾਗ ਵਾਲੀ ਵਿਖੇ ਮਾਘੀ ਮੇਲੇ 'ਤੇ ਗਿੱਦੜਬਾਹਾ ਤੇ ਬਠਿੰਡਾ ਇਕਾਈ ਨੇ ਪ੍ਰੋਗਰਾਮ ਪੇਸ਼ ਕੀਤਾ। ਤਰਕਸ਼ੀਲ ਜਾਦੂਗਰ ਬਖਸ਼ੀਸ ਰੱਥੜੀਆਂ, ਵਿਜੈ ਕੁਮਾਰ ਤੇ ਸੁਰਿੰਦਰ ਕੁਮਾਰ ਨੇ ਜਾਦੂ ਦੇ ਟ੍ਰਿਕ ਪੇਸ਼ ਕਰਕੇ ਮੰਤਰ-ਤੰਤਰ ਤੇ ਚਮਤਕਾਰੀ ਸ਼ਕਤੀਆਂ ਦੀ ਹੋਂਦ ਨੂੰ ਨਕਾਰਿਆ। ਜਗਸੀਰ ਜੀਦਾ ਦੀ ਸੰਗੀਤ ਮੰਡਲੀ ਨੇ ਸਮਾਜਿਕ, ਸਭਿਆਚਾਰਕ ਇਨਕਲਾਬੀ ਤੇ ਤਰਕਸ਼ੀਲ ਗੀਤ, ਟੱਪੇ, ਬੋਲੀਆਂ ਰਾਹੀਂ ਵੇਲਾ ਵਿਹਾ ਚੁੱਕੀਆਂ ਪਿਛਾਂਹ ਖਿੱਚੂ ਧਾਰਨਾਵਾਂ ਉੱਤੇ ਚੋਟਾਂ ਕੀਤੀਆਂ। ਕੇਵਲ ਕੁਮਾਰ (ਬੱਬੂ), ਬਲਵੀਰ ਸਿੰਘ, ਗੁਰਵਿੰਦਰ ਸਿੰਘ ਪੱਕਾ ਕਲਾਂ, ਮਾਸਟਰ ਜੋਗਿੰਦਰ ਸਿੰਘ, ਸੁਖਵਿੰਦਰਪਾਲ ਵਿਰਕ ਆਦਿ ਦਾ ਪੂਰਾ ਸਹਿਯੋਗ ਰਿਹਾ। ਇਸ ਮੌਕੇ ਤਰਕਸ਼ੀਲ ਪ੍ਰਦਰਸ਼ਨੀ ਅਤੇ ਸਾਹਿਤ ਪ੍ਰਦਰਸ਼ਨੀ ਲਾਈ ਗਈ।

2. ਪ੍ਰਬੰਧਕਾਂ ਦੇ ਸੱਦੇ 'ਤੇ ਰਜਿੰਦਰਾ ਕਾਲਜ ਬਠਿੰਡਾ ਵਿਖੇ ਐੱਨ.ਐੱਸ.ਐੱਸ. ਕੈਂਪ ਦੇ ਮੌਕੇ 'ਤੇ ਤਰਕਸ਼ੀਲ ਪ੍ਰੋਗਰਾਮ ਪੇਸ਼ ਕੀਤਾ ਗਿਆ। ਰਣਜੀਤ ਸਿੰਘ ਜ਼ੋਨ ਆਗੂ ਮੁੱਖ ਬੁਲਾਰੇ ਦੇ ਤੌਰ ਤੇ ਸੰਬੋਧਤ ਹੋਏ ਅਤੇ ਸੁਰਿੰਦਰ ਕੁਮਾਰ ਨੇ ਜਾਦੂ ਦੇ ਟ੍ਰਿਕ ਵਿਖਾਏ। ਇਸ ਮੌਕੇ ਕਿਤਾਬਾਂ ਦੀ ਪ੍ਰਦਰਸ਼ਨੀ ਵੀ ਲਗਾਈ ਗਈ। ਪ੍ਰਬੰਧਕਾਂ ਅਤੇ ਵਿਦਿਆਰਥੀਆਂ ਨੇ ਇਸ ਨੂੰ ਸਲਾਹਿਆ। **- ਗਿਆਨ ਸਿੰਘ ਮਛਾਣਾ**

**ਇਕਾਈ ਚੰਡੀਗੜ੍ਹ :**

1. **ਤਰਕਸ਼ੀਲ ਜਾਗਰੂਕਤਾ ਪ੍ਰੋਗਰਾਮ** : ਮਾਤਾ ਸਾਹਿਬ ਕੌਰ ਨਰਸਿੰਗ ਕਾਲਜ ਬਲੌਂਗੀ ਵਿਖੇ ਚੱਲ ਰਹੇ ਐੱਨ.ਐੱਸ.ਐੱਸ. ਕੈਂਪ ਦੌਰਾਨ 29 ਜਨਵਰੀ 2019 ਨੂੰ ਤਰਕਸ਼ੀਲ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਸਾਥੀ ਜੋਗਾ ਸਿੰਘ, ਪ੍ਰੇਮ ਸਿੰਘ, ਸਤਨਾਮ ਦਾਊਂ ਅਤੇ ਨੀਰਜ ਬਾਲਾ ਨੇ ਭਾਗ ਲਿਆ। ਸਾਥੀ ਜੋਗਾ ਸਿੰਘ ਅਤੇ ਸਤਨਾਮ ਸਿੰਘ ਨੇ ਵਲੰਟੀਅਰਾਂ ਨੂੰ ਸੰਬੋਧਨ ਕੀਤਾ। ਸਤਨਾਮ ਦਾਊਂ ਅਤੇ ਨੀਰਜ ਬਾਲਾ ਨੇ ਜਾਦੂ ਦੇ ਟ੍ਰਿਕ ਦਿਖਾ ਕੇ ਸਮਝਾਇਆ ਕਿ ਪਾਖੰਡੀ ਸਾਧਾਂ ਦੇ ਪੱਲੇ ਕੱਖ ਵੀ ਨਹੀਂ ਹੈ। ਸਾਥੀ ਪ੍ਰੇਮ ਸਿੰਘ ਨੇ ਤਰਕਸ਼ੀਲ ਸਾਹਿਤ ਦੀ ਪ੍ਰਦਰਸ਼ਨੀ ਲਗਾਈ। ਸਮੂਹ ਵਿਦਿਆਰਥੀਆਂ ਅਤੇ ਸਟਾਫ ਨੇ ਬੜੀ ਦਿਲਚਸਪੀ ਨਾਲ ਪ੍ਰੋਗਰਾਮ ਵੇਖਿਆ ਅਤੇ ਅਖੀਰ ਵਿੱਚ ਸਤਨਾਮ ਦਾਊਂ ਨੇ ਵਿਦਿਆਰਥੀਆਂ ਦੇ ਸਵਾਲਾਂ ਦੇ ਜਵਾਬ ਦਿੱਤੇ।

2. **ਤਰਕਸ਼ੀਲ ਪ੍ਰੋਗਰਾਮ** : ਨਵੇਂ ਸਾਲ ਦੀ ਆਮਦ 'ਤੇ ਪਿੰਡ ਕਜਹੇੜੀ ਵਿੱਚ ਤਰਕਸ਼ੀਲ ਪ੍ਰੋਗਰਾਮ ਕਰਵਾਇਆ ਗਿਆ ਜਿਸ ਵਿੱਚ ਇਕੱਤਰ ਸਿੰਘ ਦੀ ਟੀਮ ਦੁਆਰਾ ਦੋ ਨਾਟਕ 'ਠੱਗੀ' ਤੇ ਬਲਦੇਵ ਸਿੰਘ ਸੜਕਨਾਮਾ ਦੁਆਰਾ ਲਿਖਤ ਨਾਟਕ 'ਮਿੱਟੀ ਰੁਦਨ ਕਰੇ' ਪੇਸ਼ ਕੀਤੇ ਗਏ। ਚੰਡੀਗੜ੍ਹ ਇਕਾਈ ਦੇ ਮੁਖੀ ਸਾਥੀ ਜੋਗਾ ਸਿੰਘ ਨੇ ਆਪਣੇ ਸੰਖੇਪ ਭਾਸ਼ਣ ਵਿੱਚ ਗੈਰ-ਵਿਗਿਆਨਕ ਸੋਚ ਬਦਲਣ ਲਈ ਪ੍ਰੇਰਿਤ ਕੀਤਾ। ਇਹਨਾਂ ਨਾਟਕਾਂ ਦੇ ਦੌਰਾਨ ਤਰਕਸ਼ੀਲ ਸਾਥੀ ਕ੍ਰਿਸ਼ਨ ਰਾਹੀ ਨੇ ਸੁਰਜੀਤ ਪਾਤਰ ਦੀ ਮਸ਼ਹੂਰ ਕਵਿਤਾ ਜਿਸ ਦੇ ਬੋਲ ਸਨ "ਕੁੱਝ ਕਿਹਾ ਤਾਂ ਹਨੇਰ੍ਹਾ ਜਰੇਗਾ ਕਿਵੇਂ, ਚੁੱਪ ਰਿਹਾ ਤਾਂ ਸ਼ਮਾਦਾਨ ਕੀ ਕਹਿਣਗੇ" ਗਾ ਕੇ ਸੁਣਾਈ। ਇਸ ਮੌਕੇ ਸਾਥੀ ਪ੍ਰੇਮ ਸਿੰਘ, ਰਾਜ ਕੁਮਾਰ ਭੱਟਨਾਗਰ, ਦਲਬੀਰ ਸਿੰਘ ਅਤੇ ਅਟਵਾਲ ਨੇ ਇਸ ਪ੍ਰੋਗਰਾਮ ਦੀ ਸਫ਼ਲਤਾ ਲਈ ਆਪਣਾ ਭਰਪੂਰ ਯੋਗਦਾਨ ਪਾਇਆ। **- ਪ੍ਰੇਮ ਸਿੰਘ**

**ਇਕਾਈ ਸੰਗਰੂਰ : ਤਰਕਸ਼ੀਲ ਪ੍ਰੋਗਰਾਮ :**

ਇਕਾਈ ਮੁਖੀ ਮਾਸਟਰ ਪਰਮ ਵੇਦ ਦੀ ਅਗਵਾਈ ਵਿੱਚ ਸ.ਸ.ਸ. ਸਕੂਲ ਘਾਬਦਾਂ ਵਿਖੇ ਇੱਕ ਤਰਕਸ਼ੀਲ ਪ੍ਰੋਗਰਾਮ ਪੇਸ਼ ਕੀਤਾ ਗਿਆ ਤੇ ਚੇਤਨਾ ਪਰਖ ਪ੍ਰੀਖਿਆ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ।

**'ਅਸ਼ਹਿਣਸ਼ੀਲਤਾ ਦੇ ਦੌਰ ਵਿੱਚ ਸਿੱਖਿਆ ਦੀ ਸਥਿਤੀ' ਵਿਸ਼ੇ 'ਤੇ ਸੈਮੀਨਾਰ :**

ਸਥਾਨਕ ਈਟਿੰਗ ਮਾਲ ਵਿਖੇ ਇਹ ਇੱਕ ਰੋਜ਼ਾ ਸੈਮੀਨਾਰ ਆਯੋਜਤ ਕੀਤਾ ਗਿਆ। ਇਸ ਮੌਕੇ ਇਕਾਈ ਮੁਖੀ ਮਾਸਟਰ ਪਰਮ ਵੇਦ ਨੇ ਹਾਜ਼ਰੀਨ ਦਾ ਸਵਾਗਤ ਕੀਤਾ। ਸੁਰਜੀਤ ਸਿੰਘ ਭੱਠਲ, ਚੰਦ ਸਿੰਘ, ਰਾਮ ਸਰੂਪ ਭਵਾਨੀਗੜ੍ਹ ਨੇ ਤਰਕਸ਼ੀਲ ਗੀਤ ਪੇਸ਼ ਕੀਤੇ। ਇਸ ਸੈਮੀਨਾਰ ਦੇ ਮੁੱਖ ਬੁਲਾਰੇ ਲੈਕ. ਤਰਸੇਮ ਲਾਲ ਨੇ ਵਿਸ਼ੇ ਬਾਰੇ ਵਿਸਥਾਰਪੂਰਵਕ ਚਾਨਣਾ ਪਾਉਂਦਿਆਂ ਕਿਹਾ ਕਿ ਪੂਰੇ ਭਾਰਤ ਵਿੱਚ ਸਰਕਾਰੀ ਸਕੂਲਾਂ ਨੂੰ ਕੇਵਲ ਹੇਠਲੇ ਵਰਗ ਲਈ ਰਾਖਵੇਂ ਰੱਖ ਕੇ, ਸਿੱਖਿਆ ਲਈ ਬਜਟ ਘਟਾ ਕੇ, ਨਿੱਜੀ ਖੇਤਰ ਨੂੰ ਉਤਸ਼ਾਹਿਤ ਕਰਕੇ, ਸਿੱਖਿਆ ਸਿਲੇਬਸ ਦੀਆਂ ਕਿਤਾਬਾਂ ਅੰਦਰ ਹਿੰਦੂਤਵੀ ਫਿਲਾਸਫੀ ਨੂੰ ਘਸੋੜ ਕੇ, ਵਿਗਿਆਨਕ ਵਿਚਾਰਧਾਰਾ ਨੂੰ ਨਕਾਰ ਕੇ, ਸਿੱਖਿਆ ਵਿੱਚ ਅੰਧ-ਵਿਸ਼ਵਾਸਾਂ ਨੂੰ ਵਧੇਰੇ ਸਥਾਨ ਦੇ ਕੇ, ਜਾਤੀ, ਲਿੰਗੀ ਅਤੇ ਧਾਰਮਿਕ ਭੇਦ-ਭਾਵਾਂ ਨੂੰ ਉਜਾਗਰ ਕਰਕੇ ਦੇਸ਼ ਦੇ ਵਿੱਦਿਅਕ ਅਦਾਰਿਆਂ ਸਮੇਤ ਦੇਸ਼ ਵਿੱਚ ਅਸ਼ਹਿਣਸ਼ੀਲਤਾ ਦਾ ਮਾਹੌਲ ਬਣਾਇਆ ਜਾ ਰਿਹਾ ਹੈ, ਜੋ ਦੇਸ਼ ਦੀ ਤਰੱਕੀ ਵਿੱਚ ਬਹੁਤ ਵੱਡੀ ਰੁਕਾਵਟ ਹੈ। ਸਵਾਲ-ਜਵਾਬ ਸ਼ੈਸਨ ਵਿੱਚ ਸਵਰਨਜੀਤ ਸਿੰਘ, ਗੁਰਦੀਪ ਸਿੰਘ ਲਹਿਰਾ, ਸੁਖਦੇਵ ਧੂਰੀ, ਸੁਖਦੇਵ ਸਿੰਘ ਸੇਖੋਂ, ਜਰਨੈਲ ਸਿੰਘ, ਤਿਰਲੋਕੀ ਨਾਥ, ਰਾਮ ਸਰੂਪ ਭਵਾਨੀਗੜ੍ਹ, ਪ੍ਰਗਟ ਸਿੰਘ ਬਾਲੀਆਂ, ਤਰਸੇਮ ਬਾਵਾ, ਸਮਸ਼ੇਰ ਸਿੰਘ, ਦਰਸ਼ਨ ਸਿੰਘ, ਗੁਲਜ਼ਾਰ ਸਿੰਘ, ਜਗਰੂਪ ਸਿੰਘ ਜਵੰਧਾ, ਜਗਜੀਤ ਸਿੰਘ ਲੱਡਾ, ਸਰਬਜੀਤ ਸਿੰਘ, ਅਵਿਨਾਸ਼ ਕੁਮਾਰ, ਕੁਲਵੰਤ ਸਿੰਘ, ਪੂਰਨ ਸਿੰਘ ਗੁੱਜਰਾਂ, ਧਰਮਵੀਰ ਸਿੰਘ

ਤੇ ਰਮੇਸ਼ ਕੁਮਾਰ ਨੇ ਭਾਗ ਲਿਆ। ਲੈਕਚਰਾਰ ਕ੍ਰਿਸ਼ਨ ਸਿੰਘ ਨੇ ਸੈਮੀਨਾਰ ਵਿੱਚ ਸ਼ਾਮਲ ਸਾਰਿਆਂ ਦਾ ਧੰਨਵਾਦ ਕੀਤਾ ਤੇ ਇਸੇ ਤਰ੍ਹਾਂ ਸਹਿਯੋਗ ਦਿੱਤੇ ਜਾਣ ਦੀ ਅਪੀਲ ਕੀਤੀ।

**ਤਰਕਸ਼ੀਲ ਪ੍ਰੋਗਰਾਮ :** ਸ.ਹ.ਸ. ਭਿੰਡਰਾਂ ਵਿਖੇ ਇੱਕ ਤਰਕਸ਼ੀਲ ਪ੍ਰੋਗਰਾਮ ਦਿੱਤਾ ਗਿਆ। ਸਕੂਲ ਦੇ ਹੈੱਡ ਮਾਸਟਰ ਰਜਨੀਸ਼ ਕੁਮਾਰ ਜੀ ਨੇ ਤਰਕਸ਼ੀਲ ਟੀਮ ਦਾ ਸਵਾਗਤ ਕਰਦਿਆਂ ਬੱਚਿਆਂ ਨੂੰ ਆਪਣਾ ਨਜ਼ਰੀਆ ਵਿਗਿਆਨਕ ਬਣਾਉਣ ਲਈ ਕਿਹਾ। ਤਰਕਸ਼ੀਲ ਟੀਮ ਮੁਖੀ ਮਾਸਟਰ ਪਰਮ ਵੇਦ ਨੇ ਹਾਜ਼ਰੀਨ ਨੂੰ ਸੰਬੋਧਨ ਕੀਤਾ। ਇਸ ਮੌਕੇ ਤਰਕਸ਼ੀਲ ਸੁਸਾਇਟੀ ਵੱਲੋਂ ਲਈ ਚੇਤਨਾ ਪਰਖ ਪ੍ਰੀਖਿਆ ਵਿੱਚ ਸਫ਼ਲਤਾ ਪ੍ਰਾਪਤ ਕਰਨ ਵਾਲੇ ਇਸ ਸਕੂਲ ਦੇ ਵਿਦਿਆਰਥੀਆਂ ਨੂੰ ਸਰਟੀਫਿਕੇਟਾਂ ਤੇ ਵਿਗਿਆਨਕ ਸਾਹਿਤ ਨਾਲ ਸਨਮਾਨਤ ਕੀਤਾ ਗਿਆ। ਇਸ ਸਮੇਂ ਤਰਕਸ਼ੀਲ ਆਗੂ ਸੁਰਜੀਤ ਸਿੰਘ ਭੱਠਲ ਤੇ ਮਾਸਟਰ ਗੁਰਮੀਤ ਸਿੰਘ ਨੇ ਵੀ ਆਪਣੇ ਵਿਚਾਰ ਰੱਖੇ। **- ਪਰਮ ਵੇਦ**

**ਤਰਕਸ਼ੀਲ ਆਗੂ ਮਾ. ਮਹਿੰਦਰ ਸਿੰਘ ਮੀਲੂ ਦੀ ਯਾਦ 'ਚ ਸੈਮੀਨਾਰ ਕਰਵਾਇਆ :**



ਤਰਕਸ਼ੀਲ ਸੁਸਾਇਟੀ ਪੰਜਾਬ ਦੀ ਖੰਨਾ ਇਕਾਈ ਦੇ ਆਗੂ ਮਾ. ਮਹਿੰਦਰ ਸਿੰਘ ਮੀਲੂ ਦੀ ਮੌਤ ਉਪਰੰਤ ਉਹਨਾਂ ਦੀ ਯਾਦ 'ਚ ਖੰਨਾ ਵਿਖੇ 24 ਫਰਵਰੀ ਨੂੰ ਡਾ. ਅੰਬੇਦਕਰ ਭਵਨ ਵਿੱਚ ਸੈਮੀਨਾਰ ਕਰਵਾਇਆ ਗਿਆ। ਇਸ ਦੇ ਮੁੱਖ ਬੁਲਾਰੇ ਅਤੇ ਉੱਘੇ ਇਤਿਹਾਸਕ ਤੇ ਸਮਾਜਿਕ ਚਿੰਤਕ ਬਲਵਿੰਦਰ ਸਿੰਘ ਗਰੇਵਾਲ ਨੇ 'ਤਰਕਸ਼ੀਲ ਵਿਚਾਰਾਂ ਦੇ ਪ੍ਰਚਾਰ ਦੀ ਮੌਜੂਦਾ ਸਮੇਂ ਵਿੱਚ ਵੱਡੀ ਲੋੜ' ਵਿਸ਼ੇ 'ਤੇ ਸੰਬੋਧਨ ਕੀਤਾ। ਕੈਨੇਡਾ ਦੇ ਤਰਕਸ਼ੀਲ ਆਗੂ ਗੁਰਮੇਲ ਸਿੰਘ ਨੇ ਵਿਚਾਰਵਾਦੀ ਅਤੇ ਪਦਾਰਥਵਾਦੀ ਫਲਸਫ਼ੇ ਦਾ ਨਿਖੇੜਾ ਕਰਦਿਆਂ ਸਪੱਸ਼ਟ ਕੀਤਾ ਕਿ ਮਾ. ਮੀਲੂ ਜੀ ਪਦਾਰਥਵਾਦੀ ਵਿਚਾਰਾਂ ਦੇ ਧਾਰਨੀ ਸਨ। ਤਰਕਸ਼ੀਲ ਆਗੂ ਜਸਵੰਤ ਜੀਰਖ ਨੇ ਮੀਲੂ ਜੀ ਦੇ ਵਿਚਾਰਾਂ ਦੇ ਪਸਾਰੇ ਲਈ ਖੰਨਾ ਵਾਸੀਆਂ ਨੂੰ ਤਰਕਸ਼ੀਲ ਸੁਸਾਇਟੀ ਨਾਲ ਜੁੜਨ ਦੀ ਅਪੀਲ ਕੀਤੀ। ਮਾਸਟਰ ਜੀ ਦੇ ਸਾਥੀ ਰਹੇ ਬਲਵੀਰ ਸਿੰਘ ਨੇ ਉਹਨਾਂ ਨਾਲ ਬਿਤਾਏ ਸਮੇਂ ਦੀਆਂ ਘਟਨਾਵਾਂ ਸਾਂਝੀਆਂ ਕੀਤੀਆਂ। ਲੁਧਿਆਣਾ ਦੇ ਜ਼ੋਨ ਮੁਖੀ ਦਲਬੀਰ ਕਟਾਣੀ ਨੇ ਵੀ ਸੰਬੋਧਨ ਕੀਤਾ। ਮਾ. ਮੀਲੂ ਜੀ ਦੇ ਛੋਟੇ ਭਰਾ ਸਨੇਹ ਇੰਦਰ ਮੀਲੂ ਨੇ ਜਜ਼ਬਾਤੀ ਹੁੰਦਿਆਂ ਉਹਨਾਂ ਨਾਲ ਨਿਭਾਏ ਦੋਸਤਾਨਾ ਸੰਬੰਧਾਂ ਨੂੰ ਭਰੇ ਮਨ ਨਾਲ ਸਾਂਝਾ ਕੀਤਾ। ਅਵਤਾਰ ਸਿੰਘ ਭੱਟੀ ਅਤੇ ਸੁਖਦੇਵ ਸਿੰਘ ਭੱਟੀ ਨੇ ਇਨਕਲਾਬੀ ਗੀਤਾਂ ਨਾਲ ਹਾਜ਼ਰੀ ਲਵਾਈ। ਮਾ. ਮੀਲੂ ਜੀ ਦੇ ਦੋਵੇਂ ਪੁੱਤਰ ਗੁਰਵੀਰ ਸਿੰਘ ਅਤੇ ਦਲਵੀਰ ਸਿੰਘ ਜੋ ਕਨੇਡਾ ਰਹਿੰਦੇ ਹਨ, ਵੀ ਇਸ ਸਮੇਂ ਹਾਜ਼ਰ ਸਨ। ਉਹਨਾਂ ਨੇ ਆਪਣੇ ਪਿਤਾ ਜੀ ਦੇ ਸਮਾਜ ਲਈ ਨਿਭਾਏ ਰੋਲ 'ਤੇ ਮਾਣ ਮਹਿਸੂਸ ਕੀਤਾ। ਸੈਮੀਨਾਰ ਲਈ ਉਤਸ਼ਾਹ ਭਰਪੂਰ ਜ਼ੁੰਮੇਵਾਰੀ ਨਿਭਾਉਣ ਵਾਲੇ ਡਾ. ਹਰਜੀਤ ਸਿੰਘ ਨੇ ਮਾ. ਮੀਲੂ ਜੀ ਦੇ ਬੇਟਿਆਂ ਅਤੇ ਸਮੁੱਚੇ ਪੰਡਾਲ ਤੋਂ ਸਹਿਮਤੀ ਲੈਂਦਿਆਂ ਹਰ ਸਾਲ 25 ਦਸੰਬਰ ਨੂੰ ਮਾ. ਮਹਿੰਦਰ ਸਿੰਘ ਮੀਲੂ ਦੇ ਜਨਮ ਦਿਨ 'ਤੇ ਸੈਮੀਨਾਰ ਕਰਵਾਉਣ ਦਾ ਐਲਾਨ ਵੀ ਕੀਤਾ।

**- ਜਸਵੰਤ ਜੀਰਖ**

**ਤਰਕਸ਼ੀਲ ਲਹਿਰ ਨੂੰ ਸਮਰਪਿਤ ਸੀ - ਵਰਿੰਦਰ ਕੌਰ**



ਪਿੰਡ ਬੋਪਾਰਾਏ ਬਾਜ ਸਿੰਘ ਜ਼ਿਲ੍ਹਾ ਅੰਮ੍ਰਿਤਸਰ ਦੀ ਵਾਸੀ ਵਰਿੰਦਰ ਕੌਰ ਨੇ ਪਿਛਲੇ 15 ਸਾਲਾਂ ਤੋਂ ਤਰਕਸ਼ੀਲ ਸੁਸਾਇਟੀ ਪੰਜਾਬ, ਅੰਮ੍ਰਿਤਸਰ ਇਕਾਈ ਵਿੱਚ ਵੱਖ-ਵੱਖ ਅਹੁਦਿਆਂ ਉੱਤੇ ਸਰਗਰਮ ਜ਼ਿੰਮੇਵਾਰੀ ਨਿਭਾਉਂਦਿਆਂ ਸਮਾਜ ਵਿੱਚੋਂ ਅੰਧ-ਵਿਸ਼ਵਾਸਾਂ, ਰੂੜੀਵਾਦੀ ਰਸਮਾਂ ਅਤੇ ਪਾਖੰਡੀ ਬਾਬਿਆਂ ਖਿਲਾਫ਼ ਲੋਕਾਂ ਨੂੰ ਵਿਗਿਆਨਕ ਚੇਤਨਾ ਰਾਹੀਂ ਲਗਾਤਾਰ ਜਾਗਰੂਕ ਕੀਤਾ। ਉਸ ਨੇ ਇਕਾਈ ਤੋਂ ਇਲਾਵਾ ਸਮੇਂ-ਸਮੇਂ 'ਤੇ ਮਾਝਾ ਜ਼ੋਨ ਅਤੇ ਬਰਨਾਲੇ ਵਿਖੇ ਹੁੰਦੀਆਂ ਛਿਮਾਹੀ ਸੂਬਾਈ ਇਕੱਤਰਤਾਵਾਂ ਅਤੇ ਸੈਮੀਨਾਰਾਂ ਵਿੱਚ ਪੂਰੀ ਸਰਗਰਮੀ ਨਾਲ ਹਿੱਸਾ ਲਿਆ। ਉਹ ਇੱਕ ਤਰਕਸ਼ੀਲ ਆਗੂ ਹੋਣ ਦੇ ਨਾਲ-ਨਾਲ ਇੱਕ ਨਾਵਲਕਾਰ ਅਤੇ ਕਵਿੱਤਰੀ ਵੀ ਸੀ ਜਿਸ ਨੇ ਆਪਣੀ ਲਿਖਤਾਂ ਵਿੱਚ ਪਾਖੰਡ, ਝੂਠ, ਬੇਇਨਸਾਫੀ, ਧੱਕੇਸ਼ਾਹੀ, ਸਮਾਜਿਕ ਨਾ-ਬਰਾਬਰੀ, ਫਿਰਕਾਪ੍ਰਸ਼ਤੀ, ਜਾਤ-ਪਾਤ ਤੋਂ ਇਲਾਵਾ ਔਰਤਾਂ ਵਿਰੁੱਧ ਹੁੰਦੇ ਜ਼ੁਲਮਾਂ, ਭਰੂਣ ਹੱਤਿਆ, ਦਾਜ-ਦਹੇਜ ਅਤੇ ਨਸ਼ਿਆਂ ਖਿਲਾਫ਼ ਬਾਗੀ ਸੁਰ ਅਲਾਪਦਿਆਂ ਹੱਕ-ਸੱਚ ਉੱਤੇ ਪਹਿਰਾ ਦੇਣ ਲਈ ਪ੍ਰੇਰਿਤ ਕੀਤਾ। ਉਸ ਨੇ ਤਰਕਸ਼ੀਲ ਸੁਸਾਇਟੀ ਵਿੱਚ ਸਰਗਰਮ ਭੂਮਿਕਾ ਨਿਭਾਉਣ ਦੇ ਨਾਲ-ਨਾਲ ਪੰਜਾਬੀ ਸਾਹਿਤ ਸਭਾ ਚੌਗਾਵਾਂ ਅੰਮ੍ਰਿਤਸਰ ਨਾਲ ਜੁੜਦਿਆਂ ਦੋ ਨਾਵਲ 'ਪੰਧ ਜ਼ਿੰਦਗੀ ਦਾ' ਅਤੇ 'ਲੁੱਕਣ ਮੀਚੀ' ਪੰਜਾਬੀ ਸਾਹਿਤ ਦੀ ਝੋਲੀ ਪਾਏ। ਉਸ ਨੇ ਸਮੇਂ-ਸਮੇਂ ਉੱਤੇ ਰੇਡੀਓ ਅਤੇ ਦੂਰਦਰਸ਼ਨ ਕੇਂਦਰ ਜਲੰਧਰ ਉੱਤੇ ਆਪਣੀਆਂ ਅਗਾਂਹਵਧੂ ਕਵਿਤਾਵਾਂ ਦੇ ਕਈ ਪ੍ਰੋਗਰਾਮ ਪੇਸ਼ ਕੀਤੇ। ਪਰਿਵਾਰਕ ਜ਼ਿੰਦਗੀ ਵਿੱਚ ਕਈ ਤਰ੍ਹਾਂ ਦੇ ਦੁੱਖ-ਮੁਸੀਬਤਾਂ ਝਲਦੇ ਹੋਏ ਉਹਨਾਂ ਨੇ ਕਦੇ ਵੀ ਹੌਸਲਾ ਨਹੀਂ ਛੱਡਿਆ ਅਤੇ ਵਿਗਿਆਨਕ ਸੋਚ ਅਤੇ ਦ੍ਰਿੜਤਾ ਨਾਲ ਹਰ ਵਧੀਕੀ ਅਤੇ ਔਕੜ ਦਾ ਖਿੜੇ ਮੱਥੇ ਮੁਕਾਬਲਾ ਕੀਤਾ। ਅੰਮ੍ਰਿਤਸਰ ਇਕਾਈ ਦੀ ਇੱਕੋ-ਇੱਕ ਔਰਤ ਮੈਂਬਰ ਹੋਣ ਕਰਕੇ ਔਰਤਾਂ

ਨਾਲ ਸਬੰਧਤ ਮਾਨਸਿਕ ਕੇਸਾਂ ਵਿੱਚ ਉਸ ਦੀ ਸ਼ਮੂਲੀਅਤ ਯਕੀਨੀ ਹੁੰਦੀ ਸੀ। 14 ਜਨਵਰੀ ਨੂੰ ਸੰਖੇਪ ਬਿਮਾਰੀ ਤੋਂ ਬਾਅਦ ਉਸਦਾ ਸਦੀਵੀਂ ਵਿਛੋੜਾ ਤਰਕਸ਼ੀਲ ਲਹਿਰ ਲਈ ਬੜੀ ਵੱਡੀ ਘਾਟ ਪੈਦਾ ਕਰ ਗਿਆ ਹੈ ਜਿਸ ਨੂੰ ਪੂਰਾ ਕਰਨ ਲਈ ਤਰਕਸ਼ੀਲ ਕਾਮਿਆਂ ਨੂੰ ਹੋਰ ਵੀ ਵੱਧ ਸ਼ਿੱਦਤ ਨਾਲ ਯਤਨ ਕਰਨ ਦੀ ਲੋੜ ਹੈ। ਤਰਕਸ਼ੀਲ ਲਹਿਰ ਦੇ ਪ੍ਰਚਾਰ-ਪ੍ਰਸਾਰ ਨੂੰ ਸਮਰਪਿਤ ਵਰਿੰਦਰ ਕੌਰ ਹਮੇਸ਼ਾ ਸਾਡੇ ਚੇਤਿਆਂ ਵਿੱਚ ਜ਼ਿੰਦਾ ਰਹੇਗੀ।

**ਜ਼ੋਨ ਮੁਕਤਸਰ ਫਾਜ਼ਿਲਕਾ**

**ਤਿੰਨ ਰੋਜ਼ਾ ਤਰਕਸ਼ੀਲ ਨਾਟਕ ਮੇਲਾ** : ਜ਼ੋਨ ਵੱਲੋਂ ਮਾਘੀ ਮੇਲਾ ਮੁਕਤਸਰ ਵਿਖੇ 14,15 ਤੇ 16 ਜਨਵਰੀ 2019 ਨੂੰ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਤੇ ਨਾਟਕਕਾਰ ਗੁਰਸ਼ਰਨ ਸਿੰਘ ਦੇ ਆਦਰਸ਼ਾਂ ਨੂੰ ਸਮਰਪਿਤ ਨਾਟ ਮੇਲਾ ਕਰਵਾਇਆ ਗਿਆ।ਨਾਟ ਮੇਲੇ ਵਿੱਚ ਤਿੰਨ ਦਿਨ ਕਲਾ ਮੰਚ ਜੋਧਪੁਰ,ਚੇਤਨਾ ਕਲਾ ਕੇਂਦਰ ਬਰਨਾਲਾ, ਨਾਟਿਮਯਮ ਜੈਤੋ ਤੇ ਚੰਡੀਗੜ੍ਹ ਸਕੂਲ ਆਫ ਡਰਾਮਾ ਵੱਲੋਂ ਗੁਰਤੇਜ ਅਬੁਲ ਖੁਰਾਣਾ, ਹਰਵਿੰਦਰ ਦੀਵਾਨਾ, ਕੀਰਤੀ ਕਿਰਪਾਲ ਤੇ ਇਕੱਤਰ ਸਿੰਘ ਦੀ ਨਿਰਦੇਸ਼ਨਾ ਹੇਠ ਨਾਟਕਾਂ ਦਾ ਸਫਲ ਮੰਚਨ ਕੀਤਾ ਗਿਆ।ਨਾਟਕਾਂ ਵਿੱਚ ਅੰਧਵਿਸ਼ਵਾਸਾਂ, ਫਿਰਕਾਪ੍ਰਸਤੀ, ਲੱਚਰ ਸਭਿਆਚਾਰ ਤੇ ਚੋਟ ਕੀਤੀ ਗਈ ਤੇ ਲੋਕਾਂ ਦੇ ਮੁੱਦੇ ਉਭਾਰੇ ਗਏ।ਲੋਕ ਸੰਗੀਤ ਮੰਡਲੀ ਜੀਦਾ ਦੇ ਕਲਾਕਾਰਾਂ ਨੇ ਜਗਸੀਰ ਜੀਦਾ ਦੀ ਅਗਵਾਈ ਵਿੱਚ ਲੋਕ ਗੀਤਾਂ ਤੇ ਬੋਲੀਆਂ ਦਾ ਰੰਗ ਬਿਖੇਰਿਆ।ਮੇਲੇ ਦੇ ਦੂਸਰੇ ਦਿਨ ਕਹਾਣੀਕਾਰ ਗੁਰਮੀਤ ਕੜਿਆਲਵੀ ਦਾ ਜਨਤਕ ਸਨਮਾਨ ਕੀਤਾ ਗਿਆ। ਸੁਸਾਇਟੀ ਦੇ ਸੂਬਾ ਜਥੇਬੰਦਕ ਮੁਖੀ ਰਾਜਿੰਦਰ ਭਦੌੜ ਨੇ ਸੰਬੋਧਨ ਕੀਤਾ। ਮੇਲੇ ਵਿੱਚ ਤਿੰਨ ਦਿਨ ਤਰਕਸ਼ੀਲ ਨਾਟਕਾਂ, ਕੋਰੀਓਗ੍ਰਾਫੀਆਂ, ਜਾਦੂ ਸ਼ੋਅ ਤੇ ਲੋਕ ਗੀਤਾਂ ਦਾ ਪ੍ਰਵਾਹ ਲਗਾਤਾਰ ਚਲਦਾ ਰਿਹਾ।ਸੁਖਦੇਵ ਮਲੂਕਪੁਰਾ ਨੇ ਜਾਦੂ ਦੇ ਦਿਲਚਸਪ ਖੇਲ ਵਿਖਾਏ।ਮੇਲੇ ਵਿੱਚ ਡਾ. ਪਰਮਜੀਤ ਸਿੰਘ ਢੀਂਗਰਾ, ਪ੍ਰੋ. ਲੋਕ ਨਾਥ,ਪਰਮਿੰਦਰ ਖੋਖਰ,ਭੁਪਿੰਦਰ ਵੜਿੰਗ, ਮਨਪ੍ਰੀਤ ਸੈਦੋਕੇ, ਗੁਰਜਿੰਦਰ ਡੋਹਕ, ਜਸਵੰਤ ਸਿੰਘ,ਗੁਰਮੀਤ ਭਲਵਾਨ, ਅਮਰਜੀਤ ਆਸਾ ਬੁੱਟਰ, ਚਰਨਜੀਤ ਚੰਨੀ ਤੇ ਬਲਦੇਵ ਲੱਧੂ ਵਾਲਾ ਦਾ ਭਰਵਾਂ ਯੋਗਦਾਨ ਰਿਹਾ।ਮੰਚ ਸੰਚਾਲਨ ਦੀ ਜ਼ਿੰਮੇਵਾਰੀ ਜ਼ੋਨ ਪ੍ਰਧਾਨ ਮਾਸਟਰ ਕੁਲਜੀਤ ਡੰਗਰਖੇੜਾ,ਬੂਟਾ ਸਿੰਘ ਵਾਕਫ਼ ਤੇ ਰਾਮ ਸਵਰਨ ਲੱਖੇਵਾਲੀ ਨੇ ਨਿਭਾਈ। ਪੁਸਤਕਾਂ ਦੀ ਸਟਾਲ ਤੇ ਨਿਰਮਲ, ਸ਼ਿੰਦਰਪਾਲ, ਮਨਪ੍ਰੀਤ, ਜਸਵੰਤ, ਲਖਵਿੰਦਰ ਸ਼ਰੀਂਹਵਾਲਾ,ਦੇਵੀ ਦਿੱਤਾ ਤੇ ਪ੍ਰਵੀਨ ਜੰਡਵਾਲਾ ਨੇ ਮਹੱਤਵ ਪੂਰਨ ਰੋਲ ਨਿਭਾਇਆ।

ਬੂਟਾ ਸਿੰਘ ਵਾਕਫ਼, ਜ਼ੋਨ ਮੀਡੀਆ ਮੁਖੀ

***ਸਫਾ 43 ਦਾ ਬਾਕੀ...***

ਨਹੀਂ ਹੁੰਦੀਆਂ ਅਤੇ ਅੱਜ ਦੇ ਵਿਗਿਆਨਕ ਯੁੱਗ ਵਿੱਚ ਕਿਸੇ ਨੂੰ ਵੀ ਇਸ ਤਰ੍ਹਾਂ ਦੀਆਂ ਗੱਲਾਂ 'ਤੇ ਵਿਸ਼ਵਾਸ ਨਹੀਂ ਕਰਨਾ ਚਾਹੀਦਾ। ਇਸ ਵਿੱਚ ਸ਼ਹੀਦਾਂ ਬਾਰੇ ਵੀ ਬਹੁਤ ਵਧੀਆ ਤਰੀਕੇ ਨਾਲ ਦੱਸਿਆ ਗਿਆ ਹੈ ਅਤੇ ਸਾਨੂੰ ਸਭ ਨੂੰ ਤਰਕਸ਼ੀਲ ਸੁਸਾਇਟੀ ਦੇ ਵਿਚਾਰਾਂ ਨਾਲ ਜੁੜੇ ਰਹਿਣਾ ਚਾਹੀਦਾ ਹੈ।

**- ਮਨਪ੍ਰੀਤ ਕੌਰ (ਦਸਵੀਂ)**

**ਸ.ਸ.ਸ. (ਲੜਕੀਆਂ) ਪੁਤਲੀਘਰ, ਅੰਮ੍ਰਿਤਸਰ।**

**ਸੰਪਾਦਕ ਵੱਲੋਂ** :

ਲਖਵਿੰਦਰ ਸਰੀਂਹ ਵਾਲਾ ਜੀ ਨੇ ਜਨਵਰੀ-ਫਰਵਰੀ ਅੰਕ ਵਿੱਚ ਕੁੱਝ ਪੰਨਿਆਂ ਦੇ ਨਾ ਹੋਣ, ਕੁੱਝ ਦੇ ਬੇ-ਤਰਤੀਬੇ ਹੋਣ ਅਤੇ ਕੁੱਝ ਦਾ ਦੁਹਰਾਅ ਹੋਣ ਦੀ ਗੱਲ ਨੋਟ ਕਰਾਈ ਹੈ। ਬਹੁਤ-ਬਹੁਤ ਧੰਨਵਾਦ। ਇਸ ਵਿੱਚ ਕਸੂਰ ਸੰਪਾਦਕੀ ਬੋਰਡ ਦਾ ਨਹੀਂ। ਇਹ ਮੈਗਜ਼ੀਨ ਬਾਈਂਡ ਕਰਨ ਵਾਲੇ ਕਾਮਿਆਂ ਤੋਂ ਗਲਤੀ ਹੋਈ ਹੈ। ਪੂਰੇ ਮੈਗਜ਼ੀਨ ਵਿੱਚ ਨਹੀਂ, ਸਿਰਫ਼ ਕੁੱਝ ਕੁ ਮੈਗਜ਼ੀਨਾਂ ਵਿੱਚ ਇਹ ਹੋਇਆ ਹੈ। ਭਵਿੱਖ ਵਿੱਚ ਧਿਆਨ ਰੱਖਿਆ ਜਾਵੇਗਾ। ਗਲਤੀ ਉਹਨਾਂ ਸਾਥੀਆਂ ਨੂੰ ਨੋਟ ਕਰਵਾ ਦਿੱਤੀ ਗਈ ਹੈ। ਅਜੀਤ ਪ੍ਰਦੇਸ਼ੀ ਜੀ ਨੇ ਮੁੱਖ ਪੰਨੇ ਤੇ ਅੰਤਰ-ਝਾਤ ਦੀ ਨੀਰਸਤਾ ਦੀ ਗੱਲ ਕੀਤੀ ਹੈ। ਸੰਪਾਦਕੀ ਬੋਰਡ ਵੱਲੋਂ ਆਪਣੀ ਬੌਧਿਕ ਸਮਰੱਥਾ ਅਨੁਸਾਰ ਇਸ ਨੂੰ ਖਿੱਚਵਾ ਬਣਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਜਾਂਦੀ ਹੈ। ਸਾਥੀ ਜੀ ਇਸ ਸੰਬੰਧੀ ਕੁੱਝ ਠੋਸ ਸੁਝਾਅ ਜ਼ਰੂਰ ਭੇਜਣ। ਇਹ ਮੈਗਜ਼ੀਨ ਹਰ ਵਰਗ-ਬੁੱਧੀਜੀਵੀਆਂ, ਵਿਦਿਆਰਥੀਆਂ, ਕਿਸਾਨਾਂ, ਮਜ਼ਦੂਰਾਂ ਆਦਿ ਵਿੱਚ ਜਾਂਦਾ ਹੈ। ਸੰਤੁਲਤ ਪਹੁੰਚ ਬਣਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਜੋ ਹਰ ਵਰਗ ਨੂੰ ਇਸ ਵਿੱਚੋਂ ਕੁੱਝ ਮਿਲੇ। ਇਹ ਨਹੀਂ ਕਿਹਾ ਜਾ ਸਕਦਾ ਕਿ ਮੈਗਜ਼ੀਨ ਹਰਮਨ ਪਿਆਰਾ ਨਹੀਂ ਬਣ ਰਿਹਾ। ਪੰਜਾਬੀ ਵਿੱਚ ਸਭ ਮੈਗਜ਼ੀਨਾਂ ਤੋਂ ਕਿਤੇ ਵੱਧ ਛਪ ਕੇ ਵਿਕਣਾ ਇਸ ਦੀ ਹਰਮਨ ਪਿਆਰਤਾ ਦਾ ਹੀ ਪ੍ਰਤੀਕ ਹੈ। ਕੁੱਝ ਸੰਸਥਾਵਾਂ ਦੇ ਨਾਮ ਵਾਲੇ ਸ਼ਬਦ ਅਜਿਹੇ ਹੁੰਦੇ ਹਨ ਜੋ ਸੌਖੇ ਨਹੀਂ ਕੀਤੇ ਜਾ ਸਕਦੇ। ਪ੍ਰਦੇਸੀ ਜੀ ਦੀ ਇਸ ਹਰਮਨ ਪਿਆਰਤਾ ਵਿੱਚ ਹੋਰ ਵਾਧਾ ਕਰਨ ਦੀ ਚਿੰਤਾ ਤਰਕਸ਼ੀਲ ਵਿਚਾਰਾਂ ਦੇ ਵਧਾਰੇ-ਪਸਾਰੇ ਲਈ ਉਹਨਾਂ ਦੀ ਗੰਭੀਰਤਾ ਨੂੰ ਦਰਸਾਉਂਦੀ ਹੈ ਜਿਸਦੀ ਸੰਪਾਦਕੀ ਟੀਮ ਮਨੋਂ ਕਦਰ ਕਰਦੀ ਹੈ। ਉਹਨਾਂ ਦੀਆਂ ਆਸ਼ਾਵਾਂ 'ਤੇ ਪੂਰਾ ਉਤਰਨ ਲਈ ਅਦਾਰੇ ਦੀ ਟੀਮ ਜ਼ਰੂਰ ਹੋਰ ਚਿੰਤਨ ਕਰੇਗੀ। ਲਗਾਤਾਰ ਮੈਗਜ਼ੀਨ ਦਾ ਅਧਿਐਨ ਕਰਕੇ ਸੁਝਾਅ ਦੇਣ ਵਾਲੇ ਇਹਨਾਂ ਸਾਥੀਆਂ – ਅਮਨਪਰੀਤ ਰੂਪਨਗਰ, ਅਜੀਤ ਪ੍ਰਦੇਸ਼ੀ, ਲਖਵਿੰਦਰ ਸਰੀਂਹ ਵਾਲਾ ਦਾ ਅਦਾਰਾ ਬਹੁਤ-ਬਹੁਤ ਧੰਨਵਾਦ ਕਰਦਾ ਹੈ। ਅਦਾਰਾ ਹੋਰ ਸਾਥੀਆਂ ਨੂੰ ਵੀ ਸੁਝਾਅ ਭੇਜਣ ਦੀ ਅਪੀਲ ਕਰਦਾ ਹੈ।

# ਤਰਕਸ਼ੀਲ ਸਾਹਿਤ ਵੈਨ ਦਾ ਸਫ਼ਰ

**ਇਕਾਈ ਕਾਲਾਂਵਾਲੀ ਮੰਡੀ :** 10 ਦਸੰਬਰ 2018 ਤੋਂ ਲੈ ਕੇ 17 ਦਸੰਬਰ 2018 ਤੱਕ ਤਰਕਸ਼ੀਲ ਸਾਹਿਤ ਵੈਨ ਨੇ ਇਸ ਇਕਾਈ ਦੀ ਅਗਵਾਈ ਹੇਠ, ਹੇਠ ਲਿਖੇ ਸਕੂਲਾਂ ਅਤੇ ਪਿੰਡਾਂ ਵਿੱਚ ਜਾ ਕੇ ਤਰਕਸ਼ੀਲ ਸਾਹਿਤ ਦਾ ਪ੍ਰਚਾਰ ਕੀਤਾ :

1. ਸ.ਹ.ਸ. ਤਾਰੂਆਣਾਂ, 2. ਸ.ਹ.ਸ. ਪੱਕਾ ਸ਼ਹੀਦਾ, 3. ਸ.ਹ.ਸ. ਘੁਰੰਗਾਵਾਲੀ, 4. ਆਦਰਸ਼ ਸਕੂਲ ਓਢਾਂ, 5. ਸ.ਸ.ਸ.ਸ. ਨੂੰਹੀਆਂ ਵਾਲੀ, 6. ਸ.ਸ.ਸ.ਸ. ਮਿਠੜੀ, 7. ਅਰੋਹੀ ਮਾਡਲ ਸਕੂਲ, ਜਲਾਣਾ, 8. ਸ.ਸ.ਸ.ਸ. ਕਾਲਾਂਵਾਲੀ ਮੰਡੀ, 9. ਸ.ਸ.ਸ.ਸ. ਕਾਲਾਂਵਾਲੀ, 10. ਮੰਡੀ ਕਾਲਾਂਵਾਲੀ, 11. ਬਸ ਸਟੈਂਡ ਕਾਲਾਂਵਾਲੀ, 12. ਸ.ਸ.ਸ.ਸ. ਸਿਰਸਾ, 13. ਸ.ਸ.ਸ.ਸ. (ਲੜਕੀਆਂ) ਸਿਰਸਾ, 14. ਸ.ਹ.ਸ. ਕਿਰਤੀ ਨਗਰ, ਸਿਰਸਾ, 15. ਸ.ਸ.ਸ.ਸ. ਫਰਵਾਈ ਕਲਾਂ, 16. ਸ.ਸ.ਸ.ਸ. ਭਰੋਖਾ, 17. ਪਿੰਡ ਕਿੰਗਰਾ, 18. ਪਿੰਡ ਜੰਡਵਾਲਾ ਜੱਟਾ, 19. ਸ.ਸ.ਸ.ਸ. ਚੌਟਾਲਾ, 20. ਸ.ਸ.ਸ.ਸ ਅਬੂਬ ਸ਼ਹਿਰ, 21. ਸ.ਹ.ਸ. (ਲੜਕੀਆਂ) ਅਬੂਬ ਸ਼ਹਿਰ, 22. ਸ.ਸ.ਸ.ਸ. ਰੰਗਾ, 23. ਸ.ਸ.ਸ.ਸ. ਕਾਲੂਆਣਾ।

ਅਬੂਬ ਸ਼ਹਿਰ, ਰੰਗਾ ਅਤੇ ਕਾਲੂਆਣਾ ਦੇ ਸਕੂਲਾਂ ਵਿਖੇ ਸੁਸਾਇਟੀ ਦੇ ਸੂਬਾ ਜਥੇਬੰਦਕ ਮੁਖੀ ਰਜਿੰਦਰ ਭਦੌੜ ਨੇ ਸੰਬੋਧਨ ਕੀਤਾ। ਸ.ਸ.ਸ.ਸ. ਰੰਗਾ ਵਿਖੇ ਸੰਸਥਾ ਮੁਖੀ ਭੂਪ ਸਿੰਘ ਜੀ, ਸ.ਸ.ਸ.ਸ. ਕਾਲੂਆਣਾ ਵਿਖੇ ਸਕੂਲ ਮੁਖੀ ਰਜਨੀਸ਼ ਜੀ ਨੇ ਤਰਕਸ਼ੀਲ ਟੀਮ ਦਾ ਧੰਨਵਾਦ ਕੀਤਾ ਅਤੇ ਪੂਰਾ ਸਹਿਯੋਗ ਦਿੱਤਾ। ਜ਼ੋਨ ਮੁਖੀ ਅਜੈਬ ਜਲਾਲਆਣਾ ਨੇ ਵੀ ਪੂਰੀ ਅਗਵਾਈ ਪ੍ਰਦਾਨ ਕੀਤੀ। ਟੀਮ ਨਾਲ ਮਾਸਟਰ ਕਾਲੂ ਰਾਮ ਜੀ ਨੇ ਪੂਰਾ ਸਹਿਯੋਗ ਦਿੱਤਾ।

**- ਮਾ. ਜਗਦੀਸ਼ ਸਿੰਘਪੁਰਾ (ਜਥੇਬੰਦਕ ਮੁਖੀ)**

**ਇਕਾਈ ਗਿੱਦੜਬਾਹਾ :**

18 ਜਨਵਰੀ : ਇਕਾਈ ਦੇ ਸਹਿਯੋਗ ਨਾਲ ਵੈਨ ਸ.ਸ.ਸ.ਸ. ਜੰਗੀਰਾਣਾ ਅਤੇ ਗੋਬਿੰਦ ਪਬਲਿਕ ਸਕੂਲ, ਜੰਗੀਰਾਣਾ ਪਹੁੰਚੀ।

19 ਜਨਵਰੀ : ਗੁਰੂ ਨਾਨਕ ਦੇਵ ਪਬਲਿਕ ਸਕੂਲ ਅਤੇ ਸਰਕਾਰੀ ਹਾਈ ਸਕੂਲ, ਪਿਊਰੀ ਵਿਖੇ ਸਾਹਿਤ ਵੈਨ ਪੁੱਜੀ। ਸਹਿਯੋਗ : ਜਗਸੀਰ ਜੀਦਾ, ਦੀਪਕ ਪਿਊਰੀ।

**ਇਕਾਈ ਬਠਿੰਡਾ :** 21 ਜਨਵਰੀ ਤੋਂ 25 ਜਨਵਰੀ 2019 ਤੱਕ ਤਰਕਸ਼ੀਲ ਸਾਹਿਤ ਵੈਨ ਦੀ ਆਮਦ 'ਤੇ ਹੇਠ ਲਿਖੀਆਂ ਸੰਸਥਾਵਾਂ ਵਿੱਚ ਤਰਕਸ਼ੀਲ ਵਿਚਾਰ ਅਤੇ ਮੈਜਿਕ ਸ਼ੋਅ ਪੇਸ਼ ਕੀਤੇ ਗਏ :

21 ਜਨਵਰੀ : ਸ.ਹ.ਸ. ਗਿੱਲਪੱਤੀ, ਸ.ਸ.ਸ.ਸ. ਭੋਖੜਾ

22 ਜਨਵਰੀ : ਸ.ਸ.ਸ.ਸ. ਸਿਵੀਆਂ, ਸ.ਹ.ਸ. ਵਿਰਕ ਖੁਰਦ

23 ਜਨਵਰੀ : ਸ.ਹ.ਸ. ਸਰਦਾਰਗੜ੍ਹ, ਮਾਤਾ ਸਾਹਿਬ ਕੌਰ ਨਰਸਿੰਗ ਕਾਲਜ, ਗਿੱਦੜਬਾਹਾ

24 ਜਨਵਰੀ : ਗੁਰੂ ਗੋਬਿੰਦ ਸਿੰਘ ਪਬਲਿਕ ਕੂਲ, ਬੱਲੂਆਣਾ, ਸ.ਸ.ਸ.ਸ. ਘੁੱਦਾ

25 ਜਨਵਰੀ : ਪੰਜਾਬੀ ਯੂਨੀਵਰਸਿਟੀ ਕਾਲਜ, ਘੁੱਦਾ, ਸੈਕਰਡ ਹਾਰਟ ਕਾਨਵੈਂਟ ਸਕੂਲ ਸ.ਸ.ਸ., ਚੱਕ ਅਵਤਾਰ ਸਿੰਘ ਵਾਲਾ।

ਇਨ੍ਹਾਂ ਪ੍ਰੋਗਰਾਮਾਂ ਦੌਰਾਨ ਇਕਾਈ ਬਠਿੰਡਾ ਦੇ ਮੁਖੀ ਰਾਮ ਸਿੰਘ ਨਿਰਮਾਣ, ਮਾ. ਗਿਆਨ ਸਿੰਘ, ਇਕਾਈ ਗਿੱਦੜਬਾਹਾ ਦੇ ਮੁਖੀ ਦੀਪਕ ਪਿਊਰੀ, ਮਨਪ੍ਰੀਤ ਪਿਊਰੀ, ਕੇਵਲ ਜੰਗੀਰਾਣਾ, ਗੁਰਦਰਸ਼ਨ ਤਰਕ ਆਦਿ ਨੇ ਵਿਚਾਰ ਪ੍ਰਗਟਾਏ। ਤਰਕਸ਼ੀਲ ਜਾਦੂਗਰ ਸੁਰਿੰਦਰ ਕੁਮਾਰ ਅਤੇ ਸ਼ਿਵ ਕੁਮਾਰ ਨੇ ਹੱਥ ਦੀ ਸਫਾਈ ਦੇ ਬਹੁਤ ਹੀ ਸੇਧ ਦੇਣ ਵਾਲੇ ਮੈਜਿਕ ਟ੍ਰਿਕ ਪੇਸ਼ ਕੀਤੇ।

ਲੋਕ ਸੰਗੀਤ ਮੰਡਲੀ ਜੀਦਾ ਵੱਲੋਂ ਜਗਸੀਰ ਜੀਦਾ ਨੇ ਆਪਣੀ ਕਲਾ ਰਾਹੀਂ ਸਮਾਜ ਅਤੇ ਰਾਜਨੀਤੀ ਦੀਆਂ ਡਿੱਗ ਰਹੀਆਂ ਕਦਰਾਂ-ਕੀਮਤਾਂ 'ਤੇ ਵਿਅੰਗ ਭਰਪੂਰ ਟੱਪੇ, ਦੋਹੇ ਅਤੇ ਬੋਲੀਆਂ ਸੁਣਾ ਕੇ ਲੋਕ ਚੇਤਨਾ ਲਈ ਆਵਾਜ਼ ਬੁਲੰਦ ਕੀਤੀ। ਇੱਕ ਸਕੂਲ ਅਤੇ ਨਰਸਿੰਗ ਕਾਲਜ ਵੱਲੋਂ ਤਰਕਸ਼ੀਲ ਸੁਸਾਇਟੀ ਨੂੰ 600 ਰੁਪਏ ਆਰਥਿਕ ਸਹਿਯੋਗ ਵੀ ਦਿੱਤਾ ਗਿਆ। ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਪ੍ਰੋਗਰਾਮਾਂ ਵਿੱਚ ਵਿਸ਼ੇਸ ਦਿਲਚਸਪੀ ਲਈ ਅਤੇ ਵਿਗਿਆਨਕ ਸਾਹਿਤ ਖਰੀਦਿਆ। **- ਰਾਮ ਸਿੰਘ ਨਿਰਮਾਣ**

**ਇਕਾਈ ਬਰਗਾੜੀ :**

ਇਕਾਈ ਮੁਖੀ ਹਰਜਿੰਦਰ ਰੁਮਾਣਾ, ਜਸਵੀਰ ਘਣੀਆ ਦੀ ਅਗਵਾਈ ਅਤੇ ਜ਼ੋਨ ਮੁਖੀ ਰਣਜੀਤ ਬਠਿੰਡਾ, ਤਰਕਸ਼ੀਲ ਆਗੂਆਂ ਜਸਕਰਨ ਲੰਡੇ, ਇਕਬਾਲ ਮਾੜੀ, ਡਾ. ਬਖਸ਼ੀਸ ਆਜ਼ਾਦ ਦੇ ਸਹਿਯੋਗ ਨਾਲ ਤਰਕਸ਼ੀਲ ਸਾਹਿਤ ਵੈਨ ਨੇ ਨਿਮਨਲਿਖਤ ਸੰਸਥਾਵਾਂ ਵਿੱਚ ਸ਼ਿਰਕਤ ਕੀਤੀ।

30 ਜਨਵਰੀ : ਸ.ਹ.ਸ., ਦਸਮੇਸ਼ ਪਬਲਿਕ ਸ.ਸ.ਸ., ਰੁਮਾਣਾ

31 ਜਨਵਰੀ : ਸ.ਸ.ਸ.ਸ., ਖੇਮੂਆਣਾ

1 ਫਰਵਰੀ : ਸ.ਸ.ਸ.ਸ., ਮਾੜੀ, ਸ.ਐਲੀ.ਸ., ਮਾੜੀ, ਸਰਕਾਰੀ ਪੋਲੀਟੈਕਨਿਕ ਕਾਲਜ, ਰੋੜੇ, ਸ਼ਾਮ ਸਮੇਂ ਲਾਇਬਰੇਰੀ ਸਮਾਲਸਰ

2 ਫਰਵਰੀ : ਸ.ਹ.ਸ., ਡੇਮਰੂ ਖੁਰਦ, ਸ.ਸ.ਸ.ਸ., ਲੰਡੇ

# ਕ੍ਰਿਸ਼ਨ ਬਰਗਾੜੀ ਯਾਦਗਾਰੀ ਸਮਾਗਮ

17 ਫਰਵਰੀ 2019 : ਤਰਕਸ਼ੀਲ ਭਵਨ ਵਿੱਚ ਸਵੇਰ ਤੋਂ ਗਹਿਮਾ ਗਹਿਮੀ ਸੀ। ਪੰਜਾਬ ਦੇ ਦੂਰ ਦੁਰੇਡੇ ਇਲਾਕਿਆਂ ਵਿੱਚੋਂ ਤਰਕਸ਼ੀਲ ਲਹਿਰ ਦੇ ਆਗੂ, ਕਾਮੇ ਤੇ ਪ੍ਰਸ਼ੰਸਕ ਆਪਣੇ ਮਰਹੂਮ ਨਾਇਕ ਦੀ ਯਾਦ ਵਿੱਚ ਹੋਣ ਵਾਲੇ ਸੂਬਾਈ ਸਮਾਰੋਹ ਵਿੱਚ ਸ਼ਿਰਕਤ ਕਰਨ ਲਈ ਪਹੁੰਚ ਰਹੇ ਸਨ। ਭਵਨ ਦੇ ਵਿਹੜੇ ਵਿੱਚ ਚਾਹ, ਪਾਣੀ ਦੇ ਨਾਲ ਨਾਲ ਨਿੱਘੀਆਂ ਮਿਲਣੀਆਂ ਵਿੱਚ ਆਪਸੀ ਗੱਲਬਾਤ ਤੇ ਚਰਚਾ ਵੀ ਵੇਖਣ ਨੂੰ ਮਿਲ ਰਹੀ ਸੀ। ਖ਼ਰਾਬ ਮੌਸਮ ਦੇ ਚਲਦਿਆਂ ਸਮਾਰੋਹ ਥੋੜ੍ਹਾ ਦੇਰੀ ਨਾਲ ਸ਼ੁਰੂ ਹੋਇਆ, ਤੇ ਉਪਰਲੇ ਸੈਮੀਨਾਰ ਹਾਲ ਵਿੱਚ ਉੱਘੇ ਡਾਕੂਮੈਂਟਰੀ ਨਿਰਮਾਤਾ ਪ੍ਰੋ. ਗੌਹਰ ਰਜ਼ਾ ਦੀ ਫਿਲਮ ਚਲਾਈ ਗਈ। ਸ਼ਹੀਦ ਭਗਤ ਸਿੰਘ ਦੇ ਜੀਵਨ ਤੇ ਅਧਾਰਿਤ ਡਾਕੂਮੈਂਟਰੀ ਫਿਲਮ 'ਇਨਕਲਾਬ' ਨੇ ਚਲਦਿਆਂ ਸਾਰ ਹੀ ਹਾਲ ਵਿੱਚ ਜੁੜੇ ਦਰਸ਼ਕਾਂ ਨੂੰ ਆਪਣੇ ਨਾਲ ਤੋਰ ਲਿਆ। ਆਜ਼ਾਦੀ ਸੰਗਰਾਮ ਦੀ ਗਾਥਾ ਤੇ ਭਗਤ ਸਿੰਘ ਤੇ ਸਾਥੀਆਂ ਦੇ ਬੁਲੰਦ ਜਜ਼ਬਿਆਂ ਤੇ ਆਦਰਸ਼ਾਂ ਦੀ ਬਾਤ ਪਾਉਂਦੀ ਡਾਕੂਮੈਂਟਰੀ ਸਮਾਪਤ ਹੋਈ ਤਾਂ ਸੁਹਿਰਦ ਦਰਸ਼ਕਾਂ ਨੇ ਤਾੜੀਆਂ ਨਾਲ ਫਿਲਮ ਨਿਰਮਾਤਾ ਨੂੰ ਦਾਦ ਦਿੱਤੀ। ਇਸ ਫਿਲਮ ਨੂੰ ਸੁਚੱਜੇ ਢੰਗ ਨਾਲ ਤਰਕਸ਼ੀਲ ਸਨੇਹੀਆਂ ਤੱਕ ਪੁਜਦਾ ਕਰਨ ਲਈ ਤਰਲੋਚਨ ਸਮਰਾਲਾ ਦਾ ਸਰਾਹੁਣਯੋਗ ਰੋਲ ਰਿਹਾ।

ਸਮਾਰੋਹ ਦਾ ਅਗਲਾ ਮਹੱਤਵ ਪੂਰਨ ਸੈਸ਼ਨ ਸ਼ੁਰੂ ਹੋਇਆ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਮਾਸਟਰ ਤਰਲੋਚਨ ਸਮਰਾਲਾ ਨੇ ਸੰਭਾਲੀ। ਕ੍ਰਿਸ਼ਨ ਬਰਗਾੜੀ ਯਾਦਗਾਰੀ ਐਵਾਰਡ ਦੇਣ ਲਈ ਲਈ ਚੁਣੇ ਗਏ ਲੈਕਚਰਾਰ ਬਲਵੰਤ ਸਿੰਘ (ਸੰਪਾਦਕ, 'ਤਰਕਸ਼ੀਲ ਪਥ' ਤੇ ਸਾਬਕਾ ਪ੍ਰਧਾਨ ਤਰਕਸ਼ੀਲ ਸੁਸਾਇਟੀ, ਹਰਿਆਣਾ) ਮੰਚ ਤੇ ਕ੍ਰਿਸ਼ਨ ਦੀ ਜੀਵਨ ਸਾਥਣ ਰਾਜਿੰਦਰ ਕੌਰ ਬਰਗਾੜੀ, ਹੇਮ ਰਾਜ ਸਟੈਨੋ ਤੇ ਰਾਜਿੰਦਰ ਭਦੌੜ ਨਾਲ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਸਨ। ਸੈਸ਼ਨ ਦੀ ਸ਼ੁਰੂਆਤ ਵਿੱਚ ਤਰਕਸ਼ੀਲ ਮੈਗਜ਼ੀਨ ਦੇ ਸੰਪਾਦਕ ਬਲਬੀਰ ਲੌਂਗੋਵਾਲ ਨੇ ਲੈਕਚਰਾਰ ਬਲਵੰਤ ਸਿੰਘ ਦੀ ਤਰਕਸ਼ੀਲ ਲਹਿਰ ਲਈ ਕੀਤੀ ਘਾਲਣਾ ਦੀ ਚਰਚਾ ਕਰਦਿਆਂ ਡੇਰਾ ਸਾਧਵੀ ਕੇਸ ਵਿੱਚ ਨਿਭਾਏ ਰੋਲ ਤੇ ਸਿਦਕਦਿਲੀ ਨਾਲ ਤਰਕਸ਼ੀਲ ਵਿਚਾਰਧਾਰਾ ਉੱਪਰ ਡਟੇ ਰਹਿਣ ਦੇ ਜਜ਼ਬੇ ਨੂੰ ਸਰਾਹਿਆ। ਉਹਨਾਂ ਆਖਿਆ ਕਿ ਬਲਵੰਤ ਸਿੰਘ ਦਾ ਡੇਰਾਵਾਦ ਤੇ ਅਗਿਆਨਤਾ ਖ਼ਿਲਾਫ਼ ਸੰਘਰਸ਼ ਗਿਣਨਯੋਗ ਹੈ। ਸਾਹਿਤ ਵਿਭਾਗ ਮੁਖੀ ਰਾਮ ਸਵਰਨ ਲੱਖੇਵਾਲੀ ਨੇ ਕ੍ਰਿਸ਼ਨ ਬਰਗਾੜੀ ਦੇ ਜੀਵਨ ਤੇ ਤਰਕਸ਼ੀਲ ਲਹਿਰ ਲਈ ਪਾਈਆਂ ਪਿਰਤਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਕ੍ਰਿਸ਼ਨ ਬਰਗਾੜੀ ਦਾ ਜੀਵਨ ਤੇ ਲਹਿਰ ਲਈ ਕੀਤਾ ਕਾਰਜ ਸਾਡੇ ਲਈ ਪ੍ਰੇਰਨਾ ਸ੍ਰੋਤ ਹੈ, ਜਿਸ ਨੂੰ ਅਸੀਂ ਵਿਗਿਆਨਕ ਚੇਤਨਾ ਦੇ ਪਸਾਰ ਲਈ ਲੋਕਾਂ ਤੱਕ ਲੈ ਕੇ ਜਾਣਾ ਹੈ। ਉਹਨਾਂ ਕ੍ਰਿਸ਼ਨ ਬਰਗਾੜੀ ਐਵਾਰਡ ਦੇ ਸ਼ਬਦਾਂ ਦੀ ਹਾਜ਼ਰ ਦਰਸ਼ਕਾਂ ਨਾਲ ਸਾਂਝ ਪੁਆਈ। ਸੂਬਾ ਕਮੇਟੀ ਵੱਲੋਂ 17ਵਾਂ ਯਾਦਗਾਰੀ ਐਵਾਰਡ ਦਾ ਸਨਮਾਨ ਲੈਕਚਰਾਰ ਬਲਵੰਤ ਸਿੰਘ ਨੂੰ ਦਿੱਤਾ ਗਿਆ। ਇਸ ਮੌਕੇ ਬੋਲਦਿਆਂ ਉਹਨਾਂ ਆਖਿਆ ਕਿ ਉਹ ਲੰਬੇ ਸਮੇਂ ਤੋਂ ਵਿਗਿਆਨਕ ਚੇਤਨਾ ਦੇ ਪ੍ਰਚਾਰ ਪਸਾਰ ਲਈ ਯਤਨਸ਼ੀਲ ਹਨ। ਉਹਨਾਂ ਕਿਹਾ ਕਿ ਤਰਕਸ਼ੀਲਤਾ ਵਿਚਲੀ ਸੱਚਾਈ ਨਾਲ ਹੀ ਉਹ ਸਿਦਕਦਿਲੀ ਨਾਲ ਇਸ ਰਾਹ ਤੁਰੇ ਹਨ। ਡੇਰਾ ਸਾਧਵੀ ਤੇ ਰਣਜੀਤ ਸਿੰਘ ਕਤਲ ਕਾਂਡ ਵਿੱਚ ਗਵਾਹ ਦੀ ਭੂਮਿਕਾ ਦੌਰਾਨ ਆਈਆਂ ਮੁਸ਼ਕਲਾਂ ਤੇ ਉਹਨਾਂ ਦੇ ਟਾਕਰੇ ਦੇ ਜਜ਼ਬਿਆਂ ਨੂੰ ਹਾਜ਼ਰੀਨ ਨਾਲ ਸਾਂਝਿਆਂ ਕੀਤਾ। ਲੈਕਚਰਾਰ ਬਲਵੰਤ ਸਿੰਘ ਨੇ ਜ਼ਿੰਦਗੀ ਭਰ ਤਰਕਸ਼ੀਲਤਾ ਦੇ ਰਾਹ ਤੁਰਨ ਦਾ ਅਹਿਦ ਕਰਦਿਆਂ ਆਖਿਆ ਕਿ ਭਰਮ ਮੁਕਤ ਤੇ ਚੰਗੇਰੇ ਸਮਾਜ ਦੀ ਸਿਰਜਣਾ ਲਈ ਹੋਰ ਵਧੇਰੇ ਯਤਨਾਂ ਦੀ ਲੋੜ ਹੈ।

ਸਮਾਗਮ ਦੇ ਦੂਸਰੇ ਮਹੱਤਵਪੂਰਨ ਸ਼ੈਸ਼ਨ ਵਿੱਚ ਦੇਸ਼ ਦੇ ਉੱਘੇ ਚਿੰਤਕ, ਵਿਗਿਆਨੀ ਤੇ ਡਾਕੂਮੈਂਟਰੀ ਫਿਲਮ ਮੇਕਰ ਪ੍ਰੋ. ਗੌਹਰ ਰਜ਼ਾ 'ਮੀਡੀਆ ਤੇ ਧਾਰਮਿਕ ਮੂਲਵਾਦ' ਵਿਸ਼ੇ ਦੇ ਚਰਚਾ ਕਰਨ ਲਈ ਪੁੱਜੇ। ਉਹਨਾਂ ਆਖਿਆ ਕਿ ਮੀਡੀਏ ਦਾ ਦੇਸ਼ ਤੇ ਸਮਾਜ ਲਈ ਮਹੱਤਵਪੂਰਨ ਰੋਲ ਹੈ। ਜਿਸ ਦੇਸ਼ ਦੇ ਨੇਤਾ ਇਹ ਕਿਹਾ ਕਰਦੇ ਸਨ ਕਿ ਸਾਡੇ ਦੇਸ਼ ਦਾ ਆਧਾਰ ਤਰਕ ਤੇ ਵਿਗਿਆਨਕ ਦ੍ਰਿਸ਼ਟੀਕੋਣ ਹੋਏਗਾ, ਹੁਣ ਉਸ ਦੇਸ਼ ਦੇ ਹੁਕਮਰਾਨ ਧਰਮ ਤੇ ਮੂਲਵਾਦ ਸਹਾਰੇ ਭਗਵੇਂਕਰਨ ਨੂੰ ਜਨ ਮਾਨਸ ਦੇ ਮਨਾਂ ਚ ਭਰਨ ਦੀਆਂ ਕੋਸ਼ਿਸ਼ਾਂ ਵਿੱਚ ਜੁਟੇ ਹੋਏ ਹਨ। ਪ੍ਰੋ. ਗੌਹਰ ਰਜ਼ਾ ਨੇ ਸਾਫ਼ ਸ਼ਬਦਾਂ ਵਿੱਚ ਆਖਿਆ ਕਿ ਚਾਰ ਦਹਾਕੇ ਪਹਿਲਾਂ ਟੈਲੀਵੀਜ਼ਨ ਰਾਹੀਂ ਉਤਰੇ ਅਨੇਕਾਂ ਅਖੌਤੀ ਬਾਬੇ ਲੋਕਾਂ ਨੂੰ ਗੁੰਮਰਾਹ ਕਰਕੇ ਧਰਮ ਨੂੰ ਰਾਜ ਸੱਤਾ ਦੇ ਸੰਦ ਵਜੋਂ ਵਰਤਣ ਦੀ ਉੱਘੜਵੀਂ ਉਦਾਹਰਣ ਹਨ।

ਉਹਨਾਂ ਆਖਿਆ ਕਿ ਕੇਂਦਰ ਸਰਕਾਰ ਕੋਲ ਮੂਰਤੀਆਂ ਬਣਾਉਣ ਤੇ ਕੁੰਭ ਮੇਲੇ ਲਗਾਉਣ ਲਈ ਕਰੋੜਾਂ ਰੁਪਏ ਹਨ ਪਰ ਉਚੇਰੀ ਸਿੱਖਿਆ, ਸਿਹਤ ਤੇ ਸਾਇੰਸ ਲਈ ਕੁਝ ਨਹੀਂ ਹੈ। ਹੁਕਮਰਾਨ ਸਾਇੰਸ ਕਾਂਗਰਸ ਸਮਾਰੋਹਾਂ ਵਿੱਚ ਜਾ ਕੇ

ਗੈਰਵਿਗਿਆਨਕ ਤੇ ਪਿਛਾਖੜੀ ਸੰਸਕਾਰਾਂ ਨੂੰ ਫੈਲਾਉਣ ਵਾਲੇ ਵਿਚਾਰ ਪੇਸ਼ ਕਰ ਰਹੇ ਹਨ। ਪ੍ਰੋ. ਰਜ਼ਾ ਨੇ ਆਪਣੀ ਕੁੰਜੀਵਤ ਤਕਰੀਰ ਵਿੱਚ ਧਾਰਮਿਕ ਮੂਲਵਾਦ ਦੀ ਤੁਲਨਾ ਉਸ ਹਨੇਰੇ ਨਾਲ ਕੀਤੀ ਜਿਹੜਾ ਵਿਗਿਆਨ ਦੇ ਚਾਨਣ ਨੂੰ ਧਰਮ ਤੇ ਸੱਤਾ ਦੇ ਹੋਰ ਫੈਲਣ ਤੋਂ ਰੋਕਣਾ ਚਾਹੁੰਦਾ ਹੈ। ਉਹਨਾਂ ਦੀ ਤਕਰੀਰ ਉਪਰੰਤ ਚੱਲਿਆ ਸੁਆਲ ਜੁਆਬ ਸੈਸ਼ਨ, ਬਹੁਤ ਗਿਆਨਮਈ ਤੇ ਪ੍ਰਭਾਵਸ਼ਾਲੀ ਰਿਹਾ। ਦਰਸ਼ਕਾਂ ਦੇ ਸ਼ੰਕਿਆਂ ਨੂੰ ਨਵਿਰਤ ਕਰਦਿਆਂ ਪ੍ਰੋ. ਗੌਹਰ ਰਜ਼ਾ ਨੇ ਆਖਿਆ ਕਿ ਦੂਸਰਿਆਂ ਤੇ ਕੰਟਰੋਲ ਕਰਨਾ, ਉਹਨਾਂ ਦੀ ਜ਼ੁਬਾਨਬੰਦੀ ਕਰਨਾ ਫਾਸਿਸ਼ਟ ਸੋਚ ਹੈ, ਜਿਸ ਤੇ ਚਲਦਿਆਂ ਭਾਜਪਾ ਦੇਸ਼ ਦੇ ਜਮਹੂਰੀ ਹੱਕਾਂ ਦੇ ਰਖਵਾਲਿਆਂ ਨੂੰ ਜੇਲ੍ਹਾਂ ਵਿੱਚ ਸੁੱਟ ਰਹੀ ਹੈ। ਧਰਮ, ਆਸਥਾ ਦੀ ਟੇਕ ਤੇ ਇਤਿਹਾਸ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਜਾ ਰਿਹਾ ਹੈ। ਉਹਨਾਂ ਸਪਸ਼ੱਟ ਕੀਤਾ ਕਿ ਅਗਾਂਹਵਧੂ ਤਾਕਤਾਂ ਨੂੰ ਮੀਡੀਆ, ਮੂਲਵਾਦ ਤੇ ਸੱਤਾ ਰਾਹੀਂ ਮਿਲ ਰਹੀਆਂ ਚੁਣੌਤੀਆਂ ਦਾ ਇਕਮੁੱਠਤਾ ਨਾਲ ਟਾਕਰਾ ਕਰਨਾ ਚਾਹੀਦਾ ਹੈ। ਉਹਨਾਂ ਵਿਗਿਆਨਕ ਚੇਤਨਾ ਦੇ ਪ੍ਰਚਾਰ ਪਸਾਰ ਵਿੱਚ ਜੁਟੇ ਮੈਗਜ਼ੀਨਾਂ ਦੀ ਤੁਲਨਾ ਦੀਵਿਆਂ ਨਾਲ ਕਰਦਿਆਂ ਆਖਿਆ ਕਿ ਇਹਨਾਂ ਦਾ ਚਾਨਣ ਅਗਿਆਨਤਾ, ਅੰਧਵਿਸ਼ਵਾਸਾਂ, ਮੂਲਵਾਦ ਦੇ ਹਨੇਰੇ ਖ਼ਿਲਾਫ਼ ਜੁਗਨੂੰਆਂ ਨੂੰ ਤਿਆਰ ਕਰੇਗਾ। ਸਮਾਗਮ ਵਿੱਚ ਬੋਲਦਿਆਂ ਪ੍ਰੋ. ਗੌਹਰ ਰਜ਼ਾ ਦੀ ਜੀਵਨ ਸਾਥਣ ਸ਼ਬਨਮ ਹਾਸ਼ਮੀ ਨੇ ਫਾਸ਼ੀਵਾਦ ਖ਼ਿਲਾਫ਼ ਲੜਾਈ ਹਰ ਪੱਧਰ ਤੇ ਲੜਨ ਦੀ ਲੋੜ ਤੇ ਜ਼ੋਰ ਦਿੱਤਾ। ਉਹਨਾਂ ਆਖਿਆ ਕਿ ਸੁਆਲ ਕਰਨ, ਤਰਕ ਵਿਤਰਕ ਕਰਨ, ਸੋਚਣ, ਸਮਝਣ ਤੇ ਪਾਬੰਦੀਆਂ ਲਾ ਕੇ ਭਗਵੇਂਕਰਨ ਨੂੰ ਲਾਗੂ ਕਰਨ ਦੇ ਮਨਸ਼ੇ ਦੇਸ਼ ਹਿਤ ਵਿੱਚ ਨਹੀਂ ਹਨ। ਸੈਮੀਨਾਰ ਹਾਲ ਵਿੱਚ ਲਗਾਤਾਰ ਦੋ ਘੰਟੇ ਗੰਭੀਰ ਵਿਚਾਰ ਚਰਚਾ ਨੂੰ ਹਾਜ਼ਰੀਨ ਨੇ ਧਿਆਨ ਪੂਰਵਕ ਸੁਣਿਆ ਤੇ ਮਾਣਿਆ। ਸਮਾਰੋਹ ਦੇ ਸਮਾਪਨ ਪਲਾਂ ਵਿੱਚ ਸੁਸਾਇਟੀ ਦੇ ਸੂਬਾ ਜਥੇਬੰਦਕ ਮੁਖੀ ਰਾਜਿੰਦਰ ਭਦੌੜ ਨੇ ਮਰਹੂਮ ਆਗੂ ਕ੍ਰਿਸ਼ਨ ਬਰਗਾੜੀ ਦੀ ਘਾਲਣਾ ਨੂੰ ਸਲਾਮ ਕਰਦਿਆਂ ਲੈਕਚਰਾਰ ਬਲਵੰਤ ਸਿੰਘ ਦੀ ਸਮਰਪਣ ਭਾਵਨਾ ਤੇ ਸਿਦਕਦਿਲੀ ਤੋਂ ਸਿੱਖਣ ਤੇ ਇਸਨੂੰ ਜੀਵਨ ਵਿੱਚ ਲਾਗੂ ਕਰਨ ਲਈ ਆਖਿਆ। ਉਹਨਾਂ ਪ੍ਰੋ. ਗੌਹਰ ਰਜ਼ਾ ਤੇ ਸ਼ਬਨਮ ਹਾਸ਼ਮੀ ਦੇ ਨਾਲ ਨਾਲ ਸਫ਼ਲ ਵਿਚਾਰ ਚਰਚਾ ਲਈ ਹਾਜ਼ਰ ਤਰਕਸ਼ੀਲ ਸਨੇਹੀਆਂ ਦਾ ਵੀ ਧੰਨਵਾਦ ਕੀਤਾ। ਸਮਾਰੋਹ ਵਿੱਚ ਪ੍ਰੋ. ਰਜ਼ਾ ਵੱਲੋਂ ਤਰਕਸ਼ੀਲ ਆਗੂ ਕੇਵਲ ਬਠਿੰਡਾ ਵੱਲੋਂ ਬਣਾਏ ਡਾ. ਨਰੇਂਦਰ ਦਾਭੋਲਕਰ ਤੇ ਡਾ. ਅਬਰਾਹਮ ਟੀ. ਕਾਵੂਰ ਦੇ ਬਣਾਏ ਚਿਤਰਾਂ ਦਾ ਲੋਕ ਅਰਪਣ ਕੀਤਾ ਗਿਆ। ਇਸ ਮੌਕੇ ਸੁਸਾਇਟੀ ਦੇ ਸੂਬਾਈ ਆਗੂਆਂ ਸੁਖਵਿੰਦਰ ਬਾਗਪੁਰ, ਐਡਵੋਕੇਟ ਹਰਿੰਦਰ ਲਾਲੀ, ਅਜੀਤ ਪ੍ਰਦੇਸੀ ਤੇ ਭੂਰਾ ਸਿੰਘ ਮਹਿਮਾ ਸਰਜਾ ਤੋਂ ਇਲਾਵਾ ਰਾਜ ਭਰ ਤੋਂ ਆਏ ਤਰਕਸ਼ੀਲ ਆਗੂ ਅਭਿਨਵ ਜੰਮੂ, ਮਨਜੀਤ ਸਿੰਘ ਮਲਸੀਆਂ, ਹਰਚੰਦ ਭਿੰਡਰ, ਜਸਵੰਤ ਮੁਹਾਲੀ, ਵੇਦ ਪ੍ਰਕਾਸ਼ ਸੋਨੀ, ਹਰਚਰਨ ਚੋਹਲਾ, ਜੋਗਿੰਦਰ ਕੁੱਲੇਵਾਲ, ਕੁਲਜੀਤ ਡੰਗਰ ਖੇੜਾ, ਅਸ਼ੋਕ ਕੁਮਾਰ ਰੋਪੜ, ਸੁਰਿੰਦਰ ਰਾਮਪੁਰਾ, ਚੰਨਣ ਵਾਂਦਰ, ਜਸਵੰਤ ਜੱਸ, ਡਾ. ਜਗਜੀਤ, ਜ਼ੋਰਾ ਸਿੰਘ ਖਿਆਲੀ, ਪਰਮਵੇਦ, ਜੁਝਾਰ ਲੌਂਗੋਵਾਲ ਤੇ ਗੁਰਪ੍ਰੀਤ ਸ਼ਹਿਣਾ ਆਦਿ ਵੀ ਹਾਜ਼ਰ ਸਨ।

## ਤਰਕਸ਼ੀਲਤਾ ਦਾ ਇੱਕ ਰੰਗ ਇਹ ਵੀ

ਸਕੂਲਾਂ ਵਿੱਚ ਜਾਂਦਿਆਂ, ਪੁਸਤਕਾਂ ਨੂੰ ਲੋਕਾਂ ਦੇ ਹੱਥਾਂ ਤੱਕ ਪਹੁੰਚਾਉਂਦਿਆਂ ਮੈਂ ਇਹ ਅਕਸਰ ਵੇਖਿਆ ਹੈ ਕਿ ਬੱਚੇ ਵੀ ਹੁਣ ਭੂਤ ਪ੍ਰੇਤਾਂ ਤੇ ਵਹਿਮਾਂ ਭਰਮਾਂ ਦੀ ਬਜਾਏ ਤਰਕ ਦੀ ਗੱਲ ਕਰਦੇ ਹਨ, ਸੋਚਦੇ ਹਨ ਤੇ ਸੁਆਲ ਕਰਦੇ ਹਨ। ਜਿਹੜੇ ਸਕੂਲਾਂ ਵਿੱਚ ਤਰਕਸ਼ੀਲ ਮੈਗਜ਼ੀਨ ਦੇ ਪਾਠਕ ਅਧਿਆਪਕ ਹਨ, ਉੱਥੇ ਤਾਂ ਗੱਲ ਹੀ ਕੁਝ ਹੋਰ ਹੈ। ਵਿਦਿਆਰਥੀ ਅਧਿਆਪਕਾਂ ਨੂੰ ਆਪਣੇ ਆਸ ਪਾਸ ਵਾਪਰਦੀਆਂ ਅਜਿਹੀਆਂ ਘਟਨਾਵਾਂ ਦੱਸ ਕੇ ਅਧਿਆਪਕਾਂ ਤੋਂ ਉਹਨਾਂ ਦੇ ਕਾਰਣ ਪੁੱਛਦੇ ਹਨ। ਪੁਸਤਕਾਂ ਨੂੰ ਪਿਆਰ ਕਰਨ ਵਾਲੇ, ਪੜ੍ਹਨ ਵਾਲੇ ਲੋਕ ਇੱਕ ਇੱਕ ਪੁਸਤਕ ਨਾਲ ਕਿੱਥੋਂ ਤੱਕ ਤਰਕਸ਼ੀਲਤਾ ਦੀਆਂ ਕਿਰਨਾਂ ਫੈਲਾ ਰਹੇ ਹਨ। ਮੈਗਜ਼ੀਨ ਤੇ ਤਰਕਸ਼ੀਲ ਪੁਸਤਕਾਂ ਨੇ ਬਹੁਤ ਲੋਕਾਂ ਦੀ ਜ਼ਿੰਦਗੀ ਨੂੰ ਰੁਸ਼ਨਾਇਆ ਹੈ ਮੇਲਿਆਂ ਤੋਂ ਬਜ਼ੁਰਗ ਤੇ ਮਾਪੇ ਆਪਣੇ ਬੱਚਿਆਂ ਲਈ ਪੁਸਤਕਾਂ ਲੈ ਕੇ ਜਾਂਦੇ ਹਨ ਉਂਜ ਉਹ ਇਹ ਵੀ ਆਖਦੇ ਹਨ ਕਿ ਜੇ ਪੜ੍ਹ ਲੈਣਗੇ ਤਾਂ ਉਨ੍ਹਾਂ ਦਾ ਅੱਗਾ ਤੇ ਸਾਡਾ ਬੁਢਾਪਾ ਚੰਗਾ ਗੁਜ਼ਰ ਜਾਊ। **ਨਿਰਮਲ ਪਟਵਾਰੀ**

### ਅਗਲੇ ਅੰਕ ਵਿੱਚ ਵਿਸ਼ੇਸ਼

**ਨੰਦਨੀ ਜਾਧਵ ਦਾ ਅੰਧ ਸ਼ਰਧਾ ਖ਼ਿਲਾਫ਼ ਮਾਣ ਮੱਤਾ ਰੋਲ**



ਅੰਧ ਸ਼ਰਧਾ ਨਿਰਮੂਲਣ ਸੰਮਤੀ ਮਹਾਰਾਸ਼ਟਰ, ਦੀ ਰਾਜ ਪੱਧਰੀ ਆਗੂ ਨੰਦਨੀ ਜਾਧਵ ਨਾਲ ਕੀਤੀ ਮੁਲਾਕਾਤ ਪਾਠਕਾਂ, ਤਰਕਸ਼ੀਲ ਕਾਮਿਆਂ ਤੇ ਸਨੇਹੀਆਂ ਲਈ ਇੱਕ ਪ੍ਰੇਰਨਾ, ਸਬਕ ਤੇ ਬੇਸ਼ਕੀਮਤੀ ਜਾਣਕਾਰੀ ਲੈ ਕੇ ਆਵੇਗੀ। ਨੰਦਨੀ ਜਾਧਵ ਅਨਿਸ ਦੀ ਕੁਲਵਕਤੀ ਮਹਿਲਾ ਆਗੂ ਹੈ, ਜਿਹੜੀ ਡਾ. ਨਰੇਂਦਰ ਦਾਭੋਲਕਰ ਦੀ ਸ਼ਹਾਦਤ ਤੋਂ ਬਾਅਦ ਸਰਗਰਮ ਹੋਈ ਹੈ।

# ਫੀਰਾ ਦੀ ਕੌਮੀ ਕਾਨਫਰੰਸ

ਫੈਡਰੇਸ਼ਨ ਆਫ ਇੰਡੀਅਨ ਰੈਸ਼ਨੇਲਿਸਟ ਐਸੋਸੀਏਸ਼ਨਜ਼ (F.I.R.A.) ਦੀ 11ਵੀਂ ਕੌਮੀ ਕਾਨਫ੍ਰੰਸ 5-6 ਜਨਵਰੀ 2019 ਨੂੰ ਵਿਸਾਖਾਪਟਨਮ (ਆਂਧਰਾ ਪ੍ਰਦੇਸ਼) ਵਿਖੇ ਹੋਈ। ਮਾਨਵ ਵਿਕਾਸ ਵੇਦਿਕਾ (MVV) ਵੱਲੋਂ ਸਵੈ-ਇੱਛਾ ਨਾਲ ਇਸਦਾ ਆਯੋਜਨ ਕੀਤਾ ਗਿਆ। 13 ਰਾਜਾਂ ਅਤੇ 42 ਮੈਂਬਰ, ਨਾਨ-ਮੈਂਬਰ ਸੰਗਠਨਾਂ ਦੇ 243 ਰਜਿਸਟਰਡ ਅਤੇ 150 ਨਾਨ-ਰਜਿਸਟਰਡ ਡੈਲੀਗੇਟਾਂ ਨੇ ਭਾਗ ਲਿਆ। ਪਹਿਲੇ ਦਿਨ ਚਾਰ ਅਤੇ ਦੂਜੇ ਦਿਨ ਦੋ ਸ਼ੈਸਨ ਆਯੋਜਤ ਹੋਏ।

**ਪਹਿਲਾ ਦਿਨ : ਪਹਿਲਾ ਸ਼ੈਸਨ : ਉਦਘਾਟਨੀ ਸ਼ੈਸਨ** : ਇਸ ਦੀ ਪ੍ਰਧਾਨਗੀ ਪ੍ਰੋ. ਨਰਿੰਦਰ ਨਾਇਕ (ਪ੍ਰਧਾਨ ਫੀਰਾ), ਡਾ. ਕੇ. ਐਸ. ਚਾਲਮ (ਸਾਬਕਾ ਵਾਈਸ ਚਾਂਸਲਰ, ਦ੍ਰਾਵਿੜ ਯੂਨੀਵਰਸਿਟੀ), ਡਾ. ਵਿਜੈਯਮ, ਡਾਇਰੈਕਟਰ, ਨਾਸਤਿਕ ਕੇਂਦਰ, ਵਿਜੈਵਾੜਾ ਨੇ ਕੀਤੀ। ਪੱਛਮੀ ਬੰਗਾਲ ਤੋਂ ਚਾਰਵਾਕ ਦਰਸ਼ਨ ਦੇ ਪ੍ਰਸਿੱਧ ਵਿਦਵਾਨ ਪ੍ਰੋ. ਰਾਮ ਕ੍ਰਿਸ਼ਨ ਭੱਟਾਚਾਰੀਆ ਇਸ ਸ਼ੈਸਨ ਦੇ ਮੁੱਖ ਮਹਿਮਾਨ ਸਨ। ਮਾਨਵ ਵਿਕਾਸ ਵੇਦਿਕਾ ਦੀ ਕੇਂਦਰੀ ਕਮੇਟੀ ਦੇ ਜਨਰਲ ਸਕੱਤਰ ਐਮ.ਐਸ.ਐਨ. ਮੂਰਥੀ ਨੇ ਸਾਰੀ ਸਟੇਜ ਦੀ ਕਾਰਵਾਈ ਚਲਾਈ। ਮਿਸਜ ਬੀ. ਸਪਨਦਨਾ ਦੀ ਅਗਵਾਈ ਹੇਠ MVV ਦੀ ਸਭਿਆਚਾਰਕ ਟੀਮ ਨੇ ਕੁੱਝ ਸਭਿਆਚਾਰਕ ਆਈਟਮਾਂ ਪੇਸ਼ ਕੀਤੀਆਂ। ਚਾਰ ਤਰਕਸ਼ੀਲ ਵਿਚਾਰਾਂ ਦੀਆਂ ਨਵੀਆਂ ਕਿਤਾਬਾਂ ਰਲੀਜ ਕੀਤੀਆਂ ਗਈਆਂ। ਪੱਛਮੀ ਬੰਗਾਲ ਦੇ ਸਵੈ ਸਾਚੀ ਚੈਟਰਜੀ (ਪ੍ਰਸਿੱਧ ਵਿਦਵਾਨ) ਨੇ ਡੈਲੀਗੇਟਾਂ ਨੂੰ ਸੰਬੋਧਨ ਕੀਤਾ। ਦ੍ਰਾਵਿੜ ਕੜਗਮ ਦੇ ਨੇਤਾ ਕੇ. ਵੀਰਾਮਨੀ ਦਾ ਸੰਦੇਸ਼ ਬੀ. ਸਮਬਾਸਿਵਾ ਰਾਓ ਨੇ ਪੜ੍ਹਿਆ।

**ਦੂਜਾ ਸ਼ੈਸਨ : ਵਿਚਾਰ-ਚਰਚਾ : ਵਿਸ਼ਾ : ਔਰਤ ਸੰਗਠਨ-ਤਰਕਸ਼ੀਲਤਾ** : ਇਸ ਸ਼ੈਸਨ ਦੀ ਪ੍ਰਧਾਨ ਮਿਸਜ ਬਸੰਥੀ ਅਚਾਰੀਆ (ਮੈਂਬਰ, F.I.R.A., ਉੜੀਸਾ) ਨੇ ਕੀਤੀ। ਮਿਸਜ ਚੰਦਨਾ ਚੱਕਰਵਰਤੀ (ਸਮਾਜਿਕ ਕਾਰਕੁੰਨ, ਤੇਲੰਗਾਨਾ), ਡਾ. ਜੀ. ਰਾਧਾ ਰਾਣੀ (ਆਨਰੇਰੀ ਜੱਜ, ਵੈਟ ਅਪੀਲ ਅਥਾਰਟੀ ਕੋਰਟ, ਹੈਦਰਾਬਾਦ) ਅਤੇ ਪ੍ਰੋ. ਰਾਜਬਾਲਾ ਤ੍ਰਿਪਥੀ (ਸੰਯੁਕਤ ਸਕੱਤਰ ਹਿਊਮਨਿਸਟ ਰੈਸ਼ਨੇਲਿਸਟ ਸੰਗਠਨ, ਉੜੀਸਾ) ਇਸ ਸ਼ੈਸਨ ਦੇ ਮਹਿਮਾਨ ਸਨ। ਸਟੇਜ ਸੰਚਾਲਨ MVV ਮੈਂਬਰ ਬੀ ਮਾਨਵਤਾ ਨੇ ਕੀਤਾ।

**ਤੀਜਾ ਸ਼ੈਸਨ : F.I.R.A. ਦੇ ਮੈਨੀਫੈਸਟੋ ਅਤੇ ਸੰਵਿਧਾਨ 'ਤੇ ਚਰਚਾ** : ਇਸ ਸ਼ੈਸਨ ਦੀ ਪ੍ਰਧਾਨਗੀ ਪ੍ਰੋ. ਨਰਿੰਦਰ ਨਾਇਕ ਨੇ ਕੀਤੀ। ਫੀਰਾ ਦੇ ਵਾਈਸ ਪ੍ਰੈਜੀਡੈਂਟ ਈ.ਟੀ. ਰਾਓ ਅਤੇ ਲਾਲ ਸਲਾਮ ਇਸ ਸ਼ੈਸਨ ਦੇ ਕੋਆਰਡੀਨੇਟਰ ਅਤੇ ਫੀਰਾ ਦੇ ਸਕੱਤਰ ਰਾਜਾ ਸੁਰੇਸ਼ ਅਤੇ ਸੰਗਠਨ ਸਕੱਤਰ ਚ. ਰਾਜੇਸ਼ਵਰ ਰਾਓ ਪੇਸ਼ਕਾਰ ਸਨ। ਸਟੇਜ ਸੰਚਾਲਨ MVV ਦੇ ਪ੍ਰਧਾਨ ਪੀ. ਰਾਮਾ ਰਾਓ ਨੇ ਕੀਤਾ।

> **F.I.R.A. ਦੀ ਨਵੀਂ ਚੁਣੀ ਟੀਮ**
> **ਪ੍ਰਧਾਨ :**
> *ਪ੍ਰੋ. ਨਰਿੰਦਰ ਨਾਇਕ*
> ***ਜਨਰਲ ਸਕੱਤਰ :***
> *ਡਾ. ਸੁਦੇਸ਼ ਘੋੜੇਰਾਓ (ਮਹਾਰਾਸ਼ਟਰ)*
> ***ਖਜਾਨਚੀ :***
> *ਹਰਚੰਦ ਭਿੰਡਰ (ਪੰਜਾਬ)*

**ਚੌਥਾ ਸ਼ੈਸਨ : ਸਭਿਆਚਾਰਕ ਪ੍ਰੋਗਰਾਮ** : ਐਮ.ਵੀ.ਵੀ. ਦੇ ਵਾਈਸ ਪ੍ਰੈਜੀਡੈਂਟ ਪ੍ਰੋ. ਐਨ. ਵਿਕਰਮ ਨੇ ਇਹ ਸ਼ੈਸਨ ਆਯੋਜਿਤ ਕੀਤਾ। ਸ੍ਰੀਕਾਕੁਲਮ ਤੋਂ ਉਮੇਸ਼ਵਰ ਰਾਓ ਨੇ ਜਾਦੂ ਟਰਿੱਕ ਪੇਸ਼ ਕੀਤੇ। ਫੀਰਾ ਦੇ ਐਗਜੈਕਟਿਵ ਕਮੇਟੀ ਮੈਂਬਰ ਐਮ.ਐਨ. ਬੁੱਧਾ ਨੇ ਸੰਬੋਧਨ ਕੀਤਾ।

**ਦੂਜਾ ਦਿਨ : ਪੰਜਵਾਂ ਸ਼ੈਸਨ : ਗਤੀਵਿਧੀਆਂ ਦੀ ਪੇਸ਼ਕਾਰੀ** : ਇਸ ਸ਼ੈਸਨ ਦੀ ਪ੍ਰਧਾਨਗੀ ਧਨੇਸਵਰ ਸਾਹੂ (ਸਕੱਤਰ, ਫੀਰਾ) ਨੇ ਕੀਤੀ। ਇਸ ਸ਼ੈਸਨ ਦੇ ਆਬਜਰਵਰ ਡਾ. ਸੁਦੇਸ਼ ਘੋੜੇਰਾਓ (ਸਕੱਤਰ, ਫੀਰਾ), ਹਰਚੰਦ ਭਿੰਡਰ (ਖਜ਼ਾਨਚੀ, ਫੀਰਾ), ਸਕੁਮਰਨ, ਡਾ. ਗਿਰਧਰ ਰਾਓ (ਐਗਜੈਕਟਿਵ ਮੈਂਬਰ, ਫੀਰਾ) ਸਨ। ਸਨਮੁਖ ਸੁੰਦਰਮ (ਤਾਮਿਲਨਾਡੂ ਤਰਕਸ਼ੀਲ ਫੋਰਮ), ਨਾਰਨੇ ਵੈਂਕਟ ਸੁਭੱਈਆ (ਆਂਧਰਾ ਪ੍ਰਦੇਸ਼ ਤਰਕਸ਼ੀਲ ਸੰਗਠਨ), ਡਾ. ਰਾਜੇਸ਼ਵਖਰ (ਨੈਸ਼ਨਲ ਜਨ ਵਿਗਿਆਨ ਵੇਦਿਕਾ), ਸਮੋਨਾ ਚੌਧਰੀ (ਆਸਾਮ ਮਹਿਲਾ ਸੰਘ), ਸਮਾਰਥਖਸ (ਪੀਪਲਜ਼ ਨਾਸਤਿਕ ਸੁਸਾਇਟੀ, ਤੇਲੰਗਾਨਾ), ਡਾ. ਗਿਰਧਰ ਰਾਓ (ਦੱਖਣ ਕੰਨੜ ਰੈਸ਼ਨੇਲਿਸਟ ਐਸੋਸੀਏਸ਼ਨ), ਡਾ. ਅਨਿਲ ਕੁਮਾਰ (ਤਰਕਸ਼ੀਲ ਸੁਸਾਇਟੀ ਪੰਜਾਬ) ਨੇ ਰਿਪੋਰਟਾਂ ਪੇਸ਼ ਕੀਤੀਆਂ।

**ਛੇਵਾਂ ਸ਼ੈਸਨ : ਵਿਚਾਰ-ਚਰਚਾ : ਵਿਸ਼ਾ : ਧਾਰਮਿਕ ਮੂਲਵਾਦ ਦਾ ਉਭਾਰ ਅਤੇ ਸਾਡਾ ਪ੍ਰੋਗਰਾਮ** : ਇਸ ਸ਼ੈਸਨ ਦੀ ਪ੍ਰਧਾਨਗੀ ਫੀਰਾ ਦੇ ਵਾਈਸ ਪ੍ਰੈਜੀਡੈਂਟ ਅਵਨੀ ਪਾਟਿਲ ਨੇ ਕੀਤੀ। ਮਹਿਮਾਨ ਪ੍ਰੋ. ਚਾਰਵਾਕ (ਸੈਂਟਰਲ ਯੂਨੀਵਰਸਿਟੀ, ਆਸਾਮ), ਰਾਵਥ (ਸੋਸ਼ਲ ਡਿਵੈਲਪਮੈਂਟ ਫੋਰਮ, ਦਿੱਲੀ) ਆਦਿ ਸਨ।

**ਸੱਤਵਾਂ ਸ਼ੈਸਨ** : ਇਸ ਸ਼ੈਸਨ ਵਿੱਚ 'ਕੋਮਾਲੀ ਇਨਿਆ ਨਾਰਸੇਤੀ ਨੈਸ਼ਨਲ ਹਿਊਮਨਿਸਟ ਐਵਾਰਡ' 20 ਸਾਲ ਦੀਆਂ ਗਤੀਵਿਧੀਆਂ ਲਈ ਪ੍ਰੋ. ਨਰਿੰਦਰ ਨਾਇਕ ਨੂੰ ਪ੍ਰਦਾਨ ਕੀਤਾ ਗਿਆ।

**ਅਖੀਰਲਾ ਸ਼ੈਸਨ** : ਨਵੀਂ ਚੋਣ।

**- ਅਦਾਰਾ**

# ਉੱਠਦੇ ਰਹਿਣ ਸਵਾਲ

ਜਿਸ ਸਮਾਜ ਵਿੱਚ ਸੁਆਲ ਪੁੱਛਣ ਦੀ ਇਜਾਜ਼ਤ ਹੋਵੇ ਤੇ ਸੁਆਲ ਪੁੱਛੇ ਜਾਣ ਦਾ ਮਹੌਲ ਹੋਵੇ, ਉਸ ਸਮਾਜ ਵਿੱਚ ਰਾਜਨੇਤਾ ਨੂੰ ਉਸ ਉੱਪਰ ਜੁੱਤੀ ਸੁੱਟੇ ਜਾਣ ਦਾ ਡਰ ਨਹੀਂ ਰਹਿੰਦਾ। ਲੀਡਰ ਜੁੱਤੇ ਤੋਂ ਜ਼ਿਆਦਾ ਸੁਆਲ ਤੋਂ ਡਰਦੇ ਹਨ। ਜੁੱਤੀ ਕਿਸੇ ਨੂੰ ਡਰਾਉਣ, ਧਮਕਾਉਣ ਤੇ ਮਨਾਉਣ ਦਾ ਸੰਦ ਹੈ ਜਦਕਿ ਸੁਆਲ ਕਿਸੇ ਨੂੰ ਉਸਦੇ ਆਪਣੇ ਸਾਹਮਣੇ ਖੜਾ ਕਰਕੇ ਅੰਤਰ-ਝਾਤ ਮਰਾਉਣ ਦਾ ਸੰਦ ਹੈ। ਤੁਸੀਂ ਪੱਤਰਕਾਰਾਂ ਦੇ ਸੁਆਲਾਂ ਤੋਂ ਖਿਝਦੇ ਜਾਂ ਜਲਦੀ ਨਾਲ ਕਾਰਾਂ ਵਿੱਚ ਬੈਠ ਕੇ ਭੱਜਦੇ ਲੀਡਰ ਅਕਸਰ ਦੇਖੇ ਹੋਣਗੇ। ਸੁਆਲਾਂ ਤੋਂ ਡਰਦਿਆਂ ਸਾਡੇ ਮੌਜੂਦਾ ਪ੍ਰਧਾਨ ਮੰਤਰੀ ਨੇ ਇੱਕ ਵੀ ਪ੍ਰੈੱਸ ਕਾਨਫਰੰਸ ਨਹੀਂ ਕੀਤੀ। ਸਿਰਫ ਇੰਟਰਵਿਊ ਦਿੱਤੀਆਂ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਇਨ੍ਹਾਂ ਮੁਲਾਕਾਤਾਂ ਵਿੱਚ ਪ੍ਰਧਾਨ ਮੰਤਰੀ ਤੋਂ ਪੁੱਛੇ ਜਾਣ ਵਾਲੇ ਸੁਆਲ ਪਹਿਲਾਂ ਹੀ ਤੈਅ ਕੀਤੇ ਹੋਏ ਸਨ।

ਸ਼ੰਕਾ ਸੁਆਲ ਦੀ ਜਨਣੀ ਹੁੰਦੀ ਹੈ। ਇੱਕ ਸੈਮੀਨਾਰ ਦੌਰਾਨ ਇੱਕ ਦਰਸ਼ਕ ਨੇ ਕਿਹਾ ਕਿ ਬੁੱਧ ਦਾ ਸੂਤਰ ਹੈ, "ਹਰ ਗੱਲ ਤੇ ਸ਼ੰਕਾ ਕਰੋ (Doubt everything)।" ਸੈਮੀਨਾਰ ਦੇ ਮੁੱਖ ਬੁਲਾਰੇ ਪ੍ਰਸਿੱਧ ਮਾਰਕਸਵਾਦੀ ਚਿੰਤਕ ਪ੍ਰੋ. ਰਣਧੀਰ ਸਿੰਘ ਨੇ ਗੱਲ ਨੂੰ ਹੋਰ ਸਾਫ ਕੀਤਾ। "ਹਰ ਗੱਲ ਤੇ ਸ਼ੰਕਾ ਕਰੋ ਠੀਕ ਨਹੀਂ। ਸਹੀ ਵਾਕ ਹੈ ਹੋਰ ਜਾਨਣ ਲਈ ਸ਼ੰਕਾ ਕਰੋ (Doubt to learn more)।" ਇਸ ਲਈ ਕਿਹਾ ਜਾ ਸਕਦਾ ਹੈ ਕਿ ਸੁਆਲ ਦਾ ਜਨਮ ਜਗਿਆਸਾ 'ਚੋਂ ਹੁੰਦਾ ਹੈ।

ਬੱਚਾ ਪਹਿਲਾਂ ਪਹਿਲਾਂ ਜੋ ਸੁਆਲ ਪੁੱਛਦਾ ਹੈ ਉਹ ਬਹੁਤ ਹੀ 'ਅਰਥਹੀਣ' ਜਾਪਦੇ ਹਨ। ਉਸਦੀ ਜਗਿਆਸਾ ਨੂੰ ਸ਼ਬਦ ਨਹੀਂ ਮਿਲਦੇ। ਵੱਡਿਆਂ ਨੇ ਉਸਦੇ ਸੁਆਲ 'ਚੋਂ ਉਸਦੀ ਜਗਿਆਸਾ ਨੂੰ ਸਮਝਣਾ ਹੁੰਦਾ ਹੈ। ਬੱਚਾ ਜਿਵੇਂ-ਜਿਵੇਂ ਵੱਡਾ ਹੁੰਦਾ ਹੈ, ਉਸਦੇ ਸੁਆਲ ਵੱਧ ਸਪਸ਼ਟ ਤੇ ਡੂੰਘੇ ਹੁੰਦੇ ਜਾਂਦੇ ਹਨ। ਬੱਚਿਆਂ ਦੇ ਮਾਹਰ ਕਹਿੰਦੇ ਹਨ ਕਿ ਬੱਚੇ ਦਾ ਵਿਕਾਸ ਜਾਨਣ ਲਈ ਉਸਦੇ ਗਿਆਨ ਨੂੰ ਨਹੀਂ ਉਸਦੇ ਸੁਆਲਾਂ ਨੂੰ ਸਮਝੋ। ਇਸੇ ਤਰ੍ਹਾਂ ਜਿਵੇਂ ਜਿਵੇਂ ਕੋਈ ਸੱਭਿਅਤਾ ਵਿਕਾਸ ਕਰਦੀ ਜਾਂਦੀ ਹੈ, ਉਸਦੇ ਸੁਆਲ ਵੱਧ ਸਾਰਥਕ ਹੁੰਦੇ ਜਾਂਦੇ ਹਨ।

ਕੁੱਝ ਖੇਤਰ ਸੁਆਲ ਰਹਿਤ ਹੁੰਦੇ ਹਨ। ਧਰਮ ਦਾ ਖੇਤਰ ਅਜਿਹਾ ਹੀ ਹੈ।ਉੱਥੇ ਸਿਰਫ ਕਥਾਕਾਰ ਹੁੰਦੇ ਹਨ ਤੇ ਸਿਰ ਹਿਲਾਉਂਦੀ, ਝੂਮਦੀ ਸੰਗਤ। ਸ਼ਰਧਾਲੂਆਂ ਲਈ ਆਪਣੇ ਆਪਣੇ ਗ੍ਰੰਥ ਤੇ ਸ਼ਾਸਤਰ ਸਭ ਤੋਂ ਮਹਾਨ ਹਨ। ਬਹੁਤਿਆਂ ਨੇ ਇਨ੍ਹਾਂ ਨੂੰ ਪੜ੍ਹਿਆ ਹੀ ਨਹੀਂ ਹੁੰਦਾ। ਜੇ ਪੜ੍ਹ ਲਿਆ ਤਾਂ ਵਿਚਾਰਿਆ ਨਹੀਂ ਹੁੰਦਾ। ਤਰਕਵਾਦੀ ਅਨੇਕਾਂ ਕਿਤਾਬਾਂ ਪੜ੍ਹਕੇ ਵੀ ਸ਼ੰਕਾ ਵਿੱਚ ਰਹਿੰਦੇ ਹਨ ਕਿ ਉਨ੍ਹਾ ਨੇ ਅਜੇ ਕਿੰਨਾ ਕੁੱਝ ਜਾਨਣਾ ਹੈ ਜਦਕਿ ਆਸਥਾਵਾਨ ਇੱਕ ਕਿਤਾਬ ਪੜ੍ਹਕੇ ਸਮਝਦੇ ਹਨ ਕਿ ਉਹ ਕਿੰਨਾ ਕੁੱਝ ਜਾਣਦੇ ਹਨ। ਵਿਗਿਆਨ ਸੁਆਲ ਦਰ ਸੁਆਲ ਕਰਦਿਆਂ ਹੀ ਵਿਕਸਤ ਹੁੰਦਾ ਹੈ।

ਗੱਲ ਬਹੁਤੀ ਪੁਰਾਣੀ ਨਹੀਂ।ਮੌਕਾ ਸੀ ਵਿਸ਼ਵ ਜੈਵਿਕ ਬਾਲਣ ਦਿਵਸ (World Biofuel day) ਦਾ। ਜਗ੍ਹਾ ਸੀ ਵਿਗਿਆਨ ਭਵਨ, ਨਵੀਂ ਦਿੱਲੀ। ਮੁੱਖ ਮਹਿਮਾਨ ਤੇ ਵਕਤਾ ਸੀ ਨਰਿੰਦਰ ਮੋਦੀ। ਵਿਗਿਆਨੀ, ਕਿਸਾਨ, ਵਿਦਿਆਰਥੀ ਤੇ ਹੋਰ ਪਤਵੰਤੇ ਹਾਜ਼ਰ ਸਨ। ਗੱਲ ਹੋਣੀ ਸੀ ਬਾਇਉਫਿਊਲ ਬਾਰੇ ਕੌਮੀ ਨੀਤੀ 'ਤੇ। ਪ੍ਰਧਾਨ ਮੰਤਰੀ ਨੇ ਕੀ ਕਿਹਾ ਸੁਣੋ, "ਇੱਕ ਬੰਦਾ ਚਾਹ ਦਾ ਠੇਲਾ ਲਾਉਂਦਾ ਸੀ। ਨੇੜੇ ਹੀ ਇਕ ਗੰਦਾ ਨਾਲਾ ਵਗਦਾ ਸੀ। ਇੱਕ ਦਿਨ ਉਸਨੇ ਨਾਲੇ ਉੱਪਰ ਇੱਕ ਬਰਤਨ ਮੂਧਾ ਮਾਰਕੇ ਉਸ ਉੱਪਰ ਇੱਕ ਛੇਕ ਕਰ ਦਿੱਤਾ। ਉਸ ਵਿੱਚੋਂ ਇੱਕ ਪਾਈਪ ਲਾ ਕੇ ਨਾਲੇ ਦੀ ਗੈਸ ਨਾਲ ਚਾਹ ਬਣਾਉਣੀ ਸ਼ੁਰੂ ਕਰ ਦਿੱਤੀ।" ਤੇ ਫਿਰ ਆਪਣੇ ਜਾਣੇ-ਪਛਾਣੇ ਅੰਦਾਜ਼ ਵਿੱਚ ਜਿਵੇਂ ਦੁਨੀਆਂ ਦੀ ਮਹਾਨ ਖੋਜ ਦੇ ਰਹੱਸ ਤੋਂ ਪਰਦਾ ਉਠਾ ਦਿੱਤਾ ਹੋਵੇ, ਕਿਹਾ, "ਸਿੰਪਲ ਟੈਕਨੋਲੌਜੀ।" ਇਸ ਤੋਂ ਪਹਿਲਾਂ ਕਿ ਕੋਈ ਸੁਆਲ ਉੱਠਦਾ ਹਾਲ ਨੇ ਤਾੜੀਆਂ ਮਾਰ ਦਿੱਤੀਆਂ।ਮੀਡੀਆ ਨੂੰ ਮਸਾਲਾ ਮਿਲ ਗਿਆ। ਪ੍ਰਾਈਮ ਟਾਈਮ ਵਿੱਚ ਗਟਰ ਦੀ ਗੈਸ ਤੇ 'ਸ਼ੋਰਦਾਰ' ਚਰਚਾ ਕੀਤੀ ਗਈ। ਭਾਰਤ ਨੇ ਇੱਕ ਨਵੀਂ ਬਾਲਣ ਗੈਸ ਤਿਆਰ ਕਰ ਲਈ ਸੀ - ਨਮੋ ਆਕਸਾਈਡ।

ਤਾਨਾਸ਼ਾਹੀ ਸੁਆਲ ਉੱਠਣ ਹੀ ਨਹੀਂ ਦੇਣਾ ਚਾਹੁੰਦੀ, ਜਦਕਿ ਪੂੰਜੀਵਾਦੀ ਲੋਕਤੰਤਰ ਸੁਆਲਾਂ ਨੂੰ ਵਿਸ਼ੇ ਤੋਂ ਭਟਕਾ ਦਿੰਦਾ ਹੈ। ਐਮਰਜੈਂਸੀ ਵੀ ਸੁਆਲ ਕਰਨ ਦੀ ਜੁਰੱਅਤ ਨੂੰ ਢਾਉਣ ਲਈ ਲਾਈ ਜਾਂਦੀ ਹੈ।

ਅਧਿਆਪਕ ਪਟਿਆਲੇ ਧਰਨੇ ਤੇ ਬੈਠੇ ਸਨ।ਫੇਸਬੁੱਕ ਤੇ ਇੱਕ ਦੋਸਤ ਨੇ ਇੱਕ ਸੁਆਲ ਪੁੱਛਿਆ ਕਿ ਕਿੰਨੇ ਅਧਿਆਪਕ ਹਨ ਜੋ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਪੜ੍ਹਾਉਂਦੇ ਹਨ। ਅਗਲੇ ਦਿਨ ਮੈਂ ਉਸਨੂੰ ਕਿਹਾ ਕਿ ਦੋਸਤ ਬਿਮਾਰੀ ਜੜ੍ਹਾਂ ਨੂੰ ਲੱਗੀ ਹੋਵੇ ਤਾਂ ਦਵਾਈ ਪੱਤਿਆਂ

*...ਬਾਕੀ ਪੰਨਾ 25 'ਤੇ*

# ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਦੇ ਵਿਗਿਆਨਕ ਚੇਤਨਾ ਲਈ ਕੀਤੇ ਕਾਰਜਾਂ ਨੂੰ ਸਲਾਮ ਕਰਦੇ ਮਾਣ-ਮੱਤੇ ਪਲ




27 ਜਨਵਰੀ 2019 : ਬਾਲ ਰੰਗ ਮੰਦਰ ਆਡੀਟੋਰੀਅਮ ਪੁਨੇ (ਮਹਾਂਰਾਸ਼ਟਰ) ਦੇ ਸਨਮਾਨ ਸਮਾਗਮ ਵਿੱਚ ਸੁਸਾਇਟੀ ਦੇ ਸੂਬਾਈ ਮੁਖੀ ਰਾਜਿੰਦਰ ਭਦੌੜ ਮਹਾਂਰਾਸ਼ਟਰ ਦੇ ਸਾਹਿਤਕਾਰਾਂ, ਕਲਾਕਾਰਾਂ, ਬੁੱਧੀਜੀਵੀਆਂ ਤੇ ਸਮਾਜਿਕ ਕਾਰਕੁੰਨਾਂ ਨਾਲ



ਪ੍ਰਸਿੱਧ ਅਗਾਂਹਵਧੂ ਫਿਲਮਕਾਰ ਹਸਤੀ ਅਮੋਲ ਪਾਲੇਕਰ ਤੋਂ ਡਾ. ਨਰਿੰਦਰ ਦਭੋਲਕਰ ਯਾਦਗਾਰੀ ਪੁਰਸਕਾਰ 2018 ਪ੍ਰਾਪਤ ਕਰਦੇ ਹੋਏ ਸੁਸਾਇਟੀ ਦੇ ਸੂਬਾਈ ਆਗੂ



ਉੱਘੇ ਵਿਗਿਆਨੀ, ਉਰਦੂ ਸ਼ਾਇਰ ਤੇ ਚਿੰਤਕ ਪ੍ਰੋ. ਗੌਹਰ ਰਜ਼ਾ ਦਾ ਸਨਮਾਨ ਕਰਦੇ ਹੋਏ ਸੁਸਾਇਟੀ ਦੇ ਸੂਬਾਈ ਆਗੂ

*ਭਾਵੇਂ ਦੂਰ ਅਜੇ ਸਵੇਰਾ, ਮੰਜ਼ਿਲ ਵਾਟ ਔਖੇਰੀ।*
*ਚਾਨਣ ਦੀ ਲੱਪ ਵੰਡਦੇ ਜਾਣਾ, ਭਰ ਪ੍ਰਵਾਜ਼ ਉਡੇਰੀ॥*

## ਕ੍ਰਿਸ਼ਨ ਬਰਗਾੜੀ ਯਾਦਗਾਰੀ ਸਮਾਗਮ 2019 : ਕੁੱਝ ਝਲਕਾਂ



'ਮੀਡੀਆਂ ਤੇ ਮੂਲਵਾਦ' ਵਿਸ਼ੇ 'ਤੇ ਚਰਚਾ ਕਰਦੇ ਹੋਏ ਸ਼ਬਨਮ ਹਾਸ਼ਮੀ ਤੇ ਪ੍ਰੋ. ਗੌਹਰ ਰਜ਼ਾ



ਸੈਮੀਨਾਰ ਹਾਲ ਵਿੱਚ ਹਾਜ਼ਰ ਰਾਜ ਭਰ ਤੋਂ ਆਏ ਤਰਕਸ਼ੀਲ ਮੈਂਬਰ ਤੇ ਸਨੇਹੀ



ਕ੍ਰਿਸ਼ਨ ਬਰਗਾੜੀ ਯਾਦਗਾਰੀ ਐਵਾਰਡ : ਲੈਕਚਰਾਰ ਬਲਵੰਤ ਸਿੰਘ (ਸੰਪਾਦਕ 'ਤਰਕਸ਼ੀਲ ਪਥ' ਤੇ ਸਾਬਕਾ ਪ੍ਰਧਾਨ ਤਰਕਸ਼ੀਲ ਸੁਸਾਇਟੀ ਹਰਿਆਣਾ) ਨੂੰ ਸੌਂਪਦੇ ਹੋਏ ਸਤਿਕਾਰਤ ਰਜਿੰਦਰ ਕੌਰ ਬਰਗਾੜੀ ਤੇ ਸੁਸਾਇਟੀ ਦੇ ਸੂਬਾਈ ਆਗੂ।

If undelivered please return to :

**Tarksheel**
Tarksheel Bhawan, Tarksheel Chowk,
Sanghera By Pass, BARNALA-148101
Post Box No. 55
Ph. 01679-241466, Cell. 98769 53561
Web : www.tarksheel.org
e-mail : tarkshiloffice@gmail.com

BOOK POST
(Printed Matter)

To ..............................................................

..............................................................

..............................................................